ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 28 | 17 July 2019 to 23 July 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



## ➢ ਅੰਦਰ ਪੜ੍ਹੋ



07

■ ਭਾਈਚਾਰਾ

ਪੰਜਾਬ ਦੀ ਤਬਾਹੀ ਰੋਕਣ ਲਈ ਸਾਂਝੇ ਯਤਨਾਂ ਦੀ ਲੋੜ : ਬਲਤੇਜ ਪਨੂੰ



09

■ ਖਾਸ ਖ਼ਬਰਾਂ

ਪੰਜਾਬ ਪੁਲੀਸ ਦੀ ਨਲਾਇਕੀ ਕਾਰਨ ਕਰਾਈਮ ਵਧਿਆ


11

■ ਨਜ਼ਰੀਆ

ਹਿੰਦੋਸਤਾਨੀ ਬਿਪਰਵਾਦੀਆਂ ਦਾ ਸਾਲਾਨਾ ਬਜਟ


20

■ ਕਹਾਣੀ

ਖੁਦਕੁਸ਼ੀ


# ਪੰਜਾਬ ਦਾ ਪਾਣੀ ਖੋਹਣ ਦੀ ਮੁੜ ਤਿਆਰੀ

**ਕੇਂਦਰ ਤੇ ਹਰਿਆਣਾ ਦੀ ਆਪਸੀ ਗੰਢਤੁੱਪ ਨਾਲ ਹੋ ਰਿਹਾ ਧੱਕਾ**

**ਅਮਰਿੰਦਰ ਸਰਕਾਰ ਪਾਣੀਆਂ ਦੇ ਕੇਸ ਦੀ ਪੈਰਵਾਈ ਕਰਨ 'ਚ ਨਾਕਾਮ**

- **ਹਰਿਆਣੇ ਦੀ ਧਮਕੀ ਕਿ ਪੰਜਾਬ ਨੂੰ ਸੁਪਰੀਮ ਕੋਰਟ ਦਾ ਫੈਸਲਾ ਲਾਗੂ ਕਰਨਾ ਪਏਗਾ**
- **ਸੁਪਰੀਮ ਕੋਰਟ ਰਾਇਪੇਰੀਅਨ ਕਾਨੂੰਨ ਅਨੁਸਾਰ ਫੈਸਲਾ ਕਰਨ ਤੋਂ ਅਸਮਰੱਥ**



**ਜਲੰਧਰ /ਵਿਸ਼ੇਸ਼ ਰਿਪੋਰਟ :** ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਮੌਜੂਦਾ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੀ ਠੁੱਸ ਹੋ ਗਈ ਜਾਪਦੀ ਹੈ। ਦਰਿਆਈ ਪਾਣੀਆਂ ਦੀ ਵੰਡ ਦਾ ਮਸਲਾ ਦਹਾਕਿਆਂ ਤੋਂ ਪੰਜਾਬ ਦੀ ਸਿਆਸਤ ਦਾ ਕੇਂਦਰੀ ਨੁਕਤਾ ਬਣਿਆ ਰਿਹਾ ਹੈ। ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ, ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਦਾ ਮੁੱਦਾ ਆਪਸ ਵਿਚ ਮਿਲ ਬੈਠ ਕੇ ਹੱਲ ਕਰਨ ਦੀ ਸਲਾਹ ਦੇਣ ਨਾਲ ਇਹ ਮੁੱਦਾ ਮੁੜ ਭਖ ਗਿਆ ਹੈ। ਹਾਲ ਹੀ 'ਚ ਸਤਲੁਜ ਯਮੁਨਾ ਲਿੰਕ ਨਹਿਰ ਮਾਮਲੇ 'ਤੇ ਪੰਜਾਬ ਤੇ ਹਰਿਆਣਾ ਦਰਮਿਆਨ ਜਾਰੀ ਵਿਵਾਦਾਂ 'ਤੇ ਦੋਵੇਂ ਸੂਬਿਆਂ ਦੇ ਮੁਖੀਆਂ ਨੇ ਮੁਲਾਕਾਤ ਕੀਤੀ। ਐਸਵਾਈਐਲ ਦੇ ਮਸਲੇ 'ਤੇ ਕੈਪਟਨ ਨੇ ਆਪਣਾ ਸਟੈਂਡ ਤਾਂ ਨਹੀਂ ਬਦਲਿਆ ਪਰ ਉਨ੍ਹਾਂ ਕਿਹਾ ਕਿ ਉਹ ਇਸ ਵਿਵਾਦ ਦਾ ਫੈਸਲਾ ਦੇਸ਼ ਹਿਤ ਵਿੱਚ ਚਾਹੁੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਕੋਲ ਪਹਿਲਾਂ ਹੀ ਪਾਣੀ ਦੀ ਕਮੀ ਹੈ। ਜੇਕਰ ਪੰਜਾਬ ਕੋਲ ਵਾਧੂ ਪਾਣੀ ਹੋਵੇ ਤਾਂ ਉਸ ਨੂੰ ਵੰਡਣ ਵਿੱਚ ਕੋਈ ਸਮੱਸਿਆ ਨਹੀਂ ਹੋਵੇਗੀ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਦੇ ਹੁਕਮਾਂ ਦੀ ਕਾਪੀ ਵੀ ਬੀਤੇ ਦਿਨੀਂ ਹੀ ਮਿਲੀ ਹੈ ਅਤੇ ਇਸ ਮਸਲੇ ਦਾ ਹੱਲ ਸਿਰਫ ਤੇ ਸਿਰਫ ਗੱਲਬਾਤ ਰਾਹੀਂ ਹੀ ਸੰਭਵ ਹੈ।

**ਬਾਕੀ ਸਫ਼ਾ 28 'ਤੇ**

## ਵਿਰੋਧੀ ਧਿਰਾਂ ਕੈਪਟਨ ਦੀ ਪਿੱਠ 'ਤੇ

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਹਰਿਆਣਾ ਨੂੰ ਸਲਾਹ ਦਿੱਤੀ ਹੈ ਕਿ ਉਹ ਐਸਵਾਈਐਲ ਨਹਿਰ ਦਾ ਖ਼ਿਆਲ ਛੱਡ ਕੇ ਯਮੁਨਾ-ਸ਼ਾਰਦਾ ਲਿੰਕ ਬਾਰੇ ਸੋਚਣਾ ਸ਼ੁਰੂ ਕਰੇ, ਕਿਉਂਕਿ ਐਸਵਾਈਐਲ ਨਾ ਪਹਿਲਾਂ ਸੰਭਵ ਸੀ ਤੇ ਨਾ ਹੀ ਭਵਿੱਖ ਵਿੱਚ ਮੁਮਕਿਨ ਹੈ। ਇਸ ਦੇ ਨਾਲ ਹੀ ਪੰਜਾਬ ਏਕਤਾ ਪਾਰਟੀ ਦੇ ਲੀਡਰ ਸੁਖਪਾਲ ਖਹਿਰਾ ਦਾ ਕਹਿਣਾ ਹੈ ਕਿ ਪੰਜਾਬ ਕੋਲ ਇੱਕ ਬੂੰਦ ਪਾਣੀ ਵੀ ਕਿਸੇ ਹੋਰ ਨੂੰ ਦੇਣ ਲਈ ਨਹੀਂ ਤਾਂ ਐਸਵਾਈਐਲ ਨਹਿਰ ਬਣਾਉਣ ਦਾ ਸਵਾਲ ਹੀ ਨਹੀਂ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਪੰਜਾਬ ਸਰਕਾਰ ਦੇ ਸਟੈਂਡ ਦੀ ਹਮਾਇਤ ਕਰਦਿਆਂ ਕਿਹਾ ਹੈ ਕਿ ਪੰਜਾਬ ਕੋਲ ਪਾਣੀ ਹੈ ਹੀ ਨਹੀਂ। ਇਸ ਲਈ ਹੋਰ ਸੂਬੇ ਨੂੰ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

**ਬਾਕੀ ਸਫ਼ਾ 28 'ਤੇ**

## ਸੰਸਦ ਮੈਂਬਰਾਂ 'ਤੇ ਨਸਲੀ ਟਿੱਪਣੀ ਕਰ ਕੇ ਕਸੂਤੇ ਘਿਰੇ ਟਰੰਪ

**ਵਾਸ਼ਿੰਗਟਨ/ਏਟੀ ਨਿਊਜ਼ :** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਡੈਮੋਕ੍ਰੇਟਿਕ ਮਹਿਲਾ ਸੰਸਦ ਮੈਂਬਰਾਂ 'ਤੇ ਕੀਤੀ ਨਸਲੀ ਟਿੱਪਣੀ ਨੂੰ ਲੈ ਕੇ ਨਿਸ਼ਾਨੇ 'ਤੇ ਆ ਗਏ ਹਨ।



ਅਮਰੀਕੀ ਸੰਸਦਾਂ ਨੇ ਰਾਸ਼ਟਰਪਤੀ ਟਰੰਪ ਦੀ ਨਸਲੀ ਟਿੱਪਣੀ ਖਿਲਾਫ ਨਿੰਦਾ ਮਤਾ ਪਾਸ ਕੀਤਾ ਹੈ। ਇਸ ਦੇ ਪੱਖ 'ਚ 235 ਡੈਮੋਕ੍ਰੇਟਿਕ ਸੰਸਦ ਮੈਂਬਰਾਂ ਤੋਂ ਇਲਾਵਾ ਚਾਰ ਰਿਪਬਲੀਕਨ ਤੇ ਇੱਕ ਆਜ਼ਾਦ ਸੰਸਦ ਮੈਂਬਰ ਨੇ ਵੀ ਵੋਟ ਕੀਤਾ। ਪ੍ਰਤੀਨਿਧੀ ਸਭਾ 'ਚ ਡੈਮੋਕ੍ਰੇਟਿਕ ਪਾਰਟੀ ਬਹੁਮਤ

**ਬਾਕੀ ਸਫ਼ਾ 28 'ਤੇ**

# ਪੰਜਾਬ 'ਚ ਜ਼ਿਮਨੀ ਚੋਣਾਂ ਲਈ ਅੰਦਰਖਾਤੇ ਤਿਆਰੀਆਂ

**ਜਲੰਧਰ/ਏਟੀ ਨਿਊਜ਼ :** ਪੰਜਾਬ ਦੀਆਂ ਖ਼ਾਲੀ ਐਲਾਨੀਆਂ ਗਈਆਂ ਦੋ ਸੀਟਾਂ ਫਗਵਾੜਾ ਤੇ ਜਲਾਲਬਾਦ ਲਈ ਜ਼ਿਮਨੀ ਚੋਣ ਸਤੰਬਰ ਦੇ ਸ਼ੁਰੂ ਜਾਂ ਫਿਰ ਅਕਤੂਬਰ 'ਚ ਹਰਿਆਣਾ ਸਮੇਤ ਚਾਰ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਨਾਲ ਹੋਣੀ ਨਿਸ਼ਚਿਤ ਹੈ। ਫਗਵਾੜਾ ਤੇ ਜਲਾਲਾਬਾਦ ਵਿਧਾਨ ਸਭਾ ਸੀਟ ਲਈ ਰਾਜਸੀ ਪਾਰਟੀਆਂ ਦੇ ਆਗੂਆਂ ਵਿਚਕਾਰ ਉਮੀਦਵਾਰ ਬਣਨ ਲਈ ਜ਼ੋਰ ਅਜ਼ਮਾਈ ਸ਼ੁਰੂ ਹੋ ਗਈ ਹੈ। ਆਮ ਆਦਮੀ ਪਾਰਟੀ ਦੇ ਚਾਰ ਵਿਧਾਇਕ ਅਸਤੀਫ਼ੇ ਦੇ ਚੁੱਕੇ ਹਨ ਤੇ ਇਕ ਵਿਧਾਇਕ ਮਾਸਟਰ ਬਲਦੇਵ ਸਿੰਘ ਵਿਰੁੱਧ ਦਲ ਬਦਲੀ ਕਾਨੂੰਨ ਹੇਠ ਕਾਰਵਾਈ ਲਈ ਪਟੀਸ਼ਨ ਦਾਇਰ ਹੈ ਪਰ ਸਪੀਕਰ ਵਲੋਂ ਕਈ ਮਹੀਨੇ ਲੰਘ ਜਾਣ ਬਾਅਦ ਵੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਪਤਾ ਲੱਗਾ ਹੈ ਕਿ 'ਆਪ' ਦੇ ਕਾਂਗਰਸ ਵਿਚ ਜਾ ਰਲੇ ਵਿਧਾਇਕ ਸ. ਨਾਜ਼ਰ ਸਿੰਘ ਮਾਨਸ਼ਾਹੀਆ ਦੇ ਹਲਕਾ ਮਾਨਸਾ ਵਿਚ ਸਰਕਾਰੀ ਕੰਮਕਾਜ 'ਚ ਤੇਜ਼ੀ ਲਿਆਉਣ ਦੇ ਜ਼ੁਬਾਨੀ ਹੁਕਮ ਮੁੱਖ ਮੰਤਰੀ ਦਫ਼ਤਰ ਵਲੋਂ ਕੀਤੇ ਜਾ ਚੁੱਕੇ ਹਨ ਤੇ ਇਹ ਚਰਚਾ ਹੈ ਕਿ ਮਾਨਸ਼ਾਹੀਆ ਦਾ ਅਸਤੀਫ਼ਾ ਪ੍ਰਵਾਨ ਕਰਕੇ ਇਸ ਹਲਕੇ ਤੋਂ ਕੈਪਟਨ ਪਰਿਵਾਰ ਦਾ ਕੋਈ ਮੈਂਬਰ ਕਾਂਗਰਸ ਦਾ ਉਮੀਦਵਾਰ ਬਣ ਸਕਦਾ ਹੈ। ਬਾਕੀ ਵਿਧਾਇਕਾਂ ਦੇ ਅਸਤੀਫਿਆਂ ਬਾਰੇ ਫੈਸਲੇ ਸਬੰਧੀ ਹਾਲੇ ਚੁੱਪ ਹੀ ਸਾਧੀ ਹੋਈ ਹੈ। ਲੋਕ ਸਭਾ ਮੈਂਬਰ ਬਣਨ ਬਾਅਦ ਸ. ਸੁਖਬੀਰ ਸਿੰਘ ਬਾਦਲ ਵਲੋਂ ਜਲਾਲਾਬਾਦ ਹਲਕੇ ਦਾ ਤਿੰਨ ਦਿਨਾ ਦੌਰਾ ਕਰਨ ਬਾਅਦ ਇਥੇ ਜ਼ਿਮਨੀ ਚੋਣ ਲਈ ਮਾਹੌਲ ਭਖਦਾ ਜਾ ਰਿਹਾ ਹੈ।

**ਬਾਕੀ ਸਫ਼ਾ 28 'ਤੇ**

## ਲਾਹੌਰ 'ਚ 31 ਅਗਸਤ ਨੂੰ ਹੋਵੇਗੀ ਕੌਮਾਂਤਰੀ ਸਿੱਖ ਕਨਵੈਨਸ਼ਨ

**ਲਾਹੌਰ/ਏਟੀ ਨਿਊਜ਼ :** ਲਹਿੰਦੇ ਪੰਜਾਬ ਦੇ ਰਾਜਪਾਲ ਚੌਧਰੀ ਮੁਹੰਮਦ ਸਰਵਰ ਦੀ ਪ੍ਰਧਾਨਗੀ ਵਾਲੀ ਧਾਰਮਿਕ ਸੈਰ-ਸਪਾਟਾ ਅਤੇ ਹੈਰੀਟੇਜ ਕਮੇਟੀ ਨੇ 31 ਅਗਸਤ ਨੂੰ ਲਾਹੌਰ ਦੇ ਗਵਰਨਰ ਹਾਊਸ 'ਚ 'ਕੌਮਾਂਤਰੀ ਸਿੱਖ ਕਨਵੈਂਨਸ਼ਨ' ਕਰਵਾਏ ਜਾਣ ਦਾ ਐਲਾਨ ਕੀਤਾ ਹੈ, ਜਿਸ 'ਚ ਅਮਰੀਕਾ, ਯੂਕੇ., ਕੈਨੇਡਾ ਅਤੇ ਭਾਰਤ ਦੇ ਸਿੱਖ ਚਿੰਤਕ, ਲੇਖਕ ਤੇ ਵਿਦਵਾਨ ਹਿੱਸਾ ਲੈਣਗੇ। ਗਵਰਨਰ ਸਰਵਰ ਦੁਆਰਾ ਗਵਰਨਰ ਹਾਊਸ ਵਿਖੇ ਉਕਤ ਕਮੇਟੀ ਦੀ ਬੈਠਕ 'ਚ ਇਹ ਐਲਾਨ ਕਰਦਿਆਂ ਸੰਘੀ ਗ੍ਰਹਿ ਮੰਤਰੀ ਬ੍ਰਿਗੇਡੀਅਰ (ਸੇਵਾ-ਮੁਕਤ) ਇਜਾਜ਼ ਸ਼ਾਹ ਨੂੰ ਧਾਰਮਿਕ ਸੈਰ-ਸਪਾਟਾ

**ਬਾਕੀ ਸਫ਼ਾ 28 'ਤੇ**













# ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਅਪੀਲ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ, ਜੋ ਆਉਣ ਵਾਲੇ ਦਿਨਾਂ ਵਿਚ ਹੋਣ ਜਾ ਰਹੀਆਂ ਹਨ, ਉਸ ਲਈ ਆਪ ਜੀ ਦੀ ਵੋਟ ਬਣਨੀ ਅਤੇ ਵੋਟ ਪਾਉਣੀ ਬਹੁਤ ਜ਼ਰੂਰੀ ਹੈ। ਅਗਰ ਆਪ ਜੀ ਦੇ ਪਰਿਵਾਰ ਵਿਚ ਕਿਸੇ ਮੈਂਬਰ ਦੀ ਹਾਲੇ ਤੱਕ ਵੋਟ ਨਹੀਂ ਬਣੀ, ਤਾਂ ਜ਼ਰੂਰ ਬਣਾਉ ਜੀ। ਜੇਕਰ ਆਪ ਜੀ ਦੇ ਪਰਿਵਾਰ ਦਾ ਮੈਂਬਰ, ਰਿਸ਼ਤੇਦਾਰ, ਦੋਸਤ-ਮਿੱਤਰ ਜਾਂ ਕੋਈ ਹੋਰ ਸਾਕ-ਸੰਬੰਧੀ, ਸੈਂਟਾ ਕਲਾਰਾ, ਸੈਨ ਮੈਟੀਉ, ਸੈਂਟਾ ਕਰੂਜ਼, ਮੋਨਟਰੇਅ, ਸੈਨ ਬਨੀਤੋ ਅਤੇ ਕਾਂਟਰਾ ਕੋਸਟਾ ਕਾਊਂਟੀਆਂ ਵਿਚ ਰਹਿੰਦਾ ਹੈ, ਤਾਂ ਉਸ ਦੀ ਵੋਟ ਵੀ ਜ਼ਰੂਰ ਬਣਾਉ ਜੀ। ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗੇ ਜੀ।



ਡਾ. ਤਰਲੋਚਨ ਸਿੰਘ ਨਾਹਲ | ਬਲਬੀਰ ਸਿੰਘ ਢਿੱਲੋਂ | ਜਸਪਾਲ ਸੈਣੀ | ਭੁਪਿੰਦਰ ਸਿੰਘ ਚੀਮਾ | ਬਲਵਿੰਦਰ ਸਿੰਘ ਲੰਗੜੋਆ | ਹਰਪ੍ਰੀਤ ਸਿੰਘ | ਹਰਪ੍ਰੀਤ ਸਿੰਘ ਗਿੱਲ | ਓਂਕਾਰ ਸਿੰਘ ਨਾਹਲ | ਭਾਈ ਗੁਰਮੇਲ ਸਿੰਘ ਖਾਲਸ | ਨੀਟੂ ਸਿੰਘ ਕਾਹਲੋਂ | ਹਰਬਖਸ਼ ਸਿੰਘ ਰਾਊਕੇ



ਸਰਬਜੋਤ ਸਿੰਘ ਸਵੱਦੀ | ਉਪਜਿੰਦਰ ਸਿੰਘ | ਪ੍ਰੀਤ ਸਿੰਘ ਰੰਧਾਵਾ | ਜਗਜੀਤ ਸਿੰਘ ਮੰਡ | ਬਲਕਾਰ ਸਿੰਘ | ਵਿਕਰਮ ਸਿੰਘ | ਕਸ਼ਮੀਰ ਸਿੰਘ ਸੀਵੀਆ | ਸੁਖਵਿੰਦਰ ਸਿੰਘ ਮਾਨ | ਇੰਦਰਜੀਤ ਸਿੰਘ ਬਿੰਦ | ਜਰਨੈਲ ਸਿੰਘ ਰਾਜਾ | ਮਨਪ੍ਰੀਤ ਸਿੰਘ ਬਦੇਸ਼ਾ



ਸੁਰਿੰਦਰ ਸਿੰਘ ਮਾਹਲ | ਹਰਦੁੰਮਣ ਸਿੰਘ ਬਿੱਲਾ ਸੰਘੇੜਾ | ਸੁਖਵਿੰਦਰ ਸਿੰਘ ਗਰੇਵਾਲ | ਇਕਬਾਲ ਸਿੰਘ ਮਾਨ | ਮਹਿੰਦਰ ਸਿੰਘ ਮਾਨ | ਤਰਸੇਮ ਸਿੰਘ ਅਟਵਾਲ | ਪ੍ਰਿਤਪਾਲ ਸਿੰਘ ਗਿਰਨ | ਬੱਗਾ ਸਿੰਘ ਰੰਧਾਵਾ | ਅਵਤਾਰ ਸਿੰਘ ਖੇਲਾ | ਜਗਜੀਤ ਸਿੰਘ ਕੰਗ | ਗੁਰਿੰਦਰ ਸਿੰਘ ਢਿੱਲੋਂ



ਜੋਗਿੰਦਰ ਸਿੰਘ ਮਾਨ | ਰਣਜੀਤ ਸਿੰਘ ਅਖਾੜਾ | ਜਸਵੰਤ ਸਿੰਘ ਹੋਠੀ | ਜਰਨੈਲ ਸਿੰਘ ਰਾਏ | ਸ਼ਿਵਰਾਜ ਸਿੰਘ ਸੰਧੂ | ਸਤਪਾਲ ਸਿੰਘ ਸਿੱਧੂ | ਗੁਰਦੇਵ ਸਿੰਘ ਕਲਸੀ | ਹਰਪਾਲ ਸਿੰਘ ਚਾਹਲ | ਗੁਰਦੇਵ ਸਿੰਘ ਬੰਗਾ | ਕਮਲਜੀਤ ਸਿੰਘ ਚੀਮਾ | ਹਰਕੇਵਲ ਸਿੰਘ ਸੰਧੂ



ਸੰਦੀਪ ਸਿੰਘ ਸੰਧੂ | ਜੰਗ ਸਿੰਘ ਬਦੇਸ਼ਾ | ਪਰਮਜੀਤ ਸਿੰਘ ਗਿਰਨ | ਜੈਸੀ ਸਿੰਘ | ਅਵਤਾਰ ਸਿੰਘ ਗਿਰਨ | ਸੁਖਦੀਪ ਸਿੰਘ ਵੜੈਚ | ਹਰਦਿਆਲ ਸਿੰਘ ਗਰੇਵਾਲ | ਭੁਪਿੰਦਰ ਸਿੰਘ ਗਿੱਲ | ਅਮਰਜੀਤ ਸਿੰਘ ਦਿਉਲ | ਹਰਜਿੰਦਰ ਸਿੰਘ ਸੈਣੀ | ਬਘੇਲ ਸਿੰਘ ਜੱਸਵਾਲ | ਕੈਪਟਨ ਦਰਸ਼ਨ ਸਿੰਘ



ਗੁਰਮੀਰ ਸਿੰਘ ਸੈਣੀ | ਗੁਰਸੇਵਕ ਸਿੰਘ ਭੰਗੂ | ਗੁਰਜੀਤ ਸਿੰਘ ਗਿੱਲ | ਗੁਰਮੀਤ ਸਿੰਘ ਸਿੱਧੂ | ਜੇ.ਪੀ. ਸਿੰਘ | ਬਲਜੀਤ ਸਿੰਘ | ਰਣਜੀਤ ਸਿੰਘ ਨਾਗਰਾ | ਸੰਦੀਪ ਸਿੰਘ ਸੰਧੂ | ਇੰਦਰਜੀਤ ਸਿੰਘ | ਪਰਮਿੰਦਰ ਸਿੰਘ ਸਹੋਤਾ | ਰਵਿੰਦਰ ਸਿੰਘ ਮਿਨਹਾਸ | ਸੁਖਵਿੰਦਰ ਸਿੰਘ ਸੰਧੂ

Designed By Punjab Mail USA

ਵੱਲੋਂ

## ਸਾਧ ਸੰਗਤ ਸਲੇਟ

408-449-1639

# ਸਰਦਾਰਨੀ ਪਰਮਜੀਤ ਕੌਰ ਦਾ ਅਕਾਲ ਚਲਾਣਾ

## *ਸਸਕਾਰ ਅਤੇ ਅੰਤਿਮ ਅਰਦਾਸ 20 ਜੁਲਾਈ 2019 ਨੂੰ*

**ਫਰੀਮੌਂਟ/ਏਟੀ ਨਿਊਜ਼ :** ਲੰਘੀ 12 ਜੁਲਾਈ ਨੂੰ ਅਕਾਲ ਚਲਾਣਾ ਕਰ ਗਏ ਸਰਦਾਰਨੀ ਪਰਮਜੀਤ ਕੌਰ ਸੁਪਤਨੀ ਸਵ. ਗੁਰਮੁਖ ਸਿੰਘ ਦਾ ਅੰਤਿਮ ਸੰਸਕਾਰ 20 ਜੁਲਾਈ, ਨੂੰ ਹੇਵਰਡ ਵਿਖੇ ਕੀਤਾ ਜਾਵੇਗਾ। ਇਸ ਬਾਰੇ ਪਰਿਵਾਰ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਿਕ ਮਾਤਾ ਜੀ ਦਾ ਅੰਤਿਮ ਸੰਸਕਾਰ 20 ਜੁਲਾਈ, ਦਿਨ ਸ਼ਨਿਚਰਵਾਰ ਨੂੰ, ਬਾਅਦ ਦੁਪਹਿਰ 02:00 ਵਜੇ ਤੋਂ 04:00 ਵਜੇ ਤਕ CHAPEL OF THE CHIMES 32992 MISSION BLVD, HAYWARD, ਵਿਖੇ ਹੋਵੇਗਾ। ਇਸ ਤੋਂ ਬਾਅਦ ਅੰਤਿਮ ਅਰਦਾਸ ਅਤੇ ਗੁਰੂ ਕਾ ਲੰਗਰ, 300 GURDWARA RD, FREEMONT ਵਿਖੇ ਬਾਅਦ ਦੁਪਹਿਰ ਹੀ 04:30 ਤੋਂ 05:30 ਵਜੇ ਤਕ ਹੋਵੇਗਾ। ਪਰਿਵਾਰ ਵੱਲੋਂ ਰਵਿੰਦਰ ਸਿੰਘ (ਸਪੁੱਤਰ), ਅਨੂਪ ਕੌਰ ਤੇ ਮਨਿੰਦਰ ਕੌਰ (ਧੀਆਂ), ਗੁਰਪਰੀਤ ਕੌਰ (ਨੂੰਹ), ਹਰਜੀਤ ਸਿੰਘ ਤੇ ਗੁਰਮੀਤ ਸਿੰਘ (ਜਵਾਈ) ਵੱਲੋਂ ਸਮੂਹ ਰਿਸ਼ਤੇਦਾਰਾਂ, ਸਨੇਹੀਆਂ ਅਤੇ ਜਾਣਕਾਰਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਉਕਤ ਪ੍ਰੋਗਰਾਮ ਤਹਿਤ ਸਮੇਂ ਸਿਰ ਪਹੁੰਚ ਕੇ ਮਾਤਾ ਪਰਮਜੀਤ ਕੌਰ ਨੂੰ ਅੰਤਿਮ ਵਿਦਾਇਗੀ ਤੇ ਸ਼ਰਧਾਂਜਲੀ ਦੇ ਸਕਦੇ ਹਨ।



Funeral
of Sardarni Parmjit Kaur
(w/o Late S. Gurmukh Singh)
Chapel of the Chimes
32992 Mission Blvd, Hayward
*Sat July 20th 2-4pm*

Ardas and Langar
300 Gurdwara Rd, Fremont
*Sat July 20th 4:30-5:30pm*



Sardarni Parmjit Kaur
(May 22nd 1930—July 12th 2019)

*Grieving family:*
Son: Ravinder Singh
Daughter: Anoop Kaur
Daughter: Maninder Kaur
Daughter in law: Gurpreet Kaur
Son in Law: Harjit Singh
Son in Law: Gurmeet Singh


**Legal Document Preparation**



- Wills & Trusts ਵਸੀਅਤਾਂ
- Divorce ਤਲਾਕ
- Power of Attorney ਮੁਖਤਿਆਰਨਾਮਾ
- Affidavits ਐਫੀਡੇਵਿਟ
- Grant Deeds ਗਰਾਂਟ ਡੀਡਜ਼
- Notary ਨੋਟਰੀ

Not an Attorney

**Call Sarvinder**
**510-648-5554**

dolly@worryfreelegaldocs.com
www.worryfreelegaldocs.com

35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County



**BERKSHIRE HATHAWAY** Home Services
Elite Real Estate



Gurdip Kaur
M.A. B.Ed.

Cell : 916-695-0035 Office : 916-681-5112
realtorgurdip@gmail.com • www.bhhser.com
ਘਰ ਖ਼ਰੀਦਣ-ਵੇਚਣ ਲਈ ਅਤੇ ਆਪਣੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ
**PLEASE CALL GURDIP KAUR**
**916-695-0035**
Cal BRE# 02032641 **7412 Elsie Ave. Sacramento 95828**
*A member of the franchise system of BHH Affiliates. LLC*



**GLOBAL ALLIANZ**
**LAW FIRM LLP**
US IMMIGRATION MADE EASY



ਕਾਨੂੰਨੀ ਸੇਵਾਵਾਂ

- ਫੈਮਲੀ ਇੰਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ

Atul Kapoor
CEO



Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188
INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# ਉਘੇ ਸਾਇੰਸਦਾਨ ਤੇ ਇੰਜੀਨੀਅਰ ਸ. ਬੂੜ ਸਿੰਘ ਬੱਲ ਨਹੀਂ ਰਹੇ

**ਸੈਕਰਾਮੈਂਟੋ/ਏਟੀ ਨਿਊਜ਼ :** ਪੰਜਾਹ ਦੇ ਦਹਾਕੇ ਵਿਚ ਅਮਰੀਕਾ ਦੀ ਧਰਤੀ ਤੇ ਵੱਸਣ ਵਾਲੇ ਸ. ਬੂੜ ਸਿੰਘ ਬੱਲ 8 ਜੁਲਾਈ 2019 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਇਥੇ ਉਹ ਆਪਣੇ ਸਪੁੱਤਰ ਸ. ਜਸਦੀਪ ਸਿੰਘ ਬੱਲ ਅਤੇ ਨੂੰਹ ਡਾ. ਹਰਸਿਮਰਤ ਕੌਰ ਬੱਲ ਕੋਲ ਰਹਿੰਦੇ ਸਨ। ਸ. ਬੂੜ ਸਿੰਘ ਬੱਲ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਪੀਏਯੂ ਦੇ ਸਾਬਕਾ ਕੋਆਰਡੀਨੇਟਰ ਰਿਸਰਚ ਇੰਜੀਨੀਅਰ ਡਾ. ਚਰਨਜੀਤ ਸਿੰਘ ਪਨੂੰ ਨੇ ਸ. ਬੂੜ ਸਿੰਘ ਬੱਲ ਦੀ ਮੌਤ ਬਾਰੇ ਸ਼ੋਕ ਪ੍ਰਗਟ ਕਰਦਿਆਂ ਦੱਸਿਆ ਕਿ ਸ. ਬੱਲ ਦਾ ਜਨਮ 12 ਅਗਸਤ 1930 ਨੂੰ ਪਿੰਡ ਝਲਾੜੀ ਨੇੜੇ ਬਾਬਾ ਬਕਾਲਾ ਵਿੱਚ ਹੋਇਆ ਸੀ। ਉਹਨਾਂ ਦੇ ਦੋ ਵੱਡੇ ਭੈਣ ਅਤੇ ਭਰਾ ਸਨ। ਉਨਾਂ ਮੁਢਲੀ ਸਿੱਖਿਆ ਆਪਣੇ ਪਿੰਡ 'ਚ ਹੀ ਹਾਸਲ ਕੀਤੀ । ਪੜਾਈ ਵਿੱਚ ਹੁਸ਼ਿਆਰ ਹੋਣ ਕਰਕੇ ਉਹਨਾਂ ਨੂੰ ਚੌਥੀ ਜਮਾਤ ਵਿੱਚ ਹੀ ਚਾਰ ਰੁਪਈਏ ਮਹੀਨਾ ਵਜੀਫ਼ਾ ਮਿਲਣ ਲੱਗ ਪਿਆ ਸੀ। ਪਿੰਡ ਦੇ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਘੱਟ ਹੋਣ ਕਰਕੇ ਸਕੂਲ ਬੰਦ ਹੋਣ ਕਿਨਾਰੇ ਅਪੱੜ ਗਿਆ। ਇਸ ਕਰਕੇ ਉਹਨਾਂ ਨੂੰ ਪੰਜ ਕਿਲੋਮੀਟਰ ਦੂਰ ਤੁਰ ਕੇ ਨਾਲ ਦੇ ਪਿੰਡ ਦੇ ਸਕੂਲ ਜਾਣਾ ਪਿਆ। ਮਿਡਲ ਸਕੂਲ ਤਕ ਦੀ ਪੜਾਈ ਉਹਨਾਂ ਨੇ ਬਤਾਲਾ ਤੋਂ ਪੂਰੀ ਕੀਤੀ ਅਤੇ ਹਾਈ ਸਕੂਲ ਬਾਬਾ ਬਕਾਲਾ ਤੋਂ ਪਾਸ ਕੀਤਾ। ਨੌਵੀਂ ਜਮਾਤ ਵਿੱਚ ਉਹਨਾਂ ਨੂੰ 35 ਰੁਪਈਏ ਮਹੀਨਾ ਵਜੀਫ਼ਾ ਮਿਲਣ ਲੱਗਾ। ਉਹ 15 ਰੁਪਈਏ ਮਹੀਨਾ ਖਰਚ ਕਰਦੇ ਅਤੇ 20 ਰੁਪਈਏ ਮਹੀਨੇ ਦੇ ਬਚਾ ਲੈਂਦੇ ਤਾਂ ਕਿ ਸਰਦੀਆਂ ਵਿੱਚ ਠੰਡ ਤੋਂ ਬਚਣ ਵਾਸਤੇ ਸਕੂਲ ਵਿੱਚ ਹੀ ਰਹਿ ਸਕਣ। ਉਹਨਾਂ ਨੇ ਸੰਨ 1953 ਵਿਚ ਖਾਲਸਾ ਕਾਲਜ ਅਮ੍ਰਿਤਸਰ ਤੋਂ ਬੀਐਸਸੀ ਐਗਰੀਕਲਚਰ ਕੀਤੀ। ਸਿੱਖਿਆ ਵਿਭਾਗ ਪੰਜਾਬ ਵਿੱਚ ਉਹਨਾਂ ਨੇ ਬਤੌਰ ਅਧਿਆਪਕ ਦੀ ਨੌਕਰੀ ਸ਼ੁਰੂ ਕੀਤੀ। ਉਹਨਾਂ ਦੀ ਪੜਾਈ ਅਤੇ ਹੁਨਰ ਵੇਖ ਕੇ ਉਹਨਾਂ ਦੇ ਪਿੰਡ ਦੇ ਸ. ਟਹਿਲ ਸਿੰਘ ਨੇ ਸ. ਬੂੜ ਸਿੰਘ ਬੱਲ ਨੂੰ ਅਮਰੀਕਾ ਆਉਣ ਲਈ ਰਾਹ ਦੱਸਿਆ। ਪਿਤਾ ਸ. ਭੋਲਾ ਸਿੰਘ ਅਤੇ ਮਾਤਾ ਬੇਅੰਤ ਕੌਰ ਨੇ ਜ਼ਮੀਣ ਗਹਿਣੇ ਧਰ ਕੇ ਹੋਣਹਾਰ ਪੁੱਤਰ ਵਾਸਤੇ ਜਹਾਜ਼ ਦੀ ਟਿਕਟ ਦਾ ਇੰਤਜ਼ਾਮ ਕੀਤਾ। ਅੰਮ੍ਰਿਤਸਰ ਤੋਂ ਰੇਲ ਰਾਹੀਂ ਦਿੱਲੀ ਫੇਰ ਕਲਕੱਤਾ ਅਤੇ ਜਿਵੇਂ-ਕਿਵੇਂ ਬੂੜ ਸਿੰਘ ਬੱਲ



ਹਾਂਗਕਾਂਗ ਪਹੁੰਚਿਆ। ਇਥੋਂ 19 ਦਿਨ ਬਾਅਦ 25 ਅਕਤੂਬਰ 1954 ਨੂੰ ਹੋਨੋਲੁਲੁ ਅਤੇ ਉਸ ਤੋਂ 3 ਦਿਨ ਬਾਅਦ ਸੈਨ ਫਰਾਂਸਿਸਕੋ ਅੱਪੜਿਆ। ਇਥੇ ਯੂਸੀ ਡੇਵਸ ਵਾਲਿਆਂ ਕਹਿ ਦਿੱਤਾ ਕਿ ਤੁਸੀਂ ਲੇਟ ਹੋ ਅਗਲੇ ਸਾਲ ਦੇਖਾਂਗੇ। ਇਸ ਦੌਰਾਨ ਖੇਤਾਂ ਵਿੱਚ ਕਰੜੀ ਮਿਹਨਤ ਕਰਨੀ ਪਈ। ਅਖੀਰ ਦਾਖਲਾ ਫੋਰੈਸਟਰੀ ਵਿਚ ਮਿਲਿਆ ਪਰ ਫੀਸ ਦੀ ਦਿੱਕਤ ਕਰਕੇ ਇਹ ਵੀ ਬਦਲਣਾ ਪਿਆ । ਸਿਰ ਸੁੱਟ ਕੇ ਮਿਹਨਤ ਕਰਕੇ ਸ. ਬੂੜ ਸਿੰਘ ਨੇ ਸੰਨ 1956 ਵਿੱਚ ਐਮਐਸਸੀ ਫ਼ਸਲ ਵਿਗਿਆਨ ਪੂਰੀ ਕੀਤੀ। ਇਸ ਵਕਤ ਅਮਰੀਕਾ 'ਚ ਸਟੇਅ ਵਾਸਤੇ ਸਟੂਡੈਂਟ ਵਾਲਾ ਸਟੇਟਸ ਬਰਕਰਾਰ ਰੱਖਣਾ ਜ਼ਰੂਰੀ ਸੀ। ਇਹਨਾਂ ਦੇ ਪ੍ਰੋਫ਼ੈਸਰ ਨੇ ਬੂੜ ਸਿੰਘ ਵਿਚੋਂ ਮੈਥ ਦਾ ਹੁਨਰ ਪਛਾਣਿਆ ਅਤੇ ਯੂਸੀ ਬਰਕਲੇ ਤੋਂ ਇੰਜੀਨੀਅਰਿੰਗ ਕਰਨ ਦੀ ਸਲਾਹ ਦਿੱਤੀ ਅਤੇ ਰੈਫਰੈਂਸ ਲੈਟਰ ਵੀ ਲਿਖ ਕੇ ਦਿੱਤੇ । ਇਸ ਤਰਾਂ ਇਹਨਾਂ ਨੇ ਇਲੈਕਟਰੀਕਲ ਇੰਜੀਨੀਅਰਿੰਗ ਦੀ ਡਿਗਰੀ ਯੂਸੀ ਬਰਕਲੇ ਤੋਂ ਸੰਨ 1958 ਵਿੱਚ ਹਾਸਿਲ ਕੀਤੀ। ਪੜਾਈ ਪੂਰੀ ਕਰਕੇ ਉਹਨਾਂ ਨੇ ਪੀਜੀਐਨਈ.ਵਿੱਚ ਨੌਕਰੀ ਚਾਲੂ ਕਰ ਲਈ। ਉਨਾਂ ਕੈਲੀਫੋਰਨੀਆ ਦੇ ਸੈਕਰਾਮੈਂਟੋ, ਬਰਕਲੇ, ਔਕਲੈਂਡ, ਸੈਨਹੋਜੇ ਆਦਿ ਸ਼ਹਿਰਾਂ ਵਿੱਚ ਪੀਜੀਐਨਈ.ਦੇ ਕਈ ਪ੍ਰੋਜੈਕਟ ਨੇਪਰੇ ਚਾੜੇ। ਇਕ ਸੱਚੇ-ਸੁੱਚੇ ਸਿੱਖ ਹੋਣ ਕਰਕੇ ਇਕ ਸਮੇਂ ਆਪਣਾ ਸਿੱਖੀ ਸਰੂਪ ਬਚਾਉਣ ਵਾਸਤੇ ਨੌਕਰੀ ਵੀ ਛੱਡਣੀ ਪਈ ਪਰ ਸਿੱਖੀ ਸਰੂਪ ਨਹੀਂ ਛੱਡਿਆ । ਇਸ ਸਮੇਂ ਦੌਰਾਨ ਉਹਨਾਂ ਦੇ ਬਹੁਤ ਸਾਰੇ ਦੋਸਤ-ਮਿੱਤਰ ਬਣੇ। ਸ. ਬੂੜ ਸਿੰਘ ਬੱਲ ਯਾਰਾਂ ਦੇ ਯਾਰ ਸਨ ਅਤੇ ਹਰੇਕ ਲੋੜਵੰਦ ਦੀ ਮਦਦ ਕਰਨ ਲਈ ਹਮੇਸ਼ਾ ਤਿਆਰ ਰਹਿਣ ਵਾਲੇ ਇਨਸਾਨ ਸਨ। ਸੰਨ 1965 ਵਿੱਚ ਉਹਨਾਂ ਦਾ ਵਿਆਹ ਉਹਨਾਂ ਦੇ ਯੂਸੀ ਬਰਕਲੇ ਪੀਅਚਡੀ ਕਰਦੇ ਦੋਸਤ ਡਾ. ਗੁਰਮੁੱਖ ਸਿੰਘ ਗਿੱਲ ਦੀ ਛੋਟੀ ਭੈਣ ਸੁਖਬੀਰ ਕੌਰ ਨਾਲ ਹੋਇਆ ਜੋ ਕਿ ਪਿੱਛੇ ਭਾਰਤ ਵਿਚ ਅਧਿਆਪਕ ਸਨ। ਸ. ਬੂੜ ਸਿੰਘ ਬੱਲ ਨੇ ਕੈਲੀਫੋਰਨੀਆ, ਲੂਈਸੀਆਨਾ, ਵਾਸ਼ਿੰਗਟਨ ਆਦਿ ਸਟੇਟਾਂ ਦੇ ਕਈ ਇੰਜੀਨੀਅਰਿੰਗ ਪ੍ਰੋਜੈਕਟ ਸਿਰੇ ਚੜਾਏ । ਉਹ ਆਪਣੀ 88 ਸਾਲ ਦੀ ਉਮਰ ਪੂਰੀ ਕਰਕੇ ਪਿਛੇ ਆਪਣਾ ਹਸਦਾ-ਵਸਦਾ ਪਰਿਵਾਰ ਜਿਸ ਵਿੱਚ ਉਹਨਾਂ ਦੀ ਪਤਨੀ, ਸਪੁੱਤਰ, ਨੂੰਹ, ਧੀ, ਜਵਾਈ, ਪੋਤਰੀ, ਪੋਤਰਾ, ਦੋਹਤਰੇ, ਦੋਹਤਰੀ ਹਨ, ਛੱਡ ਗਏ । ਸ. ਬੂੜ ਸਿੰਘ ਬੱਲ ਦਾ ਅੰਤਿਮ ਸੰਸਕਾਰ ਮਿਤੀ 13 ਜੁਲਾਈ 2019 ਦਿਨ ਸ਼ਨਿਚਰਵਾਰ ਨੂੰ ਨੌਰਥ ਸੈਕਰਾਮੈਂਟੋ ਫਿਊਨਰਲ ਹੋਮ, ਇੰਕ-725 ਐਲ ਕਮੀਨੋ ਐਵਨਿਊ, ਸੈਕਰਾਮੈਂਟੋ ਵਿਖੇ ਕੀਤਾ ਗਿਆ ਹੈ। ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ 510-332-8000 ਅਤੇ 510-525-5269 ( ਸ. ਜਸਦੀਪ ਬੱਲ) ਦੇ ਫੋਨ ਨੰ. ਤੇ ਸੰਪਰਕ ਕੀਤਾ ਜਾ ਸਕਦਾ ਹੈ।

*ਨਕੋਦਰ ਗੋਲੀਬਾਰੀ ਕਾਂਡ*

# ਪੰਜਾਬ ਹਾਈਕੋਰਟ ਵੱਲੋਂ ਜਸਟਿਸ ਗੁਰਨਾਮ ਸਿੰਘ ਜਾਂਚ ਰਿਪੋਰਟ ਇਕ ਹਫਤੇ 'ਚ ਪਟੀਸ਼ਨਰ ਨੂੰ ਸੌਂਪਣ ਦੇ ਹੁਕਮ



**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਮੁੱਖ ਸਕੱਤਰ ਨੂੰ ਹਦਾਇਤ ਕੀਤੀ ਹੈ ਕਿ ਉਹ ਸੰਨ 1986 ਦੇ ਘਿਨਾਉਣੇ ਨਕੋਦਰ ਗੋਲੀਬਾਰੀ ਕੇਸ ਵਿਚ ਚਾਰ ਸਿੱਖ ਨੌਜਵਾਨਾਂ ਦੇ ਕਤਲ ਸਬੰਧੀ ਜਸਟਿਸ ਗੁਰਨਾਮ ਸਿੰਘ ਦੀ ਜਾਂਚ ਰਿਪੋਰਟ ਦਾ ਭਾਗ-2 ਪਟੀਸ਼ਨਰ ਨੂੰ ਇੱਕ ਹਫਤੇ ਦੇ ਵਿੱਚ ਮੁਹੱਈਆ ਕਰਵਾਏ। ਗੌਰਤਲਬ ਹੈ ਕਿ ਸਾਕਾ ਨਕੋਦਰ ਬੇਅਦਬੀ ਕਾਂਡ ਦੀਆਂ ਘਟਨਾਵਾਂਦੇ ਮਾਮਲੇ 'ਚ ਹਾਈਕੋਰਟ ਨੇ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਦਾ ਭਾਗ-2 ਪੇਸ਼ ਕਰਨ ਦੀ ਹਦਾਇਤ ਪਟੀਸ਼ਨਰ ਨੂੰ ਕੀਤੀ ਸੀ ਪਰ ਪਟੀਸ਼ਨਰ ਵਲੋਂ ਕਿਹਾ ਗਿਆ ਕਿ ਰਿਪੋਰਟ ਦਾ ਹਿੱਸਾ ਪੰਜਾਬ ਸਰਕਾਰ ਵਲੋਂ ਮੁਹੱਈਆ ਨਹੀਂ ਕਰਵਾਇਆ ਜਾ ਰਿਹਾ। ਇਸ 'ਤੇ ਹਾਈਕੋਰਟ ਨੇ ਕਿਹਾ ਹੈ ਕਿ ਸਰਕਾਰ ਇਸ ਮਾਮਲੇ 'ਚ ਗੰਭੀਰਤਾ ਨਹੀਂ ਵਿਖਾ ਰਹੀ ਅਤੇ ਨਾਲ ਹੀ ਮੁੱਖ ਸਕੱਤਰ ਨੂੰ ਹਦਾਇਤ ਕੀਤੀ ਕਿ ਉਹ ਰਿਪੋਰਟ ਦਾ ਸਬੰਧਿਤ ਭਾਗ ਪਟੀਸ਼ਨਰ ਨੂੰ ਇੱਕ ਹਫਤੇ ਦੇ ਵਿੱਚ ਮੁਹੱਈਆ ਕਰਵਾਏ। ਪਹਿਲਾਂ ਹਾਈਕੋਰਟ ਨੇ ਕਿਹਾ ਸੀ ਕਿ ਇਸ ਮਾਮਲੇ 'ਚ ਸਰਕਾਰ ਵਲੋਂ ਕੀਤੇ ਉਪਰਾਲਿਆਂ ਬਾਰੇ ਜਾਣਨਾ ਜ਼ਰੂਰੀ ਹੈ। ਪਟੀਸ਼ਨਰ ਦੇ ਵਕੀਲ ਹਰੀ ਚੰਦ ਨੇ ਬੈਂਚ ਨੂੰ ਕਿਹਾ ਸੀ ਕਿ ਉਨ੍ਹਾਂ ਨੇ ਸਰਕਾਰ ਕੋਲੋਂ ਰਿਪੋਰਟ ਮੰਗੀ ਹੋਈ ਹੈ ਤੇ ਰਿਪੋਰਟ ਮਿਲਣ 'ਤੇ ਹਾਈਕੋਰਟ ਵਿਚ ਪੇਸ਼ ਕੀਤੀ ਜਾ ਸਕੇਗੀ । ਮਾਨਯੋਗ ਜੱਜ ਸਾਹਿਬ ਮਹਾਬੀਰ ਸਿੰਘ ਸਿੰਧੂ ਨੇ ਕੇਸ ਦੀ ਅਗਲੀ ਤਾਰੀਖ 22 ਜੁਲਾਈ ਸੋਮਵਾਰ ਨਿਸ਼ਚਤ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ 33 ਸਾਲ ਪਹਿਲਾਂ, ਚਾਰ ਸਿੱਖ ਨੌਜਵਾਨ ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਗੜ੍ਹ, ਝਿਲਮਣ ਸਿੰਘ ਗੋਰਸੀਆਂ ਅਤੇ ਹਰਮਿੰਦਰ ਸਿੰਘ ਚਲੂਪਰ ਨੂੰ 4 ਫਰਵਰੀ,1986 ਨੂੰ ਨਕੋਦਰ ਵਿਖੇ ਬਿਨਾ ਕਿਸੇ ਭੜਕਾਹਟ ਦੇ ਪੁਲਿਸ ਗੋਲੀਬਾਰੀ ਵਿੱਚ ਸ਼ਹੀਦ ਕਰ ਦਿੱਤਾ ਗਿਆ ਸੀ, ਜਦੋਂ ਸੰਗਤ ਸਿੱਖ ਵਿਰੋਧੀ ਅਨਸਰਾਂ ਵਲੋਂ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਗਨ ਭੇਟ ਕੀਤੇ ਸਰੂਪਾਂ ਦੀ ਸੰਭਾਲ ਲਈ ਗੁਰਦਵਾਰਾ ਸਾਹਿਬ ਵੱਲ ਜਾ ਰਹੀ ਸੀ ।

## ਜਰਨੈਲ ਸਿੰਘ ਦੀਆਂ ਕਲਾ-ਕਿਰਤਾਂ ਦੀ ਨੁਮਾਇਸ਼ 21 ਜੁਲਾਈ ਨੂੰ

**ਫਰੀਮੌਂਟ/ਏਟੀ ਨਿਊਜ਼ :** ਸਿੱਖ ਇਤਿਹਾਸ ਅਤੇ ਪੰਜਾਬੀ ਸਭਿਆਚਾਰ ਦੇ ਚਿਤੇਰੇ ਉੱਘੇ ਚਿੱਤਰਕਾਰ ਜਰਨੈਲ ਸਿੰਘ ਦੀਆਂ ਕਲਾ ਕਿਰਤਾਂ ਦੀ ਇੱਕ ਰੋਜ਼ਾ ਨੁਮਾਇਸ਼ 21 ਜੁਲਾਈ 2019, ਐਤਵਾਰ ਨੂੰ ਸਵੇਰੇ 10:00 ਵਜੇ ਤੋਂ 3:00 ਵਜੇ ਤੱਕ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਲਗਾਈ ਜਾਵੇਗੀ। ਹੋਰ ਜਾਣਕਾਰੀ ਲਈ ਪ੍ਰੋ. ਬਲਵਿੰਦਰ ਸਿੰਘ ਲਾਲੀ ਧਨੋਆ ਨਾਲ ਫੋਨ ਨੰਬਰ (510) 224-7380 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।


# WHITE HAWK TRUCKING INC

## Need Drivers & Owner Operators

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

510 774 4191 (Kuljit Singh)

209 242 9569 (Dispatched)

209 564 8899 (Davinder Singh)

209 345 6968 (Ranthir Singh)

**2101 MARTIN LUTHER KING JR WAY STOCKTON, CA 95205**

# ਝੂਠ ਦਾ ਕਾਫ਼ਲਾ ਸਚਾਈ ਤੇ ਇਮਾਨਦਾਰੀ ਦੀ ਕਿਰਦਾਰਕੁਸ਼ੀ ਨਹੀਂ ਕਰ ਸਕਦਾ : ਸਿੱਖ ਪੰਚਾਇਤ

## ਅ-ਖਾਲਸਾ ਧੜੇ ਨੂੰ ਖੁੱਲ੍ਹੀ ਬਹਿਸ ਦਾ ਸੱਦਾ

**ਫਰੀਮੌਂਟ :** ਪਿਛਲੇ ਕੁਝ ਮਹੀਨਿਆਂ ਤੋਂ ਗੁਰਦੁਆਰਾ ਸਾਹਿਬ ਫਰੀਮੌਂਟ ਦੇ ਪ੍ਰਬੰਧ ਨੂੰ ਲੈ ਕੇ ਖਿੱਚੋਤਾਣ ਚੱਲ ਰਹੀ ਹੈ। ਖਾਲਸਾ ਧੜੇ ਵੱਲੋਂ ਸੰਗਤਾਂ ਵਿਚ ਝੂਠਾ ਤੇ ਗੁਮਰਾਹਕੁੰਨ ਪ੍ਰਚਾਰ ਕਰਕੇ ਭਲੇਮਾਣਸ ਤੇ ਇਮਾਨਦਾਰ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤਾਂ ਕਿ ਭਵਿੱਖ ਵਿਚ ਕੋਈ ਵੀ ਮਿਹਨਤੀ ਤੇ ਇਮਾਨਦਾਰ ਵਿਅਕਤੀ ਪ੍ਰਬੰਧ ਵਿੱਚ ਨਾ ਆ ਸਕੇ ਜਾਂ ਉਹ ਆਪਣੀ ਬੇਇਜ਼ਤੀ ਤੋਂ ਡਰਦਾ ਅਸਤੀਫ਼ਾ ਦੇ ਕੇ ਪਾਸੇ ਹੋ ਜਾਏ ਅਤੇ ਇਨ੍ਹਾਂ ਦੀਆਂ ਮਨਮਾਨੀਆਂ ਚੱਲ ਸਕਣ।

ਭਾਈ ਹਰਿੰਦਰਪਾਲ ਸਿੰਘ (ਐਚਪੀ. ਸਿੰਘ) ਅਤੇ ਭਾਈ ਭੁਪਿੰਦਰ ਸਿੰਘ ਪਰਮਾਰ ਵਰਗੇ ਮਿਹਨਤੀ ਤੇ ਇਮਾਨਦਾਰ ਵਿਅਕਤੀਆਂ ਤੇ ਉਂਗਲਾਂ ਚੁੱਕਣ ਵਾਲਿਓ ਤੁਹਾਡੇ ਨਿਸ਼ਕਾਮ ਸੇਵਕਾਂ ਦੇ ਕਾਰਨਾਮਿਆਂ ਤੋਂ ਸੰਗਤ ਭਲੀਭਾਂਤ ਜਾਣੂ ਹੈ। ਇਹੀ ਭਾਈ ਪਰਮਾਰ ਤੋਂ ਲੋੜ ਸਮੇਂ ਤੁਹਾਡੇ ਆਕਾ ਮਾਇਕ ਮਦਦ ਲੈਂਦੇ ਰਹੇ ਹਨ ਅਤੇ ਉਸ ਦੇ ਭੁਗਤਾਨ ਦੀ ਕਹਾਣੀ ਜੱਗ ਜਾਹਿਰ ਹੈ। ਰੇਡੀਉ ਮਿਰਚੀ ਦੇ ਗੁਰਸ਼ਰਨ ਸਿੰਘ ਥਿੰਦ, ਜਿਹੜੇ ਪਤਾ ਨਹੀਂ ਕਿਉਂ ਐਸਪੀ ਸਿੰਘ ਦੇ ਨਾਮ ਨਾਲ ਜਾਣੇ ਹਨ, ਦਾ ਮੂੰਹ ਹੀ ਰੇਡੀਉ ਤੇ ਅਖਬਾਰ ਚਲਾਉਣ ਲਈ ਗੁਰੂ ਦੀ ਗੋਲਕ ਵੱਲ ਹੈ। ਲੋਹੜਾ ਇਸ ਗੱਲ ਦਾ ਹੈ ਕਿ ਥਾਂ-ਥਾਂ ਮੰਗਣ ਵਾਲੇ ਲੋਕ ਦੂਜਿਆਂ 'ਤੇ ਹਿਸਾਬ-ਕਿਤਾਬ ਨੂੰ ਲੈ ਕੇ ਕਿੰਤੂ ਕਰ ਰਹੇ ਹਨ। ਜੇ ਸਿੱਖ ਪੰਚਾਇਤ 30,000 ਡਾਲਰ ਗੁਰੂ ਕੀ ਗੋਲਕ ਵਿਚੋਂ ਪਹਿਲਾਂ ਪੰਜਾਬ ਰੇਡੀਓ ਹੁਣ ਮਿਰਚੀ ਰੇਡੀਓ ਦੇ ਐਸਪੀ. ਸਿੰਘ ਨੂੰ ਦੇ ਦਿੰਦੇ ਤਾਂ ਸਿੱਖ ਪੰਚਾਇਤ ਅਤੇ ਭਾਈ ਹਰਿੰਦਰਪਾਲ ਸਿੰਘ ਵਰਗਾ ਇਮਾਨਦਾਰ ਕੋਈ ਨਹੀਂ ਸੀ ਹੋਣਾ।

ਬਿਲਡਿੰਗ ਬਾਰੇ ਵੀ ਇਹ ਪੂਰੀ ਬੇਈਮਾਨੀ ਨਾਲ ਸੁਆਲ ਖੜ੍ਹੇ ਕਰ ਰਹੇ ਹਨ। ਕੋਈ ਦਲੀਲ ਦੇਣ ਦੀ ਬਜਾਏ 'ਕਿਆਸ ਹੈ, ਅਨੁਮਾਨ ਹੈ, ਚਰਚਾ ਹੈ' ਵਰਗੇ ਸ਼ਬਦ ਵਰਤ ਕੇ ਸੰਗਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਸੰਗਤ ਨੂੰ ਆਪ ਹੀ ਦੱਸ ਦੇਣ ਕਿ ਉਸਾਰੀ ਕਦੋਂ ਸ਼ੁਰੂ ਹੋਈ, ਕਿਹੜਾ ਸੁਪਰੀਮ ਕੌਂਸਲ ਮੈਂਬਰ ਇੰਚਾਰਜ ਸੀ। ਉਸ ਨੇ ਕਿੱਥੇ ਕਿੱਥੇ ਆਪਣੀ ਮਨਮਰਜ਼ੀ ਨਾਲ ਡਰਾਇੰਗਾਂ ਬਦਲੀਆਂ, ਕਿਹੜੇ ਵੱਧ ਖਰਚੇ ਕਰਾਏ, ਗੁਰੂਘਰ ਦੀ ਗੋਲਕ ਦੀ ਦੁਰਵਰਤੋਂ ਕਿਸ ਨੇ ਕੀਤੀ, ਆਉਣ ਵਾਲੇ ਦਿਨਾਂ ਵਿੱਚ ਸਬੂਤਾਂ ਸਹਿਤ ਸੰਗਤ ਨੂੰ ਦਸਿਆ ਜਾਵੇਗਾ। ਇਸੇ ਹਰਜੀਤ ਸਿੰਘ ਨੇ ਹੀ ਪਿਛਲੇ ਸਾਲ ਪਾਲਕੀ ਦੇ ਰੰਗ ਦਾ ਮੁੱਦਾ ਲਿਆਂਦਾ ਸੀ ਜਿਸ ਕਾਰਨ ਦਰਬਾਰ ਹਾਲ ਵਿੱਚ ਖਾਲਸਾ ਗਰੁੱਪ ਦੇ ਦਰਸ਼ਨ ਸੰਧੂ ਨੇ ਕਮੇਟੀ ਮੈਂਬਰ ਭਾਈ ਕੰਵਲਜੀਤ ਸਿੰਘ ਦਾ ਸਿਰ ਪਾੜ ਦਿੱਤਾ ਸੀ।

ਇਨ੍ਹਾਂ ਨੇ ਸਟੇਜ 'ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ ਤੇ ਇਸ ਸਾਲ ਜਨਰਲ ਬਾਡੀ ਕਰਨ ਦੀ ਵੀ ਇਨ੍ਹਾਂ ਨੇ ਆਗਿਆ ਨਹੀਂ ਦਿੱਤੀ ਜਿਸ ਵਿੱਚ ਸੰਗਤ ਸਾਹਮਣੇ ਸਾਰੇ ਸਾਲ ਦਾ ਹਿਸਾਬ-ਕਿਤਾਬ ਰੱਖਿਆ ਜਾਂਦਾ ਹੈ। ਇਨ੍ਹਾਂ ਤੋਂ ਸੁਪਰੀਮ ਕੌਂਸਲ ਮੈਂਬਰ ਤੇ ਖ਼ਜ਼ਾਨਚੀ ਹੋਣ ਦੀ ਹੈਸੀਅਤ ਵਿੱਚ ਭਾਈ ਐਚਪੀ ਸਿੰਘ ਨੇ ਟਾਈਮ ਮੰਗਿਆ ਪਰ ਇਨ੍ਹਾਂ ਨੇ ਨਾਂਹ ਕਰ ਦਿੱਤੀ। ਆਓ ਸੰਗਤ ਦੀ ਕਚਹਿਰੀ ਵਿਚ ਖੁੱਲੀ ਬਹਿਸ ਕਰ ਲਈਏ। ਭਾਈ ਐਚਪੀ ਸਿੰਘ ਇੱਕ-ਇੱਕ ਪਾਈ ਦਾ ਹਿਸਾਬ ਦੇਣਗੇ ਤੇ ਦੱਸਣਗੇ ਕਿ ਜਿਹੜੇ ਸੁਪਰੀਮ ਕੌਂਸਲ ਮੈਂਬਰ ਇਹ ਦਮਗਜ਼ੇ ਮਾਰਦੇ ਹਨ ਕਿ ਗੋਲਕ ਦੀ ਦੁਰਵਰਤੋਂ ਨਹੀਂ ਹੋਣ ਦਿਆਂਗੇ, ਉਨ੍ਹਾਂ ਵਲੋਂ ਖ਼ਾਲਸਾ ਸਕੂਲ ਦੀ ਉਸਾਰੀ ਵਿਚ ਪਾਇਆ ਗਿਆ ਯੋਗਦਾਨ ਅਤੇ ਸਮੇਂ-ਸਮੇਂ 'ਤੇ ਆਪਣੇ ਹਿਤੈਸ਼ੀਆਂ ਨੂੰ ਖੁਸ਼ ਕਰਨ ਲਈ ਗੁਰੂ ਦੀ ਗੋਲਕ ਵਿਚੋਂ ਕਿਵੇਂ ਵੱਧ ਮਾਇਆ ਦੇਣ ਲਈ ਪ੍ਰਬੰਧਕਾਂ 'ਤੇ ਜ਼ੋਰ ਪਾਇਆ ਜਾਂਦਾ ਰਿਹਾ, ਦਾ ਖੁਲਾਸਾ ਵੀ ਕਰਨਗੇ।

ਸਿੱਖ ਪੰਚਾਇਤ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਨੂੰ ਪੁਛਣਾ ਚਾਹੁੰਦੀ ਹੈ ਕਿ ਉਨ੍ਹਾਂ ਨੇ ਸੁਪਰੀਮ ਕੌਂਸਲ ਦਾ ਇਕ ਮਤਾ ਝੂਠ ਦੇ ਕਾਫ਼ਲੇ ਵਿਚ ਛਾਪ ਕੇ ਦੁੱਧ ਧੋਤੇ ਹੋਣ ਦਾ ਸਬੂਤ ਦਿੱਤਾ ਪਰ ਪਿਛਲੇ ਸਾਲ ਆਪਣੇ ਇਕ ਚਹੇਤੇ ਨੂੰ ਭੇਜੀ ਗਈ ਸਪਾਂਸਰਸ਼ਿਪ ਦਾ ਮਤਾ ਵਾਰ-ਵਾਰ ਲਿਖਤੀ ਮੰਗਣ 'ਤੇ ਵੀ ਅੱਜ ਤੱਕ ਦੇਣ ਦਾ ਯਤਨ ਨਹੀਂ ਕੀਤਾ। ਕੀ ਇਹ ਦੱਸਣਗੇ ਕਿ ਸਿੱਖ ਪੰਚਾਇਤ ਵਲੋਂ ਕਿਸੇ ਨੂੰ ਸਪਾਂਸਰਸ਼ਿਪ ਭੇਜਣਾ ਜਾਂ ਗਰੀਨ ਕਾਰਡ ਅਪਲਾਈ ਕਰਨ ਦੀ ਮਨਾਹੀ ਸੀ, ਤਾਂ ਇਹ ਕਿਉਂ ਕੀਤੇ ਗਏ ?

ਸਿੱਖ ਪੰਚਾਇਤ ਅਜਿਹੇ ਪਰਚੇ ਜਾਂ ਉਸ ਦੇ ਮਾਲਿਕ ਵੱਲੋਂ ਉਠਾਏ ਗਏ ਸੁਆਲਾਂ ਦਾ ਕੋਈ ਦੁਆਬ ਦੇਣ ਦੀ ਜ਼ਰੂਰਤ ਨਹੀਂ ਸਮਝਦੀ ਸੀ ਪਰ ਫੇਰ ਵੀ ਅਸੀਂ ਆਪਣਾ ਇਖਲਾਕੀ ਫਰਜ਼ ਸਮਝਦੇ ਹੋਏ ਸੰਗਤ ਨੂੰ ਦੱਸਣਾ ਚਾਹੁੰਦੇ ਹਾਂ ਕਿ ਭਾਈ ਐਚਪੀ ਸਿੰਘ ਤੇ ਭਾਈ ਭੁਪਿੰਦਰ ਸਿੰਘ ਪਰਮਾਰ ਨੇ ਗੁਰਦੁਆਰਾ ਸਾਹਿਬ 'ਚ ਅਣਥੱਕ ਤੇ ਨਿਰਸਵਾਰਥ ਹੋ ਕੇ ਸੇਵਾ ਕੀਤੀ ਹੈ ਤੇ ਇਨ੍ਹਾਂ ਦੇ ਕੰਮ ਤੇ ਕਿੰਤੂ ਕਰਨਾ ਸੰਗਤ ਨੂੰ ਗੁੰਮਰਾਹ ਕਰਨਾ ਹੈ ਜਿਹੜਾ ਕਿ ਖਾਲਸਾ ਧੜੇ ਦਾ ਹਮੇਸ਼ਾ ਮੁੱਖ ਮਕਸਦ ਰਿਹਾ ਹੈ। ਸਿੱਖ ਪੰਚਾਇਤ ਇਨ੍ਹਾਂ ਦੀ ਸੇਵਾ ਦੀ ਸਿਰਫ ਸ਼ਲਾਘਾ ਹੀ ਨਹੀਂ ਕਰਦੀ ਸਗੋਂ ਖਾਲਸਾ ਧੜੇ ਨੂੰ ਚੈਲੰਜ ਵੀ ਕਰਦੀ ਹੈ ਕਿ ਇਨ੍ਹਾਂ ਨੂੰ ਸੰਗਤ ਦੀ ਹਾਜ਼ਰੀ ਵਿੱਚ ਜੋ ਮਰਜ਼ੀ ਸੁਆਲ ਕਰੋ, ਇਹ ਉਨ੍ਹਾਂ ਦਾ ਜੁਆਬ ਦੇਣ ਨੂੰ ਤਿਆਰ ਹਨ ਪਰ ਨਾਲ ਖਾਲਸਾ ਧੜਾ ਆਪ ਜੁਆਬ ਦੇਣ ਨੂੰ ਵੀ ਤਿਆਰ ਹੋ ਜਾਵੇ।ਸਿੱਖ ਪੰਚਾਇਤ ਦੀ ਸੰਗਤ ਨੂੰ ਬੇਨਤੀ ਹੈ ਕਿ ਅਸੀਂ ਤੁਹਾਨੂੰ ਭਰੋਸਾ ਦੁਆਉਂਦੇ ਹਾਂ ਕਿ ਭਾਈ ਐਚਪੀ ਸਿੰਘ ਤੇ ਭਾਈ ਭੁਪਿੰਦਰ ਸਿੰਘ ਪਰਮਾਰ ਸੱਚੇ ਸੁੱਚੇ ਇਨਸਾਨ ਹਨ ਤੇ ਇਨ੍ਹਾਂ ਵਲੋਂ ਗੁਰਦੁਆਰਾ ਸਾਹਿਬ ਦੇ ਖਾਤਿਆਂ ਦੀ ਸੇਵਾ ਵਿੱਚ ਕੋਈ ਗਲਤੀ ਨਹੀਂ ਕੱਢੀ ਜਾ ਸਕਦੀ।ਖਾਲਸਾ ਗਰੁੱਪ ਨੂੰ ਗੋਲਕ ਦੀ ਦੁਰਵਰਤੋਂ ਕਰਨੋ ਇਨ੍ਹਾਂ ਨੇ ਰੋਕਿਆ ਹੈ ਜਿਸ ਕਾਰਨ ਉਹ ਇਨ੍ਹਾਂ ਦੇ ਵਿਰੋਧੀ ਬਣੇ ਬੈਠੇ ਹਨ। ਸਾਡੀ ਸੰਗਤ ਨੂੰ ਪੁਰ-ਜ਼ੋਰ ਅਪੀਲ ਹੈ ਕਿ ਜਦੋਂ ਖਾਲਸਾ ਧੜਾ ਕੋਈ ਗੱਲ ਕਰੇ ਤਾਂ ਇਨ੍ਹਾਂ ਦਾ ਪਿਛਲੇ 30 ਸਾਲ ਦਾ ਪੰਥਕ ਕੰਮਾਂ ਦਾ ਜੀਵਨ ਦੇਖੋ ਜਿਹੜਾ ਕਿ ਚਿੱਟੀ ਸਲੇਟ ਵਾਂਗ ਖਾਲ਼ੀ ਪਿਆ ਹੈ। ਇਨ੍ਹਾਂ ਦੀ ਪੰਥ ਨੂੰ ਕੋਈ ਦੇਣ ਨਹੀਂ ਪਰ ਗੁਰੂ ਦੀ ਗੋਲਕ ਅਤੇ ਪ੍ਰਧਾਨਗੀਆਂ ਤੇ ਕਬਜ਼ਾ ਕਰਨ ਲਈ ਗੈਰ-ਸਿਧਾਂਤਕ ਹੱਥਕੰਡੇ ਵਰਤਦੇ ਰਹਿੰਦੇ ਹਨ, ਉਸ ਤੋਂ ਸੁਚੇਤ ਰਹਿਣ ਦੀ ਲੋੜ ਹੈ।

**ਵੱਲੋਂ : ਸਿੱਖ ਪੰਚਾਇਤ**

## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਵੱਲੋਂ ਸ਼ਹੀਦ ਭਾਈ ਮਨੀ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ



**ਨਿਊਯਾਰਕ/ਰਾਜ ਗੋਗਨਾ :**
ਟਰਾਈ ਸਟੇਟ ਦੇ ਕੇਂਦਰੀ ਸਥਾਨ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਿਖੇ ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਿੱਖ ਜਥੇਬੰਦੀਆਂ ਦੇ ਸਾਂਝੇ ਸਹਿਯੋਗ ਨਾਲ ਬੜੇ ਪਿਆਰ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਵਿਚ ਕੌਮ ਦੇ ਮਹਾਨ ਕੀਰਤਨੀਏ, ਕਥਾ ਵਾਚਕ ਅਤੇ ਢਾਡੀ ਜਥਿਆਂ ਨੇ ਹਾਜ਼ਰੀ ਲਗਵਾਈ। ਸੰਤ ਬਾਬਾ ਗੁਰਿੰਦਰ ਸਿੰਘ ਜੀ ਮਾਂਡੀ ਹਰਿਆਣੇ ਵਾਲਿਆਂ ਨੇ ਵੀ ਉਚੇਚੇ ਤੌਰ 'ਤੇ ਗੁਰੂ ਘਰ ਪਹੁੰਚ ਕੇ ਸ਼ਹੀਦਾਂ ਨੂੰ ਨਮਸਕਾਰ ਕਰਦਿਆਂ ਦੀਵਾਨਾਂ 'ਚ ਹਾਜ਼ਰੀ ਭਰੀ।

ਇਸ ਮੌਕੇ ਭਾਈ ਬਲਾਕਾ ਸਿੰਘ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਬਾਬਾ ਜੀ ਦਾ ਗੁਰੂ ਘਰ ਆਉਣ 'ਤੇ ਧੰਨਵਾਦ ਕੀਤਾ। ਗੁਰੂ ਘਰ ਦੀ ਕਮੇਟੀ ਵੱਲੋਂ ਬਾਬਾ ਗੁਰਿੰਦਰ ਸਿੰਘ ਜੀ ਮਾਂਡੀ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ। ਟਰਾਈ ਸਟੇਟ ਦੇ ਸਮੂਹ ਗੁਰਦੁਆਰਾ ਸਾਹਿਬ ਈਸਟ ਕੋਸਟ ਦੇ ਕੋਆਰਡੀਨੇਟਰ ਸ ਹਿੰਮਤ ਸਿੰਘ ਤੇ ਗੁਰੂ ਰਾਮਦਾਸ ਵੈਲਫੇਅਰ ਸੁਸਾਇਟੀ ਨਿਊਯਾਰਕ ਦੇ ਪ੍ਰਧਾਨ ਸ. ਬੂਟਾ ਸਿੰਘ ਨੇ ਵੀ ਮਹਾਂਪੁਰਸ਼ਾਂ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ 'ਤੇ ਤਖਤ ਸ੍ਰੀ ਹਜ਼ੂਰ ਸਾਹਿਬ ਜੀ ਦੇ ਹਜ਼ੂਰੀ ਕਥਾ ਵਾਚਕ ਭਾਈ ਜੰਗਬੀਰ ਸਿੰਘ ਜੀ ਨੇ ਸ਼ਹੀਦ ਭਾਈ ਮਨੀ ਸਿੰਘ ਜੀ

ਬਾਕੀ ਸਫ਼ਾ 28 'ਤੇ

## ਸੈਨਹੋਜ਼ੇ ਗੁਰਦੁਆਰਾ ਕਮੇਟੀ ਵੱਲੋਂ ਜੱਜ ਦੇ ਹੁਕਮਾਂ ਵਿਰੁੱਧ ਅਪੀਲ ਨਾਲ ਹੋਈ ਗੁਰੂ ਦੀ ਗੋਲਕ ਦੀ ਦੁਰਵਰਤੋਂ

**ਸੈਨਹੋਜ਼ੇ/ਏਟੀ ਨਿਊਜ਼ :**
ਸੈਨਹੋਜ਼ੇ ਗੁਰਦੁਆਰਾ ਕਮੇਟੀ ਨੇ ਸੰਗਤ ਨਾਲ ਧੱਕੇ ਦੀ ਕਹਾਣੀ ਵਿੱਚ ਉਸ ਵੇਲੇ ਇੱਕ ਅਧਿਆਇ ਹੋਰ ਜੋੜ ਦਿੱਤਾ ਜਦੋਂ ਉਨ੍ਹਾਂ ਨੇ ਜੱਜ ਦੇ ਹੁਕਮਾਂ ਦੇ ਵਿਰੁੱਧ ਅਪੀਲ ਕਰ ਦਿੱਤੀ। ਕਮੇਟੀ ਦੇ ਵਕੀਲ ਨੇ ਹਰਪਾਲ ਸਿੰਘ ਚਹਿਲ ਦੇ ਵਕੀਲ ਮਾਰਕ ਕੋਹਨ ਨੂੰ ਈਮੇਲ ਰਾਹੀਂ ਜਾਣਕਾਰੀ ਦਿੱਤੀ ਕਿ ਕਮੇਟੀ ਸੈਕਟਰੀ ਪ੍ਰੀਤਮ ਗਰੇਵਾਲ਼ ਨੇ ਜੱਜ ਦੇ ਹੁਕਮਾਂ ਵਿਰੁੱਧ ਅਪੀਲ ਕਰ ਦਿੱਤੀ ਹੈ, ਇਸ ਲਈ ਇਨ੍ਹਾਂ ਵਲੋਂ ਮੰਗੀ ਵੋਟਾਂ ਦੀ ਲਿਸਟ ਜਾਂ ਹੋਰ ਸਮਾਨ ਹੁਣ ਕਮੇਟੀ ਵੱਲੋਂ ਪਟੀਸ਼ਨਰ ਨੂੰ ਨਹੀ ਦਿੱਤਾ ਜਾਵੇਗਾ।



ਯਾਦ ਰਹੇ, ਕਿ ਬਾਬ ਢਿੱਲੋਂ ਐਂਡ ਕੰਪਨੀ ਵੱਲੋਂ ਵਿਰੋਧੀ ਧਿਰ ਨੂੰ ਚੋਣ ਲੜਨ ਲਈ ਦਿੱਤੀ ਵੋਟਰ ਲਿਸਟ ਤੋਂ ਨਾਂਹ ਕਰ ਦਿੱਤੀ ਗਈ ਸੀ ਤੇ ਸਿਰਫ ਵੋਟਰ ਲਿਸਟ ਲੈਣ ਲਈ ਕਚਹਿਰੀ ਜਾਣਾ ਪਿਆ। ਜੱਜ ਨੇ ਇਸ ਧੱਕੇ ਨੂੰ ਭਾਂਪਦੇ ਹੋਏ, ਕਮੇਟੀ ਨੂੰ ਵੋਟਰ ਲਿਸਟ ਨਾਲ ਵੋਟਾਂ ਬਣਨ ਵੇਲੇ ਹਰੇਕ ਕਾਗ਼ਜ਼ ਤੇ ਮੈਂਬਰਸ਼ਿੱਪ ਫ਼ੀਸ ਦੇ ਸਬੂਤ ਦੇਣ ਦੇ ਵੀ ਹੁਕਮ ਦਿੱਤੇ ਸਨ। ਇਹ ਗੱਲ ਸਭ ਨੂੰ ਪਤਾ ਹੈ ਕਿ ਬਾਬ ਗਰੁੱਪ ਨੇ ਆਪਣੇ ਬਹੁਤੇ ਵੋਟਰਾਂ ਦੀਆਂ ਵੋਟਾਂ ਘਰੇ ਜਾ ਕੇ ਵੀ ਬਣਾਈਆਂ ਤੇ ਫ਼ੀਸ ਵੀ ਨਹੀਂ ਲਈ। ਇਹ ਸਾਰਾ ਮਾਜਰਾ ਸਾਹਮਣੇ ਨਾ ਆਵੇ, ਇਸ ਕਰਕੇ ਅਪੀਲ ਕੀਤੀ ਗਈ ਹੈ ਪਰ ਹਰਪਾਲ ਸਿੰਘ ਚਹਿਲ ਨੇ ਦੱਸਿਆ ਕਿ ਅਪੀਲ ਜਲਦੀ ਹੀ ਖ਼ਾਰਜ ਹੋ ਜਾਵੇਗੀ ਕਿਉਂਕਿ ਉਸ ਵਿੱਚ ਕਮੇਟੀ ਕੋਲ ਕੋਈ ਠੋਸ ਬਹਾਨਾ ਨਹੀਂ।

ਬਾਬ ਢਿੱਲੋਂ ਦੀ ਕਮੇਟੀ ਦੇ ਦਿਨਾਂ ਦਾ ਪੁੱਠਾ ਗੇੜ ਭਾਈ ਸਰਬਜੋਤ ਸਿੰਘ ਸਵੱਦੀ ਤੇ ਨੀਟੂ ਕਾਹਲੋਂ ਨੂੰ ਕਮੇਟੀ ਵਿੱਚੋਂ ਕੱਢਣ ਨਾਲ ਹੋਇਆ। ਉਨ੍ਹਾਂ ਨੇ ਕਚਹਿਰੀ ਵਿੱਚ ਵੇਰਵੇ ਨਾਲ ਦੱਸਿਆ ਕਿ ਕਿਵੇਂ ਬਾਬ ਢਿੱਲੋਂ ਤੇ ਗਰੁੱਪ ਨੇ ਪਿਛਲੀਆਂ ਚੋਣਾਂ ਵਿੱਚ ਜਾਅਲੀ ਵੋਟਾਂ ਬਣਾਈਆਂ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਬਾਬ ਧੜਾ ਕੋਰਟ ਕੇਸਾਂ ਦਾ ਸਾਰਾ ਖ਼ਰਚਾ ਗੁਰੂ ਦੀ ਗੋਲਕ ਵਿੱਚੋਂ ਕਰ ਰਿਹਾ ਹੈ ਤੇ ਉਸ ਜ਼ੋਰ ਨਾਲ ਇਹ ਵਿਰੋਧੀ ਧਿਰ ਨੂੰ ਕਚਹਿਰੀ ਦੇ ਚੱਕਰਾਂ ਵਿੱਚ ਪਾ ਕੇ ਪੈਸੇ ਦੇ ਜ਼ੋਰ ਨਾਲ ਦਬਾਉਣਾ ਚਾਹੁੰਦਾ ਹੈ।

ਸਰਬਜੋਤ ਸਿੰਘ ਸਵੱਦੀ ਨੇ "ਅੰਮ੍ਰਿਤਸਰ ਟਾਈਮਜ਼" ਨਾਲ ਗੱਲ ਕਰਦੇ ਹੋਏ ਕਿਹਾ ਕਿ ਇਸ ਧੜੇ ਨੇ ਪਿਛਲੀਆਂ ਚੋਣਾਂ ਤੋਂ ਲੈ ਕੇ ਹੁਣ ਤੱਕ 700 ਤੋਂ ਉਪਰ ਵੋਟ ਬਣਾਈ ਹੈ ਜਿਹੜੀ ਕਿਸੇ ਕਾਇਦੇ ਕਨੂੰਨ ਅਧੀਨ ਨਹੀਂ ਤੇ ਹੁਣ ਜਦੋਂ ਅਸੀਂ ਵੋਟਾਂ ਬਣਾਉਣ ਲਈ ਕੋਈ ਸੰਗਤ ਮੈਂਬਰ ਲੈ ਕੇ ਜਾਈਦਾ ਹੈ ਤਾਂ ਇਹ ਕਹਿ ਕੇ ਮੋੜ ਦਿੰਦੇ ਹਨ ਕਿ ਤੁਸੀਂ ਵੋਟ ਬਣਾਉਣ ਲਈ ਟਾਇਮ ਲੈ ਕੇ appointment ਬਣਾਉ। ਭਾਈ ਸਵੱਦੀ ਨੇ ਕਿਹਾ ਕਿ ਇਸ ਦੇ ਪਾਪਾਂ ਦਾ ਬੇੜਾ ਭਰ ਚੁੱਕਾ ਹੈ ਤੇ ਸੰਗਤ ਇਸ ਦੀ ਧੱਕੇਸ਼ਾਹੀ ਤੇ ਹੈਂਕੜ ਨੂੰ ਜਾਣ ਗਈ ਹੈ ਤੇ ਵੋਟਾਂ ਵਿੱਚ ਇਸ ਦੀ ਹਾਰ ਸਪੱਸ਼ਟ ਹੈ, ਇਸ ਲਈ ਇਹ ਹੁਣ ਕਿਸੇ ਵੀ ਹੀਲੇ ਕਬਜ਼ਾ ਬਰਕਰਾਰ ਰੱਖਣਾ ਚਾਹੁੰਦਾ ਹੈ।


When tired of all treatments for
any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਮਨਜੀਤ ਸਿੰਘ ਸਮਰਾ ਦੇ ਮਰਹੂਮ ਮਾਤਾ ਜੀ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਸਹਿਜ ਪਾਠ ਦਾ ਭੋਗ 18 ਜੁਲਾਈ ਨੂੰ

**ਲੰਡਨ/ਏਟੀ ਨਿਊਜ਼ :** ਸ਼ਿਰੋਮਣੀ ਅਕਾਲੀ ਦਲ (ਅ) ਯੂਕੇ (ਰਜਿਸਟਰਡ) ਦੇ ਚੀਫ ਆਰਗੇਨਾਈਜ਼ਰ ਸ. ਮਨਜੀਤ ਸਿੰਘ ਸਮਰਾ ਦੀ ਸਤਿਕਾਰਯੋਗ ਮਾਤਾ ਬੀਬੀ ਸਿਮਰ ਕੌਰ ਜੀ 9.7.2019. ਨੂੰ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਮਾਤਾ ਜੀ ਆਪਣੇ



ਪਿੱਛੇ ਦੋ ਬੇਟੇ ਅਤੇ ਦੋ ਬੇਟੀਆਂ ਛੱਡ ਗਏ ਹਨ। ਮਾਤਾ ਜੀ ਦੇ ਨਮਿਤ ਆਰੰਭ ਕਰਵਾਏ ਗਏ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦਾ ਭੋਗ, 18 ਜੁਲਾਈ, ਦਿਨ ਵੀਰਵਾਰ ਨੂੰ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ, ਪੱਤੀ ਘੰਟਾ ਘਰ, ਪਿੰਡ ਸਮਰਾਏ, ਜਿਲ੍ਹਾ ਜਲੰਧਰ ਵਿਖੇ ਪਵੇਗਾ। ਭੋਗ ਉਪਰੰਤ ਭਾਈ ਮਨਿੰਦਰ ਸਿੰਘ ਸ੍ਰੀਨਗਰ ਵਾਲੇ ਕੀਰਤਨ ਕਰਨਗੇ। ਸਮੁੱਚੀ ਪਾਰਟੀ ਸਮਰਾ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੋ ਕੇ ਵਾਹਿਗੁਰੂ ਜੀ ਅੱਗੇ ਅਰਦਾਸ ਕਰਦੀ ਹੈ ਕਿ ਪ੍ਰਮਾਤਮਾ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਪਾਰਟੀ ਦੇ ਮੀਡੀਆ ਇੰਚਾਰਜ ਜਗਤਾਰ ਸਿੰਘ ਵਿਰਕ ਵੱਲੋਂ ਸਮਰਾ ਪਰਿਵਾਰ ਦੇ ਸਕੇ ਸਬੰਧੀਆਂ ਅਤੇ ਪਾਰਟੀ ਨਾਲ ਸਬੰਧਿਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਬੇਨਤੀ ਕੀਤੀ ਕਿ ਜਿਹੜੇ ਮੈਂਬਰ ਵਿਦੇਸ਼ ਤੋਂ ਵੀ ਪੰਜਾਬ ਗਏ ਹੋਏ ਹਨ, ਸਭ ਨੋਟ ਕਰ ਲੈਣ ਅਤੇ ਮਾਤਾ ਜੀ ਦੀ ਅੰਤਿਮ ਅਰਦਾਸ ਮੌਕੇ ਹਾਜ਼ਰੀ ਲਗਵਾਉਣ ਦੀ ਕ੍ਰਿਪਾਲਤਾ ਕਰਨ। ਸ਼ਰਧਾਂਜਲੀ ਸਮਾਗਮ ਬਾਰੇ ਵਧੇਰੇ ਜਾਣਕਾਰੀ ਲਈ ਉਨ੍ਹਾਂ ਦੇ ਸਪੁੱਤਰ ਬੂਟਾ ਸਿੰਘ ਨਾਲ ਫੋਨ ਨੰ. 99153-28119 'ਤੇ ਸੰਪਰਕ ਕਰੋ ਜੀ।

## ਫਰਿਜ਼ਨੋ ਵਿਖੇ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਸਮਾਗਮ 28 ਜੁਲਾਈ ਨੂੰ

**ਫਰਿਜ਼ਨੋ/ਕੁਲਵੀਰ ਹੇਅਰ :** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਸਮਾਗਮ ਅਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ 28 ਜੁਲਾਈ ਦਿਨ ਐਤਵਾਰ ਨੂੰ ਇੰਡੀਆ ਓਵਨ ਰੈਸਟੋਰੈਂਟ ਫਰਿਜਨੋ ਵਿਖੇ ਕਰਵਾਏ ਜਾਣਗੇ। ਯਾਦ ਰਹੇ ਕਿ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵੱਲੋਂ ਹਰ ਸਾਲ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੇ ਸ਼ਹੀਦੀ ਸਮਾਗਮ ਅਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਸਬੰਧੀ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਇਕ ਮੀਟਿੰਗ ਹੋਈ ਜਿਸ ਬਾਰੇ ਜਾਣਕਾਰੀ ਦਿੰਦਿਆਂ



ਨਵਦੀਪ ਧਾਲੀਵਾਲ ਨੇ ਦੱਸਿਆ ਕਿ ਹਰ ਸਮਾਗਮ ਵਿਚ ਬੱਚਿਆਂ ਨੂੰ ਵੱਧ ਤੋਂ ਵੱਧ ਟਾਇਮ ਦਿਤਾ ਜਾਵੇਗਾ। ਸਮਾਗਮ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਯਾਦਗਾਰੀ ਸਨਮਾਨ ਚਿੰਨ ਅਤੇ ਜੇਤੂ ਵਿਦਿਆਰਥੀਆਂ ਨੂੰ ਨਗਦ ਇਨਮ ਵੀ ਦਿੱਤਾ ਜਾਵੇਗਾ। ਇਸ ਸਬੰਧੀ ਨਵਦੀਪ ਧਾਲੀਵਾਲ ਨੇ ਹੋਰ ਦੱਸਿਆ ਕਿ ਇਹ ਸਮਾਗਮ

ਬਾਕੀ ਸਫ਼ਾ 28 'ਤੇ

## ਸਿਆਟਲ ਦੇ ਗੁਰਦੁਆਰਾ ਸਿੰਘ ਸਭਾ ਵਿਚ ਧਾਰਮਿਕ ਦੀਵਾਨ ਸਜਾਏ

### *ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਹਜ਼ੂਰੀ ਜਥਾ ਸਨਮਾਨਿਤ*

**ਸਿਆਟਲ : ਗੁਰਚਰਨ ਸਿੰਘ ਢਿੱਲੋਂ**

ਸਿਆਟਲ ਦੇ ਮੁੱਖ ਗੁਰਦੁਆਰਾ ਸਿੰਘ ਸਭਾ ਰੈਂਟਲ ਵਿਚ ਹਫ਼ਤਾਵਰੀ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਸਰਬਜੀਤ ਸਿੰਘ ਦੇ ਹਜ਼ੂਰੀ ਰਾਗੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਹੈਡਗ੍ਰੰਥੀ ਗਿਆਨ ਸ਼ੇਰ ਸਿੰਘ ਨੇ ਕਥਾ ਰਾਹੀਂ ਗੁਰੂ ਦਾ ਜਸ ਗਾਇਨ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਾਰਤ ਤੋਂ ਪਹੁੰਚੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਸਰਬਜੀਤ ਸਿੰਘ, ਭਾਈ ਬਹਾਦਰ ਸਿੰਘ ਤੇ ਤਬਲਾ ਮਾਸਟਰ ਭਾਈ ਹੀਰਾ ਸਿੰਘ ਨੂੰ ਗੁਰੂਘਰ



ਵਲੋਂ ਗਿਆਨੀ ਸ਼ੇਰ ਸਿੰਘ ਨੇ ਸਿਰਪਾਓ ਦੇ ਕੇ ਨਿਵਾਜਿਆ। ਗੁਰੂਘਰ ਵਿਚ ਸੇਵਾਦਾਰਾਂ ਵਲੋਂ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਨਿਭਾਈ ਗਈ।

## ਗੁਰਦੁਆਰਾ ਸੱਚਾ ਮਾਰਗ ਸਿਆਟਲ ਵਿਖੇ ਗੁਰਮਤਿ ਕੈਂਪ ਸਮਾਪਤ



**ਸਿਆਟਲ : ਗੁਰਚਰਨ ਸਿੰਘ ਢਿੱਲੋਂ :** ਸਿਆਟਲ ਦੇ ਗੁਰਦੁਆਰਾ ਸੱਚਾ ਮਾਰਗ ਐਬਰਨ 'ਚ ਬੱਚਿਆਂ ਲਈ ਗੁਰਮਤਿ ਕੈਂਪ 8 ਤੋਂ 11 ਜੁਲਾਈ ਤੱਕ ਚਲਿਆ ਜਿਸ ਵਿਚ ਭਾਗ ਲੈ ਕੇ 100 ਤੋਂ ਵੱਧ ਬੱਚਿਆਂ ਨੇ ਧਾਰਮਿਕ ਤੇ ਸਮਾਜਿਕ ਸਿੱਖਿਆ ਪ੍ਰਾਪਤ ਕੀਤੀ।

ਪ੍ਰਿੰਸੀਪਲ ਜੀਨਾ ਸਿੰਘ ਦੀ ਅਗਵਾਈ ਹੇਠ ਵਲੰਟੀਅਰ ਅਧਿਆਪਕਾਂ ਪਲਵਿੰਦਰ ਕੌਰ, ਸਿਮਰਨ ਕੌਰ ਚੀਮਾ, ਕੁਲਵੀਰ ਕੌਰ ਸੰਧੂ, ਗੁਰਵਿੰਦਰ ਕੌਰ ਸੰਧੂ, ਅਮਨਦੀਪ ਕੌਰ ਘੱਗ, ਕਿਰਨ ਕੌਰ ਸੋਹਲ ਤੇ ਸਰਸਦੀਪ ਕੌਰ ਨੇ ਬੱਚਿਆਂ ਨੂੰ ਵੱਖ-ਵੱਖ ਵਿਸ਼ਿਆਂ 'ਤੇ ਸਿੱਖਿਅਤ ਕੀਤਾ। ਭਾਈ ਕੁਲਵਿੰਦਰ ਸਿੰਘ ਨੇ ਕੀਰਤਨ ਦੀਆਂ ਕਲਾਸਾਂ, ਮਨਿੰਦਰ ਸਿੰਘ ਨੇ ਤਬਲਾ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਕੀਰਤਨ ਵਿਚ ਸਿੱਖਿਅਤ ਕੀਤਾ। ਅਖੀਰਲੇ ਦਿਨ ਬੱਚਿਆਂ ਦੇ ਮੁਕਾਬਲੇ ਕਰਵਾ ਕੇ ਇਨਾਮਾਂ ਦੀ ਵੰਡ ਕੀਤੀ ਗਈ। ਇਸ ਸਮੇਂ ਬੱਚਿਆਂ ਲਈ ਖਾਣ ਪੀਣ ਦੀ ਸੇਵਾ ਤੇ ਲੰਗਰਾਂ ਦੀ ਸੇਵਾ ਵਲੰਟੀਅਰਆਂ ਵਲੋਂ ਨਿਭਾਈ ਗਈ। ਬੱਚਿਆਂ ਨੇ ਅਨੁਸ਼ਾਸਨ ਵਿਚ ਰਹਿ ਕੇ ਗੁਰਮਤਿ ਕੈਂਪ ਦਾ ਲਾਭ ਉਠਾਇਆ। ਪੰਜਾਬੀ ਭਾਈਚਾਰੇ ਵਲੋਂ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਤੇ ਵਲੰਟੀਅਰ ਅਧਿਆਪਕਾਂ ਤੇ ਸੇਵਾਦਾਰਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਹੈ। ਕੈਂਪ ਦੀ ਸਮਾਪਤੀ ਉਤੇ ਭਾਈ ਮੋਹਣ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਪੰਜਾਬ ਦੀ ਤਬਾਹੀ ਰੋਕਣ ਲਈ ਸਾਂਝੇ ਯਤਨਾਂ ਦੀ ਲੋੜ : ਬਲਤੇਜ ਪਨੂੰ

## ਪੰਜਾਬੀ ਰੇਡੀਓ ਯੂਐੱਸਏ. ਦੇ ਸੀਨੀਅਰ ਪੱਤਰਕਾਰ ਦੇ ਕੈਲੀਫੋਰਨੀਆ ਦੌਰੇ ਨੂੰ ਭਰਵਾਂ ਹੁੰਗਾਰਾ

**ਸੈਨਹੋਜ਼ੇ/ਏਟੀ ਨਿਊਜ਼ :** "ਬਹਾਦਰ ਅਤੇ ਜੰਗਜੂ ਸਿੱਖ ਕੌਮ, ਜਿਸ ਨੂੰ ਦੁਸ਼ਮਣਾਂ ਦੀਆਂ ਤੋਪਾਂ, ਸਰਕਾਰੀ ਲਸ਼ਕਰ ਖ਼ਤਮ ਨਹੀਂ ਕਰ ਸਕੇ, ਨੂੰ ਹੁਣ ਆਪਣੀਆਂ ਸਰਕਾਰਾਂ ਹੀ ਖ਼ਤਮ ਕਰ ਕੇ ਛੱਡਣਗੀਆਂ।" ਇਹ ਵਿਚਾਰ ਉੱਘੇ ਪੱਤਰਕਾਰ ਬਲਤੇਜ ਪਨੂੰ ਨੇ ਇੱਥੇ ਗੁਰਦੁਆਰਾ ਸਾਹਿਬ ਸਿੰਘ ਸਭਾ ਵਿਖੇ ਐਤਵਾਰ ਨੂੰਪੰਜਾਬੀ ਪੱਤਰਕਾਰੀ ਤੇ ਪੰਜਾਬ ਦੀ ਮੌਜੂਦਾ ਸਥਿਤੀ ਸਬੰਧੀ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ। ਉਨ੍ਹਾਂ ਸੱਤਾਧਾਰੀਆਂ ਅਤੇ ਸਮੱਗਲਰਾਂ ਦੀ ਮਿਲੀਭੁਗਤ ਨਾਲ ਪੰਜਾਬ ਵਿੱਚ ਵੱਡੀ ਪੱਧਰ ਉੱਤੇ ਜਾਨਲੇਵਾ ਨਸ਼ਿਆਂ ਦਾ ਧੰਦਾ ਬੇਰੋਕ ਚਲਦੇ ਰਹਿਣ ਉੱਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅਸਲ ਵਿੱਚ ਪੰਜਾਬ ਨੂੰ ਤਬਾਹੀ ਵਲ ਧੱਕਣ 'ਚ ਸਿਆਸਤਦਾਨ ਹੀ ਮੋਹਰੀ ਹਨ। ਗੱਲ ਕਿਸੇ ਇਕੱਲੀ ਰਾਜਸੀ ਪਾਰਟੀ ਦੀ ਨਹੀਂ, ਅੰਦਰੋਂ ਸਭ ਰਲੇ ਹੋਏ ਹਨ। ਅਕਾਲੀਆਂ ਅਤੇ ਕਾਂਗਰਸੀਆਂ ਦੀ ਹਰ ਧੰਦੇ ਵਿੱਚ ਹਿੱਸੇਦਾਰੀਤਾਂ ਜੱਗ ਜ਼ਾਹਿਰ ਹੈ, ਦੂਸਰੀਆਂ ਪਾਰਟੀਆਂ ਦੇ ਆਗੂ ਵੀ ਦੁੱਧ ਧੋਤੇ ਨਹੀਂ ਪਰ ਉਨ੍ਹਾਂ ਦਾ ਦਾਅ ਨਾ ਲੱਗਣ ਕਾਰਨ ਉਹ ਪੰਜਾਬ ਦੇ ਦਰਦੀ ਹੋਣ ਦਾ ਢੰਡੋਰਾ ਪਿੱਟਦੇ ਹਨ।

ਪਰਵਾਸੀ ਪੰਜਾਬੀਆਂ ਵਲੋਂ ਅਪਣੀ ਜਨਮ ਭੂਮੀ ਲਈ ਘਾਲੀਆਂ ਜਾ ਰਹੀਆਂ ਘਾਲਣਾਵਾਂ ਦੀ ਭਰਵੀਂ ਸਰਾਹਨਾ ਕਰਦਿਆਂ ਬਲਤੇਜ ਪਨੂੰ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਤੋਂ ਆਉਣ ਵਾਲੇ ਸਿਆਸਤਦਾਨਾਂ ਨੂੰ ਡੋਨੇਸ਼ਨ ਜਾਂ ਫੰਡ ਨਾ ਦਿੱਤੇ ਜਾਣ। ਦਿਨ ਰਾਤ ਹੱਡ-ਭੰਨਵੀਂ ਮਿਹਨਤ ਨਾਲ ਕਮਾਏ ਤੁਹਾਡੇ ਪੈਸੇ ਨਿੱਜੀ ਹਿੱਤਾਂ ਲਈ ਵਰਤੇ ਜਾਂਦੇ ਹਨ।

ਪੰਜਾਬ ਦੇ ਪਾਣੀ ਖੋਹ ਕੇ ਹੋਰਨਾਂ ਸੂਬਿਆਂ ਨੂੰ ਦੇਣ ਅਤੇ ਹੁਣ ਪੰਜਾਬ ਦੇ ਧਰਤੀ ਹੇਠਲੇ ਪਾਣੀਆਂ



ਦੇ ਮੁੱਕ ਜਾਣ ਦਾ ਜ਼ਿਕਰ ਕਰਦਿਆਂ ਬਲਤੇਜ ਪਨੂੰ ਨੇ ਕਿਹਾ ਕਿ ਸਾਡੀਆਂ ਅਗਲੀਆਂ ਪੀੜ੍ਹੀਆਂ ਦਾ ਭਵਿੱਖ ਖ਼ਤਰੇ 'ਚ ਹੈ। ਉਨ੍ਹਾਂ ਨੇ ਪੰਜਾਬ ਨੂੰ ਹੋਰ ਤਬਾਹੀ ਵਲ ਜਾਣੋਂ ਬਚਾਉਣ ਲਈ ਪਰਵਾਸੀ ਪੰਜਾਬੀਆਂ ਨੂੰ ਆਪਸੀ ਗਿਲੇ

ਬਾਕੀ ਸਫ਼ਾ 28 'ਤੇ

## ਪਨੂੰ ਨੇ ਕੀਤਾ ਆਪਣੇ ਨਾਲ ਹੋਈ ਧੱਕੇਸ਼ਾਹੀ ਦਾ ਖੁਲਾਸਾ

**ਸੈਕਰਾਮੈਂਟੋ/ਏਟੀ ਨਿਊਜ਼ :** ਮਿਰਾਜ਼ ਬੈਂਕੁਇਟ ਹਾਲ ਸੈਕਰਾਮੈਂਟੋ ਵਿਖੇ ਸ਼ੁਕਰਵਾਰ 12 ਜੁਲਾਈ ਨੂੰ ਸ਼ਾਮੀਂ 5:00 ਵਜੇ ਬਲਤੇਜ ਪਨੂੰ ਨਾਲ ਮਿਲਣੀ ਦੌਰਾਨ ਪਿਛਲੀ ਬਾਦਲ ਸਰਕਾਰ ਵਲੋਂ ਪਾਏ ਝੂਠੇ ਕੇਸ ਦੌਰਾਨ ਉਨ੍ਹਾਂ ਉੱਤੇ ਕੀਤੀਆਂ ਪੁਲੀਸ ਜ਼ਿਆਦਤੀਆਂ ਬਾਰੇ ਦੱਸਿਆ ਗਿਆ। ਵਰਨਣਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਦੀਆਂ ਪੰਜਾਬ ਅਤੇ ਲੋਕ ਵਿਰੋਧੀਆਂ ਕਾਰਵਾਈਆਂ ਵਿਰੁਧ ਆਵਾਜ਼ ਬੁਲੰਦ ਕਰਨ ਬਦਲੇ ਬਲਤੇਜ ਪਨੂੰ ਨੂੰ ਬਲਾਤਕਾਰ ਦਾ ਝੂਠਾ ਕੇਸ ਪਾ ਕੇ ਲੰਮਾ ਸਮਾਂ ਜੇਲ੍ਹ ਵਿੱਚ ਰੱਖਿਆ ਗਿਆ ਸੀ। ਲੰਮੀ ਕਾਨੂੰਨੀ ਲੜਾਈ ਤੋਂ ਬਾਅਦ ਕੇਸ ਵਿਚੋਂ ਬਾਇੱਜ਼ਤ ਬਰੀ ਹੋਣ ਬਾਅਦ ਉੱਤਰੀ ਅਮਰੀਕਾ ਆਏ ਬਲਤੇਜ ਪਨੂੰ ਨੇ ਕਿਹਾ ਕਿ ਲੋਕਾਂ ਦੇ ਪਿਆਰ ਅਤੇ ਹਮਾਇਤ ਸਦਕਾ ਬੇਹੱਦ ਔਖੇ ਸਮਿਆਂ 'ਚੋਂ ਬਚ ਕੇ ਨਿਕਲੇ ਹਨ। ਲੋਕਾਂ ਦੇ ਪਿਆਰ ਨੇ ਉਨ੍ਹਾਂ ਦਾ ਹੌਂਸਲਾ ਬੁਲੰਦ ਕੀਤਾ ਹੈ। ਮਿਰਾਜ਼ ਬੈਂਕੁਇਟ ਹਾਲ ਦੇ ਰਾਜਾ ਸਿੰਘ ਖੱਖ ਅਤੇ ਪਰਮਪ੍ਰੀਤ ਸਿੰਘ ਡੱਡੀ ਵਲੋਂ ਕਰਵਾਏ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਸਪੋਰਟਸ ਕਲੱਬ ਦੇ ਮੋਹਰੀ ਸੁੱਖੀ ਸੇਖੋਂ ਅਤੇ ਰਾਜਾ ਮਨਟੀਕਾ ਨੇ ਭਰਵਾਂ ਸਹਿਯੋਗ ਦਿੱਤਾ।



## ਪੱਤਰਕਾਰੀ ਦੀਆਂ ਲੋਕ ਪੱਖੀ ਸ਼ਾਨਦਾਰ ਰਵਾਇਤਾਂ 'ਤੇ ਲਗਾਤਾਰ ਪਹਿਰਾ ਦਿੱਤੇ ਜਾਣ ਦੀ ਲੋੜ : ਪਨੂੰ

**ਫਰਿਜ਼ਨੋ/ਏਟੀ ਨਿਊਜ਼ :** ਸੀਨੀਅਰ ਪੱਤਰਕਾਰ ਬਲਤੇਜ ਪਨੂੰ ਨੇ ਦੇਸ਼ ਵਿਦੇਸ਼ ਵਿਚਲੇ ਪੰਜਾਬੀ ਪੱਤਰਕਾਰਾਂ ਨੂੰ ਸੱਦਾ ਦਿੱਤਾ ਹੈ ਕਿ ਪੰਜਾਬ ਦੀ ਧਰਤੀ ਤੇ ਲੋਕਾਂ ਦਾ ਭਵਿੱਖ ਬੜੇ ਬੇਈਮਾਨ ਸਿਆਸਤਦਾਨਾਂ ਦੇ ਹੱਥਾਂ 'ਚ ਹੋਣ ਕਾਰਨ ਹੁਣ ਸਭਨਾਂ ਨੂੰ ਫੈਸਲਾਕੁਨ ਰੋਲ ਅਦਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਉੱਤੇ ਡਰੱਗ ਮਾਫ਼ੀਆ ਅਤੇ ਬੇਈਮਾਨ ਸਿਆਸਤਦਾਨਾਂ ਨੇ ਆਪਣਾ ਸ਼ਿਕੰਜਾ ਇਸ ਤਰ੍ਹਾਂ ਕਸਿਆ ਹੋਇਆ ਹੈ ਕਿ ਅਫ਼ਸਰਸ਼ਾਹੀ ਅਤੇ ਪੁਲੀਸ ਉਨ੍ਹਾਂ ਦੀ ਕਠਪੁਤਲੀ ਬਣ ਕੇ ਰਹਿ ਗਈ ਹੈ।



ਆਪਣੇ ਜੇਲ੍ਹ ਸਫ਼ਰ ਦੌਰਾਨ ਤਤਕਾਲੀ ਬਾਦਲ ਸਰਕਾਰ ਦੇ ਮੋਹਰੀਆਂ ਵਲੋਂ ਉਨ੍ਹਾਂ ਦੀ ਆਵਾਜ਼ ਬੰਦ ਕਰਾਉਣ ਲਈ ਜਾਨੋਂ ਖ਼ਤਮ ਕਰਾਉਣ ਦੇ ਯਤਨਾਂ ਅਤੇ ਸਾਜ਼ਿਸ਼ਾਂ ਦਾ ਜ਼ਿਕਰ ਕਰਦਿਆਂ ਬਲਤੇਜ ਪਨੂੰ ਨੇ ਕਿਹਾ ਕਿ ਇਸ ਵਿਚ ਬਾਦਲ ਦਲੀਆਂ ਦਾ ਸਿੱਧਾ ਹੱਥ ਸੀ ਪਰ ਕਨੇਡਾ, ਅਮਰੀਕਾ ਵਿਚਲੇ ਡਰੱਗ ਮਾਦੇ, ਹੱਥਠੋਕੇ ਤੇ ਵਿਕਾਊ ਪੱਤਰਕਾਰਾਂ ਵਿਰੁੱਧ ਲੜਾਈ 'ਚ ਲੋਕਾਂ ਦੇ ਪਿਆਰ ਸਦਕਾ ਉਹ ਅੱਜ ਇਥੇ ਬੋਲ ਸਕਣ ਦੇ ਯੋਗ ਹੋਏ ਹਨ। ਬਲਤੇਜ ਪਨੂੰ ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਫਰਿਜ਼ਨੋ ਵਿਖੇ 13 ਜੁਲਾਈ 2019 ਸ਼ਨਿਚਰਵਾਰ ਨੂੰ ਸਿੱਖ ਇਤਿਹਾਸ ਅਤੇ ਪੰਜਾਬੀ ਸਭਿਆਚਾਰ ਦੇ ਚਿਤੇਰੇ ਉੱਘੇ ਚਿੱਤਰਕਾਰ ਜਰਨੈਲ ਸਿੰਘ ਦੀਆਂ ਕਲਾ ਕਿਰਤਾਂ ਦੀ ਪੰਜ ਰੋਜ਼ਾ ਨੁਮਾਇਸ਼ ਦੇ ਉਦਘਾਟਨ ਮੌਕੇ ਬੋਲ ਰਹੇ ਸਨ। ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਫਰਿਜ਼ਨੋ ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਜਰਨੈਲ ਸਿੰਘ ਆਰਟਿਸਟ, ਬਲਤੇਜ ਸਿੰਘ ਪਨੂੰ ਅਤੇ ਹੋਰਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਬਲਤੇਜ ਪਨੂੰ ਦੀ ਲੜਾਈ ਸਭਨਾਂ ਦੀ ਸਾਂਝੀ ਲੜਾਈ ਹੈ। ਇਸ ਨੂੰ ਜਾਰੀ ਰੱਖਣਾ ਹੀ ਜਿਉਂਦੀ ਪੱਤਰਕਾਰੀ ਦੀ ਮਿਸਾਲ ਹੈ। ਜਰਨੈਲ ਸਿੰਘ ਚਿੱਤਰਕਾਰ, ਜਿਹੜੇ ਖ਼ੁਦ ਸਰੀ ਪ੍ਰੈਸ ਕਲੱਬ ਦੇ ਬਾਨੀ ਪ੍ਰਧਾਨ ਰਹੇ ਹਨ, ਨੇ ਬਲਤੇਜ ਪਨੂੰ ਵਲੋਂ ਵਿਖਾਏ ਹੌਸਲੇ ਦੀ ਦਾਦ ਦਿੰਦਿਆਂ ਕਿਹਾ ਕਿ ਨਰੋਏ ਸਮਾਜ ਦੀ ਸਿਰਜਨਾ ਅਤੇ ਸਥਿਰਤਾ 'ਚ ਮਜ਼ਬੂਤ ਪੱਤਰਕਾਰਤਾ ਦਾ ਵੱਡਾ ਰੋਲ ਹੁੰਦਾ ਹੈ। ਇਸ ਮੌਕੇ ਉਘੀਆਂ ਸਖ਼ਸ਼ੀਅਤਾਂ 'ਚ ਡਾ. ਗੁਰੂਮੇਲ ਸਿੱਧੂ, ਹਰਜਿੰਦਰ ਕੰਗ, ਸੰਤੋਖ ਮਿਨਹਾਸ, ਡਾ. ਅਰਜਨ ਸਿੰਘ ਜੋਸਨ, ਰੇਡੀਓ ਹੋਸਟ ਗੁਰਦੀਪ ਸ਼ੇਰਗਿੱਲ, ਸੀਨੀਅਰ ਪੱਤਰਕਾਰ ਨੀਟਾ ਮਾਛੀਕੇ, ਕੁਲਵੰਤ ਉੱਭੀ ਧਾਲੀਆਂ, ਤਾਰਾ ਸਿੰਘ, ਰੇਡੀਓ ਹੋਸਟ ਜੋਤ ਰਣਜੀਤ, ਇੰਦਰਜੀਤ ਸਿੰਘ, ਹਰਵਿੰਦਰ ਸਿੰਘ ਧਾਲੀਵਾਲ ਅਤੇ ਹੋਰ ਸ਼ਾਮਲ ਸਨ। ਕਾਂਗਰਸਮੈਨ ਜਿੰਮ ਕੌਸਟਾ ਵਲੋਂ ਭੇਜਿਆ ਮਾਣ ਪੱਤਰ ਗੁਰਦੀਪ ਸ਼ੇਰਗਿੱਲ, ਹਰਜੋਤ ਸਿੰਘ ਖਾਲਸਾ, ਜਰਨੈਲ ਸਿੰਘ ਆਰਟਿਸਟ ਅਤੇ ਹੋਰਨਾਂ ਵਲੋਂ ਬਲਤੇਜ ਪਨੂੰ ਨੂੰ ਸੌਂਪਿਆ ਗਿਆ। ਸਭ ਥਾਈਂ ਸਟੇਜ ਸੰਚਾਲਨ ਪੰਜਾਬੀ ਰੇਡੀਓ ਯੂਐੱਸਏ. ਦੇ ਰਾਜਕਰਨਬੀਰ ਸਿੰਘ ਨੇ ਕੀਤਾ।










# 36ਵੇਂ ਸੁਰਜੀਤ ਹਾਕੀ ਟੂਰਨਾਮੈਂਟ ਦੀ ਜੇਤੂ ਟੀਮ ਨੂੰ ਗਾਖਲ ਭਰਾ ਦੇਣਗੇ ਸਾਢੇ ਪੰਜ ਲੱਖ ਦਾ ਇਨਾਮ






**ਯੂਨੀਅਨ ਸਿਟੀ/ਐੱਸ.ਅਸ਼ੋਕ. ਭੌਰਾ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਵਿਚ ਹੋ ਰਹੇ 36ਵੇਂ ਇੰਡੀਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ ਦੀ ਜੇਤੂ ਟੀਮ ਨੂੰ ਅਮਰੀਕਾ ਦੇ ਪ੍ਰਸਿੱਧ ਕਾਰੋਬਾਰੀ ਅਤੇ ਖੇਡ ਪ੍ਰਮੋਟਰ ਗਾਖਲ਼ ਭਰਾ ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਵਲੋਂ ਪਹਿਲਾ ਵੱਡਾ ਸਾਢੇ ਪੰਜ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਗਾਖਲ ਭਰਾ ਆਪਣੇ ਪਿਤਾ ਸ. ਨਸੀਬ ਸਿੰਘ ਗਾਖ਼ਲ ਦੀ ਯਾਦ 'ਚ ਇਹ ਇਨਾਮ ਦੇਣਗੇ। ਇੱਥੇ ਰਾਜਾ ਸਵੀਟਸ ਵਿਖੇ ਯੂਨਾਈਟਡ ਸਪੋਰਟਸ ਕਲੱਬ ਦੀ ਹੋਈ ਅਹਿਮ ਮੀਟਿੰਗ ਪਿੱਛੋਂ ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਅਤੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਨੇ ਇਹ ਖੁਸ਼ੀ ਮੀਡੀਆ ਨਾਲ ਸਾਂਝੀ ਕਰਦਿਆਂ ਕਿਹਾ ਕਿ ਖੇਡਾਂ ਤੇ ਸਮਾਜਿਕ ਖੇਤਰ ਵਿਚ ਨਾ ਸਿਰਫ ਕੈਲੀਫੋਰਨੀਆ ਸਗੋਂ ਉੱਤਰੀ ਅਮਰੀਕਾ ਅਤੇ ਆਪਣੀ ਜਨਮ ਭੋਇੰ ਤੇ ਹੋਣ ਵਾਲੇ ਹਰ ਸਰੋਕਾਰ 'ਚ ਗਾਖਲ਼ ਭਰਾਵਾਂ ਨੇ ਮੋਹਰੀ ਹੋ ਕੇ ਭੂਮਿਕਾ ਨਿਭਾਈ ਹੈ। ਜਲੰਧਰ ਦੇ ਡਿਪਟੀ ਕਮਿਸ਼ਨਰ ਅਤੇ ਸੁਰਜੀਤ ਹਾਕੀ ਸੁਸਾਇਟੀ ਦੇ ਪ੍ਰਧਾਨ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਆਈ.ਏ.ਐੱਸ ਨੇ ਫੋਨ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਇਸ ਪੇਸ਼ਕਸ਼ ਨੂੰ ਗਾਖਲ ਭਰਾਵਾਂ ਨੇ ਖੁਸ਼ੀ ਨਾਲ ਸਵੀਕਾਰ ਕੀਤਾ ਤੇ ਹੋਰ ਵੀ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਗਾਖ਼ਲ ਪਰਿਵਾਰ ਨੇ ਕਬੱਡੀ, ਹਾਕੀ ਤੋਂ ਸਿਵਾ ਹੋਰਨਾ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵੀ ਹੋਰ ਅੱਗੇ ਹੋ ਕੇ ਅਹਿਮ ਅਤੇ ਸਲਾਹੁਣਯੋਗ ਭੂਮਿਕਾ ਨਿਭਾਈ ਹੈ। ਉਨ੍ਹਾਂ ਪਿਛਲੀਆਂ ਉਲੰਪਿਕ ਖੇਡਾਂ ਦੌਰਾਨ ਸ਼ੂਟਿੰਗ ਵਿਚ ਗੋਲਡ ਮੈਡਲ ਪ੍ਰਾਪਤ ਕਰਨ ਵਾਲੇ ਭਾਰਤੀ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਨੂੰ ਵੀ ਦਸ ਲੱਖ ਰੁਪਏ ਦਾ ਇਨਾਮ ਦੇ ਕੇ ਸਨਮਾਨਿਤ ਕੀਤਾ ਸੀ। ਗਾਖਲ ਭਰਾ ਆਪਣੇ ਜੱਦੀ ਪਿੰਡ ਗਾਖਲਾਂ (ਜਲੰਧਰ) ਵਿਖੇ ਵੀ ਖੇਡ ਤੇ ਸਮਾਜਿਕ ਸਰਗਰਮੀਆਂ 'ਚ ਹਿੱਸਾ ਲੈਂਦੇ ਆ ਰਹੇ ਹਨ ਅਤੇ ਆਉਣ ਵਾਲੀ 15 ਸਤੰਬਰ ਨੂੰ ਕੈਲੀਫੋਰਨੀਆ ਦੀ ਧਰਤੀ 'ਤੇ ਹੋਣ ਵਾਲਾ ਯੂਨਾਈਟਡ ਸਪੋਰਟਸ ਕਲੱਬ ਦਾ 15ਵਾਂ ਵਿਸ਼ਵ ਕਬੱਡੀ ਕੱਪ ਵੀ ਸ. ਅਮੋਲਕ ਸਿੰਘ ਗਾਖਲ ਦੀ ਸਰਪ੍ਰਸਤੀ ਹੇਠ ਹੀ ਹੋ ਰਿਹਾ ਹੈ। ਸ. ਮੱਖਣ ਸਿੰਘ ਬੈਂਸ ਤੇ ਜੁਗਰਾਜ ਸਿੰਘ ਸਹੋਤਾ ਨੇ ਕਿਹਾ ਕਿ ਸਾਡੇ ਸਾਰਿਆਂ ਲਈ ਅਤੇ ਪੰਜਾਬੀ ਭਾਈਚਾਰੇ ਲਈ ਅਮਰੀਕਾ 'ਚ ਮਾਣ ਵਾਲੀ ਗੱਲ ਹੈ ਕਿ ਗਾਖਲ ਭਰਾ ਬਾਬੇ ਨਾਨਕ ਦੀ ਫਿਲਾਸਫੀ ਤੇ ਨਿਮਰਤਾ ਨਾਲ ਚੱਲਣ ਵਾਲਾ ਪਰਿਵਾਰ ਹੈ ਅਤੇ ਜਦੋਂ ਕੋਈ ਆਸਵੰਦ ਉਨ੍ਹਾਂ ਕੋਲ ਪਹੁੰਚਦਾ ਹੈ, ਤਾਂ ਉਹ ਕਦੇ ਨਿਰਾਸ਼ ਨਹੀਂ ਕਰਦੇ। ਹਾਕੀ ਨੂੰ ਹੋਰ ਅੱਗੇ ਲੈ ਕੇ ਜਾਣ ਲਈ ਉਨ੍ਹਾਂ ਦਾ ਇਹ ਉੱਦਮ ਤੇ ਯਤਨ ਸਾਰੇ ਪੱਖਾਂ ਤੋਂ ਸਲਾਹੁਣਯੋਗ ਹੈ।

## ਮਹਿਫਲ-ਬੇਕਰਜ਼ਫੀਲਡ ਵਿਚ ਕਲਾਕਾਰਾਂ ਨੇ ਲਾਈਆਂ ਰੌਣਕਾਂ



**ਬੇਕਰਜ਼ਫੀਲਡ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਸਾਫ-ਸੁਥਰੀ ਪੰਜਾਬੀ ਗਾਇਕੀ ਅਤੇ ਗੀਤਕਾਰੀ ਨੂੰ ਪਿਆਰ ਕਰਨ ਵਾਲੇ ਸੰਗੀਤ ਪ੍ਰੇਮੀਆਂ ਨੇ 'ਮਹਿਫਲ- ਬੇਕਰਜ਼ਫੀਲਡ ਦੇ ਨਾਂ ਹੇਠ ਸਥਾਨਿਕ ਰੈਸਟੋਰੈਂਟ ਤਾਜ਼ ਮਹਿਲ ਆਫ ਇੰਡੀਆ ਵਿਚ ਰੰਗਾਰੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਦੌਰਾਨ ਮੰਗਲ ਹਠੂਰ ਦੀ ਸ਼ਾਇਰੋ-ਸ਼ਾਇਰੀ ਦੀ ਪੁਸਤਕ "ਪੰਜਾਬ ਦਾ ਪਾਣੀ" ਰਿਲੀਜ਼ ਕੀਤੀ ਗਈ। ਇਸ ਸਮਾਗਮ ਵਿੱਚ ਜਿਥੇ ਬਹੁਤ ਸਾਰੀਆਂ ਸਹਿਤਕ ਸ਼ਖਸੀਅਤਾਂ ਪਹੁੰਚੀਆਂ ਹੋਈਆਂ ਸਨ, ਉੱਥੇ ਪੰਜਾਬੀਅਤ ਦਾ ਮਾਣ ਬੱਬੂ ਗੁਰਪਾਲ ਅਤੇ ਫਰਿਜ਼ਨੋ ਤੋਂ ਪਹੁੰਚੇ ਸਟੇਜ ਦੀ ਸ਼ਾਨ ਗੋਗੀ ਸੰਧੂ ਨੇ ਆਪਣੀਆਂ ਕਵਿਤਾਵਾਂ ਅਤੇ ਗੀਤਾਂ ਨਾਲ ਖ਼ੂਬ ਰੰਗ ਬੰਨ੍ਹਿਆ। ਇਸ ਸਮੇਂ ਬਹੁਤ ਸਾਰੇ ਬੁਲਾਰਿਆਂ ਨੇ ਹਾਜ਼ਰੀ ਭਰੀ। ਮੰਗਲ ਹਠੂਰ ਦੀ ਪੰਜਾਬ ਅਤੇ ਪੰਜਾਬੀਅਤ ਪ੍ਰਤੀ ਸੋਚ ਨੂੰ ਸਮਾਜ ਲਈ ਸੇਧ ਦੇਣ ਵਾਲੀ ਕਲਮ ਐਲਾਨਿਆ ਗਿਆ। ਬੁਲਾਰਿਆਂ ਨੇ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਇਹ ਸਾਫ਼ ਸੁਥਰੀ ਕਲਮ ਹਮੇਸ਼ਾ ਸਾਫ-ਸੁਥਰੀ ਗੀਤਕਾਰੀ ਨੂੰ ਲੈ ਗਾਇਕੀ ਦੇ ਸਫਰ 'ਤੇ ਨਿਰੰਤਰ ਚਲਦੀ ਰਹੇਗੀ।

ਜ਼ਿਕਰਯੋਗ ਹੈ ਕਿ ਜਿਥੇ ਮੰਗਲ ਹੁਣ ਤਕ ਸੈਂਕੜੇ ਗੀਤ ਲਿਖ ਚੁੱਕਾ ਹੈ, ਉੱਥੇ ਉਸ ਦੀਆਂ ਤਕਰੀਬਨ ਤੇਰ੍ਹਾਂ ਪੁਸਤਕਾਂ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣ ਚੁੱਕੀਆਂ ਹਨ। ਇਸ ਮੌਕੇ ਮੰਗਲ ਨੇ ਆਪਣੀ ਮਿਆਰੀ ਸ਼ਾਇਰੋ ਸ਼ਾਇਰੀ ਅਤੇ ਨਵੇਂ-ਨਵੇਂ ਗੀਤਾਂ ਰਾਹੀਂ ਖ਼ੂਬ ਰੰਗ ਬੰਨ੍ਹਿਆ।

ਇਸ ਸਮਾਗਮ ਵਿਚ ਬੇਕਰਜ਼ਫੀਲਡ ਦੀਆਂ ਸਿਰਕੱਢ ਸ਼ਖਸੀਅਤਾਂ ਨੇ ਸ਼ਿਰਕਤ ਕਰਕੇ ਪ੍ਰੋਗਰਾਮ ਨੂੰ ਹੋਰ ਚਾਰ ਚੰਨ ਲਾਏ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਜਤਿੰਦਰ ਤੂਰ ਨੇ ਬਹੁਤ ਸ਼ਾਇਰਾਨਾ ਅੰਦਾਜ਼ ਵਿਚ ਬਾਖ਼ੂਬੀ ਕੀਤਾ, ਜਦ ਕਿ ਗੋਗੀ ਸੰਧੂ ਨੇ ਸ਼ਾਇਰੋ-ਸ਼ਾਇਰੀ ਕਰਦੇ ਹੋਏ ਉਨ੍ਹਾਂ ਦਾ ਸਾਥ ਬਾਖ਼ੂਬੀ ਨਿਭਾਇਆ। ਇਸ ਪ੍ਰੋਗਰਾਮ ਨੂੰ ਕਰਵਾਉਣ ਅਤੇ ਸਫਲ ਬਣਾਉਣ ਦਾ ਸਿਹਰਾ ਤੂਰ ਭਰਾਵਾਂ ਅਤੇ ਪੰਜਾਬ ਤੋਂ ਖੋਸਾ ਕੋਟਲਾ ਦੇ ਪੇਂਡੂਆਂ ਦੇ ਸਿਰ ਸਜਦਾ ਹੈ। ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਇਹ ਪ੍ਰੋਗਰਾਮ ਰਾਤ ਦੇ ਖਾਣੇ ਨਾਲ ਯਾਦਗਾਰੀ ਹੋ ਨਿਬੜਿਆ।

## ਅਣਪਛਾਤੇ ਵਿਅਕਤੀਆਂ ਨੇ ਕੀਤੇ ਘਰ 'ਤੇ ਫਾਇਰ

**ਚੌਕ ਮਹਿਤਾ/ਬਲਜਿੰਦਰ ਸਿੰਘ ਰੰਧਾਵਾ :** ਮਾਤਾ ਗੁਰਮੀਤ ਕੌਰ ਪਤਨੀ ਸਵ. ਜੋਧ ਸਿੰਘ ਵਾਸੀ ਬੁੱਟਰ ਸਿਵੀਆ ਤੇ ਉਸ ਦਾ ਪੁੱਤਰ ਜਗਦੇਵ ਸਿੰਘ 12 ਜੁਲਾਈ ਦੀ ਰਾਤ ਨੂੰ ਖਾਣਾ ਖਾਣ ਤੋਂ ਬਾਅਦ ਰੋਜ਼ਾਨਾ ਦੀ ਤਰ੍ਹਾਂ ਆਪਣੇ ਘਰ ਦਾ ਦਰਵਾਜਾ ਬੰਦ ਕਰ ਕੇ ਸੁੱਤੇ ਪਏ ਸੀ ਕਿ ਰਾਤ ਕੀਰਬ 12:20 ਮਿੰਟ ਤੇ ਉਨ੍ਹਾਂ ਨੂੰ ਫਾਇਰ ਦੀ ਆਵਾਜ ਸੁਣਾਈ ਦਿੱਤੀ। ਮਾਤਾ ਗੁਰਮੀਤ ਕੌਰ ਤੇ ਉਸ ਦੇ ਲੜਕੇ ਨੇ ਤੁਰੰਤ ਛੱਤ 'ਤੇ ਚੜ੍ਹ ਕੇ ਦੇਖਿਆ ਤਾਂ ਘਰ ਦੇ ਗੇਟ ਕੋਲ ਜਗ ਰਹੀ ਸਰਚ ਲਾਈਟ ਦੀ ਰੌਸ਼ਨੀ ਵਿੱਚ ਉਨ੍ਹਾਂ ਨੂੰ 2 ਮੋਨੇ ਨੌਜਵਾਨ, ਜਿਨ੍ਹਾਂ ਨੇ ਮੂੰਹ ਢਕਿਆ ਹੋਇਆ ਸੀ, ਮੋਟਰਸਾਈਕਲ 'ਤੇ ਚੜ੍ਹ ਕੇ ਪਿੰਡ ਸੈਦੂਕੇ ਨੂੰ ਜਾਂਦੇ ਦਿਖਾਈ ਦਿੱਤੇ। ਜਦ ਉਨ੍ਹਾਂ ਹੇਠਾਂ ਉਤਰ ਕੇ ਦੇਖਿਆ ਤਾਂ ਇੱਕ ਫਾਇਰ ਵਿਹੜੇ 'ਚ ਖੜੀ ਸਵਿਫਟ ਕਾਰ ਦੀ ਡਿੱਗੀ ਵਿੱਚ ਲੱਗਾ ਸੀ ਅਤੇ ਦੂਜਾ ਫਾਇਰ ਰਸੋਈ ਦੀ ਕੰਧ ਉੱਪਰ ਲੱਗਣ ਨਾਲ ਖਿੜਕੀ ਦਾ ਸ਼ੀਸ਼ਾ ਟੁੱਟ ਚੁੱਕਾ ਸੀ। ਘਰ ਵਾਲਿਆਂ ਅਨੁਸਾਰ ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦੀ ਨੀਅਤ ਨਾਲ ਫਾਇਰ ਕੀਤੇ ਹਨ। ਥਾਣਾ ਮਹਿਤਾ ਦੇ ਐੱਸਐੱਚਓ. ਸਤਪਾਲ ਸਿੰਘ ਨੇ ਦੱਸਿਆ ਕਿ 2 ਅਣਪਛਾਤੇ ਵਿਅਕਤੀਆਂ ਖਿਲਾਫ ਧਾਰਾ 336,427,34,25,27,54,59 ਅਸਲਾ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।



HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਿੱਖਾਂ ਦੇ ਕਾਤਲਾਂ ਨੂੰ ਗੁਰੂ ਸਾਹਿਬ ਦਾ ਪ੍ਰਕਾਸ਼ ਦਿਹਾੜਾ ਮਨਾਉਣ ਦਾ ਕੋਈ ਹੱਕ ਨਹੀਂ : ਯੂਨਾਈਟਿਡ ਖਾਲਸਾ ਦਲ ਯੂਕੇ

**ਲੰਡਨ/ਏਟੀ ਨਿਊਜ਼ :** ਯੂਨਾਈਟਿਡ ਖਾਲਸਾ ਦਲ ਯੂਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਨੇ ਕਿਹਾ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਰਾਜ ਦੇ 550 ਵੇਂ ਮੁਬਾਰਕ ਪ੍ਰਕਾਸ਼ ਪੁਰਬ ਨੂੰ ਸਿੱਖ ਕੌਮ ਵੱਲੋਂ ਪੂਰੀ ਦੁਨੀਆ ਵਿੱਚ ਵੱਡੀ ਪੱਧਰ ਮਨਾਇਆ ਜਾ ਰਿਹਾ ਹੈ। ਜਿੱਥੇ ਸਿੱਖਾਂ ਵਿੱਚ ਇਸ ਮਹਾਨ ਗੁਰਪੁਰਬ ਲਈ ਭਾਰੀ ਉਤਸ਼ਾਹ,ਚਾਉ ਅਤੇ ਸ਼ਰਧਾਪੂਰਵਕ ਭਾਵਨਾਵਾਂ ਹਨ, ਉੱਥੇ ਸਿੱਖ ਦੁਸ਼ਮਣ ਭਾਰਤ ਸਰਕਾਰ ਅਤੇ ਸਿਆਸੀ ਬਟੇਰੇ ਵੀ ਇਸ ਪਵਿੱਤਰ ਪੁਰਬ ਰਾਹੀਂ ਸਿਆਸੀ ਲਾਹਾ ਲੈਣ ਦੀ ਫਿਰਾਕ ਵਿੱਚ ਹਨ। ਗੁਰੂ ਸਾਹਿਬ ਦੇ ਇਸ ਮਹਾਨ ਪੁਰਬ ਨੂੰ ਮਨਾਉਣ ਦਾ ਸਿੱਖਾਂ ਅਤੇ ਸਿੱਖੀ ਦੀ ਕਾਤਲ ਕਾਂਗਰਸ, ਪੰਥ ਤੋਂ ਛੇਕੇ ਹੋਏ ਨਰਕਧਾਰੀਆਂ, ਰਾਧਾ ਸੁਆਮੀ ਵਰਗੇ ਗੁਰੂ ਡੰਮੀਆਂ, ਸਿੱਖਾਂ ਅਤੇ ਸਿੱਖੀ ਨਾਲ ਵਿਸ਼ਵਾਸ਼ਘਾਤ ਕਰਨ ਵਾਲੇ ਬਾਦਲਕਿਆਂ ਅਤੇ ਸਰਨਿਆਂ ਦੇ ਭ੍ਰਿਸ਼ਟ ਲਾਣੇ ਨੂੰ ਕੋਈ ਹੱਕ ਨਹੀਂ। ਉਨ੍ਹਾਂ ਕਿਹਾ ਕਿ ਜਿਸ ਕਾਂਗਰਸ ਨੇ ਗੁਰੂ ਨਾਨਕ ਦੇਵ ਜੀ ਮਹਾਰਾਜ ਵਲੋਂ ਅਰੰਭ ਕੀਤੇ ਗਏ ਸਿੱਖ ਧਰਮ ਦੇ ਕੇਂਦਰੀ ਅਤੇ ਪਾਵਨ ਪਵਿੱਤਰ ਅਸਥਾਨ ਸੱਚ ਖੰਡ ਸ੍ਰੀ ਦਰਬਾਰ ਸਾਹਿਬ 'ਤੇ ਟੈਂਕਾਂ ਅਤੇ ਤੋਪਾਂ ਨਾਲ ਹਮਲਾ ਕਰਕੇ ਹਜ਼ਾਰਾਂ ਸਿੱਖਾਂ ਨੂੰ ਸ਼ਹੀਦ ਕੀਤਾ ਹੋਵੇ, ਜਿਸ ਨੇ ਗੁਰੂ ਸਾਹਿਬ ਦੇ ਸਿੱਖਾਂ ਨੂੰ ਜਿਉਂਦੇ ਸਾੜਿਆ ਹੋਵੇ, ਪੰਜਾਬ ਦੀ ਧਰਤੀ ਨੂੰ ਸਿੱਖ ਨੌਜਵਾਨਾਂ ਦੇ ਖੂਨ ਨਾਲ ਰੰਗਿਆ ਹੋਵੇ, ਉਹ ਕਾਂਗਰਸ ਇਸ ਗੁਰਪੁਰਬ ਨੂੰ ਮਨਾਉਣ ਦੀ ਗੱਲ ਕਰੇ, ਇਹ ਸਿਰਫ ਸਿੱਖਾਂ ਨੂੰ ਭਰਮਾਉਣ ਦਾ ਮਕਸਦ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਾਂਗਰਸ ਸਰਕਾਰ ਦੇ ਹੁਕਮ, ਭਾਜਪਾ ਦੀ ਉਕਸਾਹਟ ਅਤੇ ਬਾਦਕਿਆਂ ਦੇ ਸੱਦੇ ਨਾਲ ਹੋਇਆ ਸੀ। ਅੱਜ ਇਹ ਤਿੰਨੇ ਹੀ ਬੇਸ਼ਰਮ ਪਾਰਟੀਆਂ ਵਾਲੇ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਦੀਆਂ ਗੱਲਾਂ ਕਰ ਰਹੇ ਹਨ ਜਿਹਨਾਂ ਤੋਂ ਸਿੱਖ ਜਗਤ ਨੂੰ ਸੁਚੇਤ ਰਹਿਣ ਦੀ ਲੋੜ ਹੈ। ਭਾਰਤ ਦੀ ਸੀਬੀਆਈ ਨੇ ਬੇਅਦਬੀ ਕਾਂਡ 'ਚ ਕਲੋਜ਼ਰ ਰਿਪੋਰਟ ਪੇਸ਼ ਕਰਕੇ ਸਿੱਖ ਵਿਰੋਧੀ, ਘਿਣਾਉਣਾ ਅਤੇ ਸ਼ਰਮਨਾਕ ਕਾਰਾ ਕੀਤਾ ਹੈ, ਜਿਸ ਦੀ ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਸਖਤ ਨਿਖੇਧੀ ਕੀਤੀ ਗਈ ਹੈ। ਯੂਨਾਈਟਿਡ ਖਾਲਸਾ ਦਲ ਯੂਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਵਲੋਂ ਦੋਸ਼ ਲਗਾਇਆ ਗਿਆ ਕਿ ਸੀਬੀਆਈ ਪੂਰੀ ਤਰਾਂ ਭਾਰਤ ਦੇ ਭ੍ਰਿਸ਼ਟ ਢਾਂਚੇ ਅਨੁਸਾਰ ਕਾਰਜ ਕਰ ਰਹੀ ਹੈ ਅਤੇ ਸਿਰਸੇ ਵਾਲੇ ਅਸਾਧ ਦੇ ਚੇਲਿਆਂ ਨੂੰ ਰਾਹਤ ਦੇ ਕੇ ਹਰਿਆਣਾ ਵਿੱਚ ਭਾਜਪਾ ਨੂੰ ਜਿਤਾਉਣ ਦੇ ਰੌਅ ਵਿੱਚ ਹੈ । ਇਹ ਕੰਮ ਜਾਂਚ ਏਜੰਸੀ ਦੇ ਮੱਥੇ 'ਤੇ ਕਲੰਕ ਦੀ ਨਿਆਂਈਂ ਹੈ ਕਿਉਂਕਿ ਜਾਂਚ ਏਜੰਸੀਆਂ ਦਾ ਕੰਮ ਤਾਂ ਪੂਰੀ ਨਿਰਪੱਖਤਾ ਸਹਿਤ ਵੇਰਵੇ ਅਤੇ ਸਬੂਤ ਇਕੱਤਰ ਕਰਕੇ ਅਦਾਲਤ ਵਿੱਚ ਪੇਸ਼ ਕਰਨਾ ਹੁੰਦਾ ਹੈ ਪਰ ਭਾਰਤ ਵਿੱਚ ਸਿੱਖਾਂ ਸਮੇਤ ਘੱਟ ਗਿਣਤੀ ਕੌਮਾਂ ਦਾ ਨਾਮੋ ਨਿਸ਼ਾਨ ਮਿਟਾ ਕੇ ਹਿੰਦੂ ਰਾਸ਼ਟਰ ਨੂੰ ਹੋਂਦ ਵਿੱਚ ਲਿਆਂਉਣ ਲਈ ਅੱਜ ਪੂਰਾ ਮੀਡੀਆ, ਨਿਆਂਇਕ ਸਿਸਟਮ, ਅਫਸਰਸ਼ਾਹੀ ਇੱਕਜੁੱਟਤਾ ਨਾਲ ਅੱਗੇ ਵਧ ਰਹੇ ਹਨ। ਘੱਟ ਗਿਣਤੀਆਂ ਦੀ ਸਥਾਪਤ ਲੀਡਰਸ਼ਿੱਪ ਨੂੰ ਦਬਾਉਣ, ਡਰਾਉਣ, ਥਿੜਕਾਉਣ ਅਤੇ ਖਰੀਦਣ ਲਈ ਪੱਬਾਂ ਭਾਰ ਹਨ।

> **"ਸੀਬੀਆਈ ਹਰਿਆਣੇ ਵਿੱਚ ਭਾਜਪਾ ਨੂੰ ਜਿਤਾਉਣ ਲਈ ਬਲਾਤਕਾਰੀ ਸਿਰਸੇ ਵਾਲੇ ਦੇ ਚੇਲਿਆਂ ਦੇ ਹੱਕ ਵਿੱਚ ਭੁਗਤ ਰਹੀ ਹੈ"**

# ਪੰਜਾਬ ਪੁਲੀਸ ਦੀ ਨਲਾਇਕੀ ਕਾਰਨ ਕਰਾਈਮ ਵਧਿਆ

## ਸੂਬੇ ਵਿੱਚ ਗੈਂਗਸਟਰਾਂ ਦੀਆਂ ਗਤੀਵਿਧੀਆਂ ਅਤੇ ਅਪਰਾਧਿਕ ਘਟਨਾਵਾਂ 'ਚ ਹੋਇਆ ਵਾਧਾ

**ਚੰਡੀਗੜ੍ਹ/ਏਟੀ ਨਿਊਜ਼ :**
ਪੰਜਾਬ ਪੁਲੀਸ ਸੂਬੇ ਦੇ ਲੋਕਾਂ ਨੂੰ ਸੁਰੱਖਿਅਤ ਮਾਹੌਲ ਦੇਣ ਵਿੱਚ ਕਾਮਯਾਬ ਦਿਖਾਈ ਹੁੰਦੀ ਨਹੀਂ ਦੇ ਰਹੀ। ਸੂਬੇ ਵਿੱਚ ਕਤਲ, ਡਕੈਤੀ, ਬਲਾਤਕਾਰ, ਲੁੱਟਾਂ ਖੋਹਾਂ, ਗੈਂਗਸਟਰਾਂ ਦੀਆਂ ਗਤੀਵਿਧੀਆਂ ਅਤੇ ਅਪਰਾਧਿਕ ਘਟਨਾਵਾਂ ਵਾਪਰ ਰਹੀਆਂ ਹਨ। ਸੂਬੇ ਦੀਆਂ ਦੋ ਵੱਡੀਆਂ ਜੇਲ੍ਹਾਂ (ਨਾਭਾ ਤੇ ਲੁਧਿਆਣਾ) ਵਿਚ ਪਿਛਲੇ ਦਿਨੀਂ ਵਾਪਰੀਆਂ ਘਟਨਾਵਾਂ ਨੇ ਪੁਲੀਸ ਤੇ ਕਾਨੂੰਨ ਵਿਵਸਥਾ ਸਬੰਧੀ ਸਰਕਾਰ ਦੀ ਕਾਰਗੁਜ਼ਾਰੀ ਦੀ ਪੋਲ ਖੋਲ੍ਹ ਦਿੱਤੀ ਹੈ। ਅਕਾਲੀ-ਭਾਜਪਾ ਸਾਸ਼ਨ ਦੌਰਾਨ ਕਾਂਗਰਸ ਵੱਲੋਂ ਕਾਨੂੰਨ ਵਿਵਸਥਾ ਦੇ ਲੀਹ ਤੋਂ ਲਹਿਣ ਦੇ ਦੋਸ਼ ਲਾਏ ਜਾਂਦੇ ਸਨ ਪਰ ਸੱਤਾ ਹੱਥ ਆਉਣ ਤੋਂ ਬਾਅਦ ਕੈਪਟਨ ਹਕੂਮਤ ਵੀ ਕਾਨੂੰਨ ਵਿਵਸਥਾ ਨੂੰ ਲੀਹ 'ਤੇ ਨਹੀਂ ਲਿਆ ਸਕੀ। ਸੀਨੀਅਰ ਪੁਲੀਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਸਿਆਸੀ ਦਖ਼ਲਅੰਦਾਜ਼ੀ ਕਾਰਨ ਪੁਲੀਸ ਕਰਮਚਾਰੀਆਂ ਤੇ ਅਫ਼ਸਰਾਂ ਵਿਚ ਜ਼ਿੰਮੇਵਾਰੀ ਅਤੇ ਜਵਾਬਦੇਹੀ ਦੀ ਘਾਟ ਰੜਕਣ ਲੱਗੀ ਹੈ। ਪੁਲੀਸ ਅਫ਼ਸਰਾਂ ਦਾ ਮੰਨਣਾ ਹੈ ਕਿ ਪੁਲੀਸ, ਸਿਆਸਤਦਾਨਾਂ ਤੇ ਤਸਕਰਾਂ ਦਰਮਿਆਨ ਬਣੇ ਗੱਠਜੋੜ ਨੂੰ ਤੋੜਨ ਲਈ ਸਰਕਾਰ ਦੇ ਸਾਹਮਣੇ ਕੁਝ ਠੋਸ ਸੁਝਾਅ ਰੱਖੇ ਗਏ ਸਨ ਪਰ ਸਰਕਾਰ ਨੇ ਇਹ ਗੱਠਜੋੜ ਤੋੜਨ ਦੀ ਇੱਛਾ ਨਹੀਂ ਦਿਖਾਈ। ਮੁੱਖ ਮੰਤਰੀ ਵੱਲੋਂ ਨਸ਼ਿਆਂ ਦੀ ਤਸਕਰੀ ਰੋਕਣ ਲਈ ਐੱਸਟੀਐੱਫ ਦੇ ਗਠਨ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਪ੍ਰਾਪਤੀ ਮੰਨਿਆ ਜਾਂਦਾ ਸੀ ਪਰ ਇਸ ਵਿੰਗ ਨੂੰ ਕੋਈ ਵੱਡੀ ਸਫ਼ਲਤਾ ਨਹੀਂ ਮਿਲੀ। ਕੈਪਟਨ ਸਰਕਾਰ ਦੇ ਪਹਿਲੇ ਸਾਲ ਪੁਲੀਸ ਵਿਭਾਗ ਵਿੱਚ ਸਭ ਤੋਂ ਵੱਡੀ ਘਟਨਾ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਨਸ਼ਿਆਂ ਦੀ ਤਸਕਰੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰਨ ਅਤੇ ਉਪਰੰਤ ਸੀਨੀਅਰ ਪੁਲੀਸ ਅਧਿਕਾਰੀਆਂ ਦੀ ਭੂਮਿਕਾ ਮੰਨੀ ਜਾ ਰਹੀ ਹੈ। ਮੋਗਾ ਜ਼ਿਲ੍ਹੇ ਦੇ ਸਾਬਕਾ ਐੱਸਐੱਸਪੀ ਰਾਜਜੀਤ ਸਿੰਘ, ਜਿਸ ਉਪਰ ਇੰਦਰਜੀਤ ਸਿੰਘ ਨੂੰ ਸਰਪ੍ਰਸਤੀ ਦੇਣ ਦੇ ਦੋਸ਼ ਲੱਗੇ ਸਨ, ਵੱਲੋਂ ਹਾਈ ਕੋਰਟ ਵਿੱਚ ਵਧੀਕ ਡੀਜੀਪੀ ਰੈਂਕ ਦੇ ਹੀ ਇੱਕ ਅਧਿਕਾਰੀ ਖਿਲਾਫ਼ ਰਿੱਟ ਪਾਉਣ ਨਾਲ ਅਨੁਸਾਸ਼ਨਬੱਧ ਫੋਰਸ ਦਾ ਇੱਕ ਨਵਾਂ ਕਿਰਦਾਰ ਸਾਹਮਣੇ ਆਇਆ ਹੈ। ਤਕਰੀਬਨ ਦੋ ਦਹਾਕਿਆਂ ਤੋਂ ਪੰਜਾਬ ਦੀ ਜਵਾਨੀ ਨੂੰ ਨਰਕ ਵਿੱਚ ਸੁੱਟਣ ਵਾਲੇ ਨਾਮੀ ਤਸਕਰਾਂ ਤੱਕ ਕਾਨੂੰਨ ਦੇ ਲੰਮੇ ਹੱਥ ਨਹੀਂ ਅੱਪੜ ਰਹੇ। ਪੰਜਾਬ ਪੁਲੀਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਵਿਭਾਗ ਵਿੱਚ ਫੈਲੇ ਭ੍ਰਿਸ਼ਟਾਚਾਰ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਲੁਧਿਆਣਾ, ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਤਰਨ ਤਾਰਨ ਤੇ ਫਿਰੋਜ਼ਪੁਰ ਆਦਿ ਖੇਤਰਾਂ ਵਿੱਚ ਇੰਸਪੈਕਟਰ ਅਤੇ ਸਬ ਇੰਸਪੈਕਟਰ ਰੈਂਕ ਦੇ ਪੁਲੀਸ ਮੁਲਾਜ਼ਮਾਂ ਦੀ ਵੱਡੀ ਗਿਣਤੀ ਹੈ, ਜਿਨ੍ਹਾਂ ਦੇ ਕੁੱਲ ਅਸਾਸੇ 500 ਕਰੋੜ ਤੋਂ ਵੱਧ ਹਨ।




ਨਸ਼ਿਆਂ ਦੀ ਗ੍ਰਿਫ਼ਤ ਵਿੱਚ ਆਏ ਪੰਜਾਬ ਦੇ ਜਵਾਨਾਂ ਦਾ ਮੌਤ ਦੇ ਮੂੰਹ ਵਿਚ ਜਾਣਾ ਪਹਿਲਾਂ ਦੀ ਤਰ੍ਹਾਂ ਜਾਰੀ ਹੈ। ਪਿਛਲੇ ਸਾਢੇ ਕੁ ਪੰਜ ਸਾਲਾਂ ਦੇ ਸਰਕਾਰੀ ਅੰਕੜਿਆਂ ਅਨੁਸਾਰ 609 ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਸਾਲ 2014 ਦੌਰਾਨ 186 ਮੌਤਾਂ ਹੋਈਆਂ, 2015 ਦੌਰਾਨ 144, 2016 ਦੌਰਾਨ 138, 20 17 ਦੌਰਾਨ 11 ਅਤੇ 2018 ਦੌਰਾਨ ਵਿਚ 114 ਅਤੇ 2019 ਵਿਚ ਹੁਣ ਤੱਕ 16 ਮੌਤਾਂ ਹੋ ਚੁੱਕੀਆਂ ਸਨ। ਇਹ ਅੰਕੜੇ ਪੁਲੀਸ ਦੇ ਹਨ ਜਦੋਂ ਕਿ ਗੈਰ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਇਸ ਸਾਲ ਦੌਰਾਨ ਹੀ 200 ਤੋਂ ਵੱਧ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਪੰਜਾਬ ਵਿਚ ਮਾਰਚ 2017 ਤੋਂ ਲੈ ਕੇ 4 ਜੁਲਾਈ 2019 ਤੱਕ ਨਸ਼ਿਆਂ ਦੀ ਤਸਕਰੀ ਨਾਲ ਸਬੰਧਤ 27,706 ਮਾਮਲੇ ਦਰਜ ਕੀਤੇ ਗਏ। ਇਨ੍ਹਾਂ ਮਾਮਲਿਆਂ ਵਿੱਚ 33500 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸਾਲ 2019 ਦੌਰਾਨ 15 ਜੂਨ ਤੱਕ 263 ਕਤਲ, 849 ਅਗਵਾ, 407 ਬਲਾਤਕਾਰ, 7 ਡਕੈਤੀਆਂ, 32 ਰੌਬਰੀ, 69 ਚੋਰੀਆਂ, 534 ਖੋਹਾਂ ਦੇ ਮਾਮਲੇ ਦਰਜ ਕੀਤੇ ਗਏ।

ਪੰਜਾਬ ਪੁਲੀਸ ਵੱਲੋਂ ਅੱਧੀ ਦਰਜਨ ਤੋਂ ਵੱਧ ਨਾਮੀ ਗੈਂਗਸਟਰਾਂ ਨੂੰ ਮੁਕਾਬਲਿਆਂ ਵਿਚ ਮਾਰਨ ਅਤੇ ਤਿੰਨ ਦਰਜਨ ਦੇ ਕਰੀਬ ਨੂੰ ਗ੍ਰਿਫਤਾਰ ਕਰਨ ਦੇ ਦਾਅਵਿਆਂ ਤੋਂ ਬਾਅਦ ਵੀ ਪੰਜਾਬ 'ਗੈਂਗਸਟਰਾਂ' ਦੀ ਦਹਿਸ਼ਤ ਤੋਂ ਮੁਕਤ ਨਹੀਂ ਹੋ ਸਕਿਆ।




ਅੰਮ੍ਰਿਤਸਰ ਟਾਈਮਜ਼ AMRITSAR TIMES
17 ਜੁਲਾਈ 2019 ਤੋਂ 23 ਜੁਲਾਈ 2019

# ਪੰਜਾਬ ਦੇ ਪਾਣੀਆਂ ਦੀ ਲੁੱਟ ਦੇ ਮਨਸੂਬੇ

**- ਮਨਜੀਤ ਸਿੰਘ ਟਿਵਾਣਾ**

ਭਾਰਤੀ ਸੁਪਰੀਮ ਕੋਰਟ ਨੇ ਹਦਾਇਤ ਕੀਤੀ ਹੈ ਕਿ ਪੰਜਾਬ, ਕੇਂਦਰ ਤੇ ਹਰਿਆਣਾ ਸਰਕਾਰਾਂ ਵਿਵਾਦਿਤ ਸਤਲੁਜ-ਯਮੁਨਾ ਲਿੰਕ (ਐਸਵਾਈਐਲ) ਨਹਿਰ ਨੂੰ ਨੇਪਰੇ ਚਾੜ੍ਹਨ ਲਈ ਆਪਸ ਵਿਚ ਬੈਠ ਕੇ ਫੈਸਲਾ ਲੈ ਲੈਣ। ਐਸਵਾਈਐਲ ਨਹਿਰ ਦੀ ਉਸਾਰੀ ਪੰਜਾਬ ਦੇ ਪਾਣੀਆਂ ਨੂੰ ਮੁਫਤ ਵਿਚ ਲੁੱਟ ਕੇ ਹਰਿਆਣੇ ਨੂੰ ਦੇਣ ਦੀ ਇਕ ਚਿਰੋਕਣੀ ਚਾਲ ਦਾ ਹਿੱਸਾ ਹੈ। ਪੰਜਾਬ ਨਾਲ ਹੋ ਰਹੀ ਇਸ ਧੱਕੇਸ਼ਾਹੀ ਨੂੰ ਪੂਰੀ ਤਰ੍ਹਾਂ ਸਮਝਣ ਲਈ ਸਾਨੂੰ ਇਤਿਹਾਸ ਦੇ ਕੁਝ ਵਰਕੇ ਫਰੋਲਣ ਦੀ ਲੋੜ ਹੈ।

ਪੰਜਾਬ ਹਮੇਸ਼ਾ ਤੋਂ ਖੇਤੀ ਪ੍ਰਧਾਨ ਸੂਬਾ ਰਿਹਾ ਹੈ। ਕੁਦਰਤ ਨੇ ਇਥੋਂ ਦੀ ਮਿੱਟੀ, ਪੌਣ-ਪਾਣੀ ਤੇ ਰਈਅਤ ਨੂੰ ਖੇਤੀ ਅਨੁਕੂਲ ਬਰਕਤਾਂ ਨਾਲ ਨਿਵਾਜਿਆ ਹੈ। ਇਥੇ ਵਗਦੇ ਪੰਜ ਦਰਿਆਵਾਂ ਦੇ ਨਾਮ ਉਤੇ ਹੀ ਇਸ ਧਰਤੀ ਦਾ ਨਾਮਕਰਨ ਪੰਜਾਬ (ਪੰਜ-ਆਬ) ਹੋਇਆ। "ਦੇਸ-ਪੰਜਾਬ" ਸਦੀਆਂ ਤੋਂ ਇਕ ਵੱਖਰਾ ਆਜ਼ਾਦ ਹਸਤੀ ਵਾਲਾ ਖਿੱਤਾ ਰਿਹਾ ਹੈ। ਇਤਿਹਾਸ ਵਿਚ ਅਨੇਕਾਂ ਘਟਨਾਵਾਂ ਤੇ ਵੇਰਵੇ ਪੰਜਾਬ ਦੇ ਹਿੰਦੋਸਤਾਨ ਨਾਲੋਂ ਇਕ ਵੱਖਰਾ ਆਜ਼ਾਦ ਦੇਸ਼ ਹੋਣ ਦੀ ਸ਼ਾਹਦੀ ਭਰਦੇ ਹਨ। ਪੰਦਰਵੀਂ ਸਦੀ 'ਚ ਗੁਰੂ ਨਾਨਕ ਸਾਹਿਬ ਦੀ ਆਮਦ ਤੋਂ ਬਾਅਦ ਇਸ ਖਿੱਤੇ ਵਿਚ ਸਿੱਖ ਧਰਮ ਦੇ ਰੂਪ ਵਿਚ ਇਕ ਇਤਿਹਾਸਕ ਤੇ ਅਲੌਕਿਕ ਇਨਕਲਾਬ ਦੀ ਸ਼ੁਰੂਆਤ ਹੋਈ। ਸਿੱਖਾਂ ਨੇ ਇਸ ਧਰਤੀ ਨੂੰ ਨਾ-ਸਿਰਫ ਤਨੋਂ-ਮਨੋਂ ਅਪਣਾਇਆ, ਸਗੋਂ ਉਹਨਾਂ ਨੇ ਇਸ ਸਰਜ਼ਮੀਂ ਦੀ ਆਜ਼ਾਦੀ ਤੇ ਅਣਖ-ਆਬਰੂ ਲਈ ਕੁਰਬਾਨੀਆਂ ਦੀ ਝੜੀ ਲਗਾ ਦਿੱਤੀ। ਆਪਣੀ ਜਾਂਬਾਜ਼ੀ, ਸ਼ਹਾਦਤਾਂ ਤੇ ਸਿੱਖ ਗੁਰੂਆਂ ਵੱਲੋਂ ਬਖਸ਼ੀ "ਪਾਤਸ਼ਾਹੀ" ਦੀ ਬਦੌਲਤ ਸਿੱਖ ਅੱਜ ਤਕ ਇਸ ਧਰਤੀ ਦੇ ਸੱਚੇ ਵਾਰਿਸ ਬਣੇ ਆ ਰਹੇ ਹਨ। ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਸੰਨ ੧੯੪੭ 'ਚ ਹੋਈ ਭਾਰਤ-ਪਾਕਿ ਵੰਡ ਦਰਅਸਲ ਦੇਸ-ਪੰਜਾਬ ਦੀ ਵੰਡ ਸੀ। ਹਿੰਦੋਸਤਾਨ ਨੇ ਸੰਨ ੧੯੪੭ ਤੋਂ ਬਾਅਦ ਤੋਂ ਹੀ ਪੰਜਾਬ ਨੂੰ ਆਪਣੀ ਇਕ ਬਸਤੀ ਵੱਜੋਂ ਲਿਆ ਹੈ। ਪਹਿਲਾਂ ਪੰਜਾਬੀ ਬੋਲੀ ਦੇ ਨਾਂ ਉਤੇ ਪੂਰੇ ਦੇਸ਼ ਤੋਂ ਉਲਟ ਪੰਜਾਬੀ ਸੂਬੇ ਦੀ ਕਾਇਮੀ ਤੋਂ ਨਾਂਹ ਕਰਨੀ, ਫਿਰ ਲੰਮੇ ਸੰਘਰਸ਼ ਤੋਂ ਬਾਅਦ ਬਣਾਏ ਗਏ ਪੰਜਾਬ ਰਾਜ ਨੂੰ ਹਰ ਹੀਲੇ-ਵਸੀਲੇ ਛੋਟੇ ਤੋਂ ਛੋਟਾ ਕਰਨਾ, ਰਾਜਧਾਨੀ ਚੰਡੀਗੜ੍ਹ ਖੋਹ ਲੈਣੀ, ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਤੋਂ ਬਾਹਰ ਕਰਨਾ, ਪੰਜਾਬ ਦੇ ਪਾਣੀਆਂ ਨੂੰ ਅੰਤਰਰਾਸ਼ਟਰੀ ਰਾਇਪੇਰੀਅਨ ਕਾਨੂੰਨ ਦੀ ਉਲੰਘਣਾ ਕਰ ਕੇ ਧੱਕੇ ਨਾਲ ਖੋਹ ਕੇ ਲੈ ਜਾਣਾ, ਪੰਜਾਬ ਦੇ ਗਵਾਂਢੀ ਰਾਜ ਨੂੰ ਇੰਡਸਟਰੀਅਲ ਰਿਆਇਤਾਂ ਦੇ ਕੇ ਪੰਜਾਬ ਦੇ ਉਦਯੋਗ ਨੂੰ ਤਬਾਹ ਕਰਨਾ ਅਤੇ ਪੰਜਾਬ ਦੇ ਹੱਕਾਂ ਲਈ ਲੜਨ-ਮਰਨ ਵਾਲੀ ਸਿੱਖ ਕੌਮ ਦੀ ਸੋਚੀ-ਸਮਝੀ ਰਣਨੀਤੀ ਨਾਲ ਨਸਲਕੁਸ਼ੀ ਕਰਨੀ ਆਦਿ ਹਿੰਦੋਸਤਾਨੀ ਹਕੂਮਤ ਦੀ ਇਸ ਬਸਤੀਵਾਦੀ ਨੀਤੀ ਦੀਆਂ ਮੂੰਹ ਬੋਲਦੀਆਂ ਉਦਾਹਰਣਾਂ ਹਨ। ਪੰਜਾਬ ਦੇ ਇਤਿਹਾਸ ਦੀ ਇਹ ਸੰਖੇਪ ਜਾਣਕਾਰੀ ਪੰਜਾਬ ਦੇ ਪਾਣੀਆਂ ਦੀ ਮੌਜੂਦਾ ਲੁੱਟ ਦੀ ਖੇਡ ਨੂੰ ਸਹੀ ਰੂਪ ਵਿਚ ਸਮਝਣ ਲਈ ਜ਼ਰੂਰੀ ਹੈ।

ਪੰਜਾਬ ਦਾ ਪਾਣੀ ਇਸ ਦੀ ਸਾਹ ਰਗ ਹੈ। ਇਸ ਸਾਹ ਰਗ 'ਤੇ ਲਗਾਤਾਰ ਹਮਲੇ ਦੇਸ-ਪੰਜਾਬ ਨੂੰ ਜੜ੍ਹ ਤੋਂ ਹੀ ਨੇਸਤਾਨਾਬੂਦ ਕਰਨ ਦੀ ਰਣਨੀਤੀ ਦਾ ਹੀ ਹਿੱਸਾ ਹਨ। ਹਿੰਦੋਸਤਾਨ ਦੇ ਕੇਂਦਰ ਵਿਚ ਭਾਵੇਂ ਭਾਜਪਾ ਦੀ ਸਰਕਾਰ ਹੋਵੇ, ਭਾਵੇਂ ਕਾਂਗਰਸ ਜਾਂ ਕਿਸੇ ਹੋਰ ਦੂਜੇ-ਤੀਜੇ ਫਰੰਟ ਦੀ, ਪੰਜਾਬ ਪ੍ਰਤੀ ਕੇਂਦਰੀ ਸਰਕਾਰਾਂ ਦਾ ਰਵੱਈਆ ਉਪਰੋਕਤ ਇਤਿਹਾਸਕ ਸਚਾਈ ਵਿਚੋਂ ਹੀ ਘੜਿਆ ਜਾਂਦਾ ਆ ਰਿਹਾ ਹੈ। ਪੰਜਾਬ ਦੇ ਪਾਣੀਆਂ ਦੀ ਮੁੜ ਲੁੱਟ ਕਰਨ ਲਈ ਹੋ ਰਹੇ ਤਾਜ਼ਾ ਹਮਲੇ ਵੀ ਇਸੇ ਕੜੀ ਦਾ ਹੀ ਹਿੱਸਾ ਹਨ।

ਸੁਪਰੀਮ ਕੋਰਟ ਦੇ ਤਾਜ਼ਾ ਹੁਕਮਾਂ ਤੋਂ ਪਹਿਲਾਂ ਕੇਂਦਰੀ ਮੰਤਰੀ ਨਿਤਿਨ ਗਡਕਰੀ ਕਹਿੰਦਾ ਹੈ ਕਿ ਪਾਕਿਸਤਾਨ ਨੂੰ ਜਾਂਦਾ ਪਾਣੀ ਰੋਕ ਕੇ, ਉਸ ਨੂੰ ਹਰਿਆਣੇ ਤੇ ਪੰਜਾਬ ਨੂੰ ਦਿੱਤਾ ਜਾਵੇਗਾ। ਪੰਜਾਬ ਦੁਹਾਈ ਦੇ ਰਿਹਾ ਹੈ ਕਿ ਉਸ ਪਾਸ ਪਾਣੀ ਦੀ ਇੱਕ ਵੀ ਬੂੰਦ ਵਾਧੂ ਨਹੀਂ, ਸਤਲੁਜ ਤੇ ਬਿਆਸ ਦਰਿਆਵਾਂ ਦਾ ਓਹੀ ਵਾਧੂ ਪਾਣੀ ਪਾਕਿਸਤਾਨ ਨੂੰ ਜਾਣਾ ਹੈ, ਜਿਹੜਾ ਪੰਜਾਬ ਦੀ ਵਰਤੋਂ 'ਚੋਂ ਬਚੇਗਾ। ਇਸ ਤਰ੍ਹਾਂ ਪਾਕਿਸਤਾਨ ਨੂੰ ਜਾਂਦੇ ਪਾਣੀ ਨੂੰ ਰੋਕਣ ਦੇ ਬਹਾਨੇ, ਪੰਜਾਬ ਦੇ ਪਾਣੀ 'ਤੇ ਡਾਕਾ ਮਾਰਨ ਦੀ ਡੂੰਘੀ ਸਾਜਿਸ਼ ਘੜੀ ਗਈ ਹੈ। ਇਹ ਰਮਜ਼ ਸਮਝਣ ਵਾਲੀ ਹੈ ਕਿ ਹਰਿਆਣੇ ਵੱਲੋਂ ਇਕ ਪਾਸੇ ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਦਾ ਰੌਲਾ ਪਾਇਆ ਜਾ ਰਿਹਾ ਹੈ, ਦੂਜੇ ਪਾਸੇ ਗਡਕਰੀ ਪਾਕਿਸਤਾਨ ਨੂੰ ਜਾਂਦੇ ਪਾਣੀ ਨੂੰ ਰੋਕਣ ਦੇ ਬਹਾਨੇ ਹਰਿਆਣੇ ਨੂੰ ਪਾਣੀ ਦੇਣ ਦਾ ਐਲਾਨ ਕਰਦਾ ਹੈ।

ਪੰਜ-ਆਬ ਨੂੰ ਵੰਡ ਨੇ ਪਹਿਲਾਂ ਹੀ 'ਢਾਈ-ਆਬ' ਬਣਾ ਦਿੱਤਾ ਹੈ, ਉਸ ਨੂੰ ਹੁਣ ਰੇਗਿਸਤਾਨ ਬਣਾਉਣ ਦੀ ਸਾਜਿਸ਼ ਹੋ ਰਹੀ ਹੈ। ਪੰਜਾਬ ਅਤੇ ਹਰਿਆਣਾ ਵਿਚਾਲੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਪਾਣੀ ਦੇ ਬਟਵਾਰੇ ਦਾ ਕੇਸ ਬਣਾ ਦਿੱਤਾ ਹੋਇਆ ਹੈ, ਜਦਕਿ ਪਾਣੀ ਉਤੇ ਸਿਰਫ ਤੇ ਸਿਰਫ ਪੰਜਾਬ ਦਾ ਹੱਕ ਹੈ। ਇਸ ਦੀ ਹਰਿਆਣੇ ਜਾਂ ਕਿਸੇ ਹੋਰ ਰਾਜ ਨਾਲ ਵੰਡ ਦੀ ਕੋਈ ਵਜ੍ਹਾ ਹੀ ਨਹੀਂ ਹੈ। ਇਸ ਲਈ ਜੇ ਸਤਲੁਜ-ਯਮੁਨਾ ਨਹਿਰ ਦੇ ਜ਼ਰੀਏ ਹਰਿਆਣੇ ਨੂੰ ਪਾਣੀ ਦੇਣਾ ਵੀ ਹੋਵੇ ਤਾਂ ਇਹ ਇਕ ਖੈਰਾਤ ਤਾਂ ਹੋ ਸਕਦੀ ਹੈ ਪਰ ਹਰਿਆਣੇ ਦਾ ਹੱਕ ਕਦੇ ਵੀ ਨਹੀਂ ਹੋ ਸਕਦਾ, ਜਿਹਾ ਕਿ ਪਰਚਾਰਿਆ ਜਾ ਰਿਹਾ ਹੈ। ਇਹ ਪੰਜਾਬ ਦੀ ਮਰਜ਼ੀ ਹੈ ਕਿ ਉਸ ਨੇ ਹਰਿਆਣੇ ਨੂੰ ਪਾਣੀ ਦੇਣਾ ਹੈ ਜਾਂ ਨਹੀਂ। ਰਾਇਪੇਰੀਅਨ ਸਿਧਾਂਤ ਅਨੁਸਾਰ ਪੰਜਾਬ ਦੇ ਪਾਣੀਆਂ 'ਤੇ ਪਹਿਲਾ ਹੱਕ ਪੰਜਾਬ ਦਾ ਹੈ।

ਹੁਣ ਜਦੋਂ ਪੰਜਾਬ ਵਿਚ ਪਹਿਲਾਂ ਹੀ ਪਾਣੀ ਦੀ ਘਾਟ ਪੈਦਾ ਹੋ ਰਹੀ ਹੈ ਤਾਂ ਹਰਿਆਣੇ ਨੂੰ ਹੋਰ ਪਾਣੀ ਦੇਣ ਦਾ ਕੀ ਤਰਕ ਰਹਿ ਗਿਆ ਹੈ। ਅੱਜ ਐਸਵਾਈਐਲ ਰਾਹੀਂ ਬੇਸ਼ੱਕ ਪਾਣੀ ਹਰਿਆਣੇ ਨੂੰ ਨਹੀਂ ਜਾ ਰਿਹਾ ਹੈ ਪਰ ਪੰਜਾਬ ਦਾ ਪਾਣੀ ਰਾਜਸਥਾਨ ਫੀਡਰ ਰਾਹੀਂ ਲਗਾਤਾਰ ਲੁੱਟਿਆ ਜਾ ਰਿਹਾ ਹੈ। ਪੰਜਾਬ ਦੇ ਦਰਿਆਵਾਂ ਦਾ ਅੱਧ ਤੋਂ ਵੱਧ ਪਾਣੀ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਪਹਿਲਾਂ ਹੀ ਮੁਫਤ ਵਿਚ ਜਾ ਰਿਹਾ ਹੈ।

ਇਹ ਬਹੁਤ ਗੰਭੀਰ ਮਾਮਲਾ ਹੈ ਜੋ ਪੰਜਾਬ ਦੇ ਭਵਿੱਖ ਤੇ ਹੋਂਦ ਨਾਲ ਜੁੜਿਆ ਹੋਇਆ ਹੈ। ਪੰਜਾਬ ਨੂੰ ਬਚਾਉਣ ਲਈ ਇਸ ਸਮੇਂ ਵੀ ਸਿੱਖਾਂ ਨੂੰ ਹੀ ਅੱਗੇ ਆਉਣਾ ਪਵੇਗਾ। ਪੰਜਾਬ ਨੂੰ ਤਬਾਹ ਕਰਨ ਦੀ ਘੜੀ ਗਈ ਸਾਜ਼ਿਸ਼ ਦਾ ਪਰਤ-ਦਰ-ਪਰਤ ਸੱਚ ਪੰਜਾਬ ਦੇ ਆਮ ਲੋਕਾਂ ਅਤੇ ਵਿਸ਼ਵ ਭਾਈਚਾਰੇ ਸਾਹਮਣੇ ਲਿਆਂਦਾ ਜਾਣਾ ਚਾਹੀਦਾ ਹੈ। ਬੀਤੇ ਵਿਚ ਪੰਜਾਬ ਦੇ ਪਾਣੀਆਂ ਦੀ ਇਸ ਲੁੱਟ ਨੂੰ ਰੋਕਣ ਲਈ ਪੰਜਾਬ ਦੇ ਹਜ਼ਾਰਾਂ ਸਿੱਖ ਨੌਜਵਾਨਾਂ ਨੇ ਆਪਣੀਆਂ ਜਾਨਾਂ ਨਿਛਾਵਰ ਕੀਤੀਆਂ। ਹੁਣ ਮੁੜ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਜੇ ਅਜਿਹਾ ਹੋ ਗਿਆ ਤਾਂ ਪੰਜਾਬ ਨੂੰ ਰੇਗਿਸਤਾਨ ਬਣਨ ਤੋਂ ਕੋਈ ਤਾਕਤ ਬਚਾ ਨਹੀਂ ਸਕੇਗੀ।

## ਬਰਗਾੜੀ ਮਾਮਲਾ

# ਜਾਂਚ-ਅਦਾਲਤਾਂ, ਸਿਆਸਤ ਅਤੇ ਸਿੱਖ



**ਡੇਰਾ ਸੌਦਾ ਸਿਰਸਾ ਦੇ ਮੁਖੀ ਨੂੰ ਬਿਨ ਮੰਗੀ ਮਾਫੀ ਦਿਵਾਉਣ, ਬੇਅਦਬੀ ਮਾਮਲਿਆਂ ਬਾਰੇ ਢੁਕਵੀਂ ਕਾਰਵਾਈ ਨਾ ਕਰਨ ਅਤੇ ਬੇਅਦਬੀ ਦੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕਰ ਰਹੇ ਨਿਹੱਥੇ ਸਿੱਖਾਂ ਉੱਤੇ ਪੰਜਾਬ ਪੁਲਿਸ ਕੋਲੋਂ ਗੋਲੀਬਾਰੀ ਕਰਵਾਉਣ ਕਾਰਨ ਸਿੱਖਾਂ ਦੀਆਂ ਦੁਰਕਾਰਾਂ ਤੇ ਫਿਟਕਾਰਾਂ ਲੈਣ ਵਾਲੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂ ਸੁਖਬੀਰ ਸਿੰਘ ਬਾਦਲ ਨੇ ਸੀਬੀਆਈ ਵੱਲੋਂ ਬੇਅਦਬੀ ਮਾਮਲੇ ਬੰਦ ਕਰਨ ਦੀ ਨਿੰਦਾ ਕੀਤੀ ਹੈ। ਹੋ ਸਕਦਾ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਲੱਗਦਾ ਹੋਵੇ ਕਿ ਇੰਝ ਕਰਨ ਨਾਲ ਸ਼੍ਰੋ.ਅ.ਦ. (ਬ) ਦਾ ਅਕਸ ਸੁਧਾਰਿਆ ਜਾ ਸਕਦਾ ਹੈ ਪਰ ਇਸ ਦਲ ਦੀਆਂ ਬੀਤੇ ਸਮੇਂ ਦੀਆਂ ਕਾਰਵਾਈਆਂ ਇੰਨੀਆਂ ਸਿਆਹ ਹਨ ਕਿ ਇਨ੍ਹਾਂ ਦੇ ਦਾਗ ਇੰਝ ਨਹੀਂ ਧੋਤੇ ਜਾਣੇ।**

**ਪਰਮਜੀਤ ਸਿੰਘ**

ਸਿੱਖ ਭਾਵਨਾਵਾਂ ਦੀ ਪਰਵਾਹ ਨਾ ਕਰਦਿਆਂ ਬਰਗਾੜੀ ਬੇਅਦਬੀ ਮਾਮਲੇ ਵਿਚ ਸ਼ੁਰੂ ਤੋਂ ਹੀ ਉਦਾਸੀਨ ਰਵੱਈਆ ਅਪਨਾਉਣ ਵਾਲੀ ਭਾਰਤ ਸਰਕਾਰ ਦੀ ਜਾਂਚ ਏਜੰਸੀ ਸੈਂਟਰਲ ਬਿਊਰੋ ਆਫ ਇਨਵੈਸਟੀਗੇਸ਼ਨ (ਸੀਬੀਆਈ) ਨੇ ਮੁਹਾਲੀ ਦੀ ਖਾਸ ਅਦਾਲਤ ਨੂੰ ਬਰਗਾੜੀ ਬੇਅਦਬੀ ਮਾਮਲੇ ਨੂੰ ਬੰਦ ਕਰ ਦੇਣ ਲਈ ਕਿਹਾ ਹੈ।

ਜ਼ਿਕਰਯੋਗ ਹੈ ਕਿ ਡੇਰਾ ਸਿਰਸਾ ਦੇ ਪੈਰੋਕਾਰਾਂ ਨੇ 1 ਜੂਨ 2015 ਨੂੰ ਬੁਰਜ ਜਵਾਹਰ ਸਿੰਘ ਵਾਲਾ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਕੇ; 25 ਸਤੰਬਰ 2015 ਨੂੰ ਉਸੇ ਪਿੰਡ ਵਿਚ ਗੁਰੂ ਸਾਹਿਬ ਦੇ ਸਰੂਪ ਚੋਰੀ ਕਰਨ ਦੀ ਜਿੰਮੇਵਾਰੀ ਚੁੱਕ ਕੇ ਅਤੇ ਸਰੂਪ ਦੀ ਘੋਰ ਬੇਅਦਬੀ ਕਰਨ ਦੀ ਧਮਕੀ ਦੇ ਕੇ; ਅਤੇ ਫਿਰ 12 ਅਕਤੂਬਰ 20 15 ਨੂੰ ਬਰਗਾੜੀ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਘੋਰ ਬੇਅਦਬੀ ਕਰਕੇ ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰੇ ਸਨ। ਸਿੱਖਾਂ ਦੇ ਰੋਹ ਦਾ ਲਾਵਾ ਫੁੱਟਣ ਤੋਂ ਬਾਅਦ ਤਤਕਾਲੀ ਸ਼੍ਰੋਮਣੀ ਅਕਾਲੀ ਦਲ (ਬਾਦਲ)-ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ ਨੇ ਉਕਤ ਤਿੰਨ ਮਾਮਲਿਆਂ ਦੀ ਜਾਂਚ 26 ਅਕਤੂਬਰ 2015 ਨੂੰ ਸੀਬੀਆਈ ਨੂੰ ਸੌਂਪ ਦਿੱਤੀ ਸੀ। ਸ਼ੁਰੂਆਤੀ ਤੌਰ 'ਤੇ ਰਸਮੀ ਕਾਰਵਾਈ ਤੋਂ ਬਾਅਦ ਸੀਬੀਆਈ ਨੇ ਇਸ ਮਾਮਲੇ ਵਿਚ ਤਕਰੀਬਨ ਤਿੰਨ ਸਾਲ ਤਕ ਕੋਈ ਕਾਰਵਾਈ ਨਹੀਂ ਕੀਤੀ।

ਬੀਤੇ ਵਰ੍ਹੇ ਦੇ ਸ਼ੁਰੂ ਵਿਚ ਇਹ ਖਬਰਾਂ ਆਈਆਂ ਸਨ ਕਿ ਪੰਜਾਬ ਪੁਲਿਸ ਦੀ ਇੱਕ ਜਾਂਚ ਟੋਲੀ ਵੱਲੋਂ ਬਰਗਾੜੀ ਬੇਅਦਬੀ ਮਾਮਲੇ ਦੇ ਦੋਸ਼ੀ ਡੇਰਾ ਸਿਰਸਾ ਦੇ ਪੈਰੋਕਾਰਾਂ ਦੀ ਪੈੜ ਨੱਪ ਲਈ ਗਈ ਸੀ ਪਰ ਉੱਪਰੋਂ ਹੁਕਮ ਆ ਜਾਣ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ।

ਫਿਰ ਪਿਛਲੇ ਸਾਲ ਜੂਨ ਮਹੀਨੇ ਵਿਚ ਭਾਈ ਧਿਆਨ ਸਿੰਘ ਮੰਡ ਵਲੋਂ ਬਰਗਾੜੀ ਵਿਖੇ ਰੋਸ ਧਰਨਾ ਸ਼ੁਰੂ ਕਰਨ ਤੋਂ ਬਾਅਦ ਬੇਅਦਬੀ ਮਾਮਲਿਆਂ ਵਿਚ ਪੰਜਾਬ ਸਰਕਾਰ ਦੇ ਕੁਝ ਮੰਤਰੀ, ਜਿਨ੍ਹਾਂ ਵਿਚ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਮੁੱਖ ਹਨ, ਵੱਲੋਂ ਇਸ ਧਰਨੇ ਅਤੇ ਬੇਅਦਬੀ ਮਾਮਲਿਆਂ ਵਿਚ ਰੁਚੀ ਲੈਣ ਤੋਂ ਬਾਅਦ ਕੁਝ ਹਿਲਜੁਲ ਹੁੰਦੀ ਦਿਸਣ ਲੱਗੀ।

28 ਅਗਸਤ 2018 ਨੂੰ ਪੰਜਾਬ ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਉੱਤੇ ਹੋਈ ਬਹਿਸ ਦੌਰਾਨ ਪੰਜਾਬ ਸਰਕਾਰ ਦੇ ਮੰਤਰੀਆਂ ਤੇ ਵਿਧਾਇਕਾਂ ਨੇ ਵੱਡੇ-ਵੱਡੇ ਦਾਅਵੇ ਕੀਤੇ ਤੇ ਬਾਦਲਾਂ ਦੀ ਕਰੜੀ ਨਿੰਦਾ ਕੀਤੀ। ਇਸੇ ਦਿਨ ਵਿਧਾਨ ਸਭਾ ਨੇ ਸੀਬੀਆਈ ਕੋਲੋਂ ਬਰਗਾੜੀ ਬੇਅਦਬੀ ਨਾਲ ਸਬੰਧਤ ਤਿੰਨਾਂ ਮਾਮਲਿਆਂ ਦੀ ਜਾਂਚ ਵਾਪਸ ਲੈਣ ਦਾ ਮਤਾ ਵੀ ਪਾਇਆ ਗਿਆ। ਇਸ ਮਤੇ ਤੋਂ ਬਾਅਦ ਅਮਰਿੰਦਰ ਸਿੰਘ ਸਰਕਾਰ ਨੇ ਇਹ ਜਾਂਚ ਸੀਬੀਆਈ ਤੋਂ ਵਾਪਸ ਮੰਗੀ ਸੀ ਪਰ ਇਸ ਜਾਂਚ ਏਜੰਸੀ ਨੇ ਪੰਜਾਬ ਸਰਕਾਰ ਦੀ ਬੇਨਤੀ ਨੂੰ ਟਿੱਚ ਜਾਣਿਆ।

ਬਾਅਦ ਵਿਚ ਪੰਜਾਬ ਪੁਲਿਸ ਨੇ ਮਹਿੰਦਰਪਾਲ ਬਿੱਟੂ ਸਮੇਤ ਕੁਝ ਹੋਰ ਡੇਰਾ ਪੈਰੋਕਾਰਾਂ ਨੂੰ ਗ੍ਰਿਫਤਾਰ ਕਰ ਲਿਆ। ਮਹਿੰਦਰਪਾਲ ਬਿੱਟੂ ਡੇਰਾ ਸੌਦਾ ਸਿਰਸਾ ਦੇ ਪੰਜਾਬ ਵਿਚਲੇ ਮੁਹਰੀ ਬੰਦਿਆਂ ਵਿਚੋਂ ਇਕ ਸੀ। ਪਹਿਲਾਂ ਇਨ੍ਹਾਂ ਦੀ ਗ੍ਰਿਫਤਾਰੀ ਸਾਲ 2011 ਦੇ ਇਕ ਸਾੜਫੂਕ ਦੇ ਮਾਮਲੇ ਵਿਚ ਕੀਤੀ ਗਈ ਅਤੇ ਬਾਅਦ ਵਿਚ ਉਨ੍ਹਾਂ ਉੱਤੇ ਜਨਮ ਸਾਖੀ ਦੀ ਬੇਅਦਬੀ ਦਾ ਇਕ ਹੋਰ ਮਾਮਲਾ ਦਰਜ ਕੀਤਾ ਗਿਆ। ਫਿਰ ਇਹ ਦੱਸਿਆ ਗਿਆ ਕਿ ਇਹੀ ਡੇਰਾ ਪੈਰੋਕਾਰ ਗੁਰੂਸਰ ਜਲਾਲ ਤੇ ਮੱਲਕੇ ਵਿਖੇ ਹੋਈਆਂ ਬੇਅਦਬੀ ਦੀ ਘਟਨਾਵਾਂ ਲਈ ਵੀ ਜਿੰਮੇਵਾਰ ਹਨ। ਇਸੇ ਦੌਰਾਨ ਪੰਜਾਬ ਪੁਲਿਸ ਨੇ ਖੁਲਾਸਾ ਕੀਤਾ ਕਿ ਇਹੀ ਲੋਕ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਬੇਅਦਬੀ ਮਾਮਲਿਆਂ ਵਿਚ ਵੀ ਦੋਸ਼ੀ ਹਨ ਤੇ ਪੰਜਾਬ ਪੁਲਿਸ ਨੇ ਇਸ ਮਾਮਲੇ ਦੇ ਸਬੂਤ ਸੀਬੀਆਈ ਨੂੰ ਸੌਂਪ ਦਿੱਤੇ। ਸੀਬੀਆਈ ਨੇ ਮਹਿੰਦਰਪਾਲ ਬਿੱਟੂ, ਸੁਖਜਿੰਦਰ ਅਤੇ ਸ਼ਕਤੀ ਕੰਡਾ ਨੂੰ ਇਨ੍ਹਾਂ ਮਾਮਲਿਆਂ ਵਿਚ ਨਾਮਜ਼ਦ ਕਰ ਲਿਆ।

ਇਸ ਸਾਰੇ ਕਾਸੇ ਦੌਰਾਨ ਜਗਤਾਰ ਸਿੰਘ ਜੱਗੀ ਜੌਹਲ ਅਤੇ ਰਾਜਾਸਾਂਸੀ ਧਮਾਕੇ ਦੇ ਕਥਿਤ ਦੋਸ਼ੀਆਂ ਦੀ ਗ੍ਰਿਫਤਾਰੀ ਵੇਲੇ ਖੁੱਲ੍ਹ ਕੇ ਪੱਤਰਕਾਰਾਂ ਸਾਹਮਣੇ ਆਉਣ ਵਾਲੇ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਡੇਰਾ ਪੈਰੋਕਾਰਾਂ ਦੀ ਬੇਅਦਬੀ ਮਾਮਲਿਆਂ ਵਿਚ ਹੋਈ ਗ੍ਰਿਫਤਾਰੀ ਬਾਰੇ ਚੁੱਪ ਵੱਟ ਛੱਡੀ। ਸਿਰਫ ਇਹ ਹੀ ਨਹੀਂ ਅਮਰਿੰਦਰ ਸਿੰਘ ਇਸ ਮਾਮਲੇ ਵਿਚ ਡੇਰਾ ਪੈਰੋਕਾਰਾਂ ਦਾ ਨਾਂ ਤਕ ਸੁਣਨ ਲਈ ਵੀ ਤਿਆਰ ਨਹੀਂ ਸੀ ਅਤੇ ਉਹ ਬੇਅਦਬੀ ਮਾਮਲਿਆਂ ਵਿਚ ਡੇਰਾ ਪੈਰੋਕਾਰਾਂ ਦੀ ਗ੍ਰਿਫਤਾਰੀ ਤੋਂ ਬਾਅਦ ਵੀ ਇਨ੍ਹਾਂ ਘਟਨਾਵਾਂ ਪਿੱਛੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ. ਦਾ ਹੱਥ ਦੱਸਦਾ ਰਿਹਾ (ਵੇਖੋ - 103 Seconds Interaction on Beadbi Issue Tells It All)।

ਲੰਘੀ 22 ਜੂਨ 2019 ਨੂੰ ਇਹ ਖਬਰ ਆਈ ਕਿ ਬੇਅਦਬੀ ਮਾਮਲੇ ਦੇ ਦੋਸ਼ੀ ਮਹਿੰਦਰਪਾਲ ਬਿੱਟੂ ਨੂੰ ਨਾਭਾ ਜੇਲ੍ਹ ਵਿਚ ਨਜ਼ਰਬੰਦ ਦੋ ਹੋਰਨਾਂ ਬੰਦੀਆਂ ਨੇ ਮਾਰ ਦਿੱਤਾ ਹੈ।13 ਜੁਲਾਈ ਨੂੰ ਇਹ ਖਬਰ ਨਸ਼ਰ ਹੋਈ ਹੈ ਕਿ ਬੇਅਦਬੀ ਮਾਮਲਿਆਂ ਵਿਚ ਦੋਸ਼ੀ ਮਹਿੰਦਰਪਾਲ ਬਿੱਟੂ ਦੇ ਹੋਰਨਾਂ ਸਾਥੀਆਂ ਨੂੰ ਅਦਾਲਤ ਵੱਲੋਂ ਜ਼ਮਾਨਤ ਉੱਤੇ ਰਿਹਾਅ ਕਰ ਦਿੱਤਾ ਗਿਆ ਹੈ। ਇਹ ਰਿਹਾਈਆਂ ਮਹਿੰਦਰਪਾਲ ਬਿੱਟੂ ਦੀ ਮੌਤ ਤੋਂ ਬਾਅਦ ਧਰਨੇ ਲਾਉਣ ਦੀਆਂ ਧਮਕੀਆਂ ਦੇਣ ਵਾਲੇ ਡੇਰਾ ਪੈਰੋਕਾਰਾਂ ਅਤੇ ਪੰਜਾਬ ਸਰਕਾਰ ਦਰਮਿਆਨ ਹੋਈ ਗੱਲਬਾਤ ਤੋਂ ਬਾਅਦ ਹੋਈਆਂ ਹਨ।

ਸਾਡੇ ਵੱਲੋਂ ਹਾਸਲ ਕੀਤੇ ਗਏ ਅਦਾਲਤੀ ਦਸਤਾਵੇਜ਼ਾਂ ਤੋਂ ਇਹ ਪਤਾ ਲੱਗਾ ਹੈ ਕਿ ਲੰਘੀ 4 ਜੁਲਾਈ 2019 ਨੂੰ ਹੀ ਸੀਬੀਆਈ ਦੇ ਸੁਪਰੀਟੈਂਡੈਂਟ ਆਫ ਪੁਲਿਸ ਨੇ ਬਰਗਾੜੀ ਬੇਅਦਬੀ ਮਾਮਲੇ ਨਾਲ ਜੁੜੇ ਤਿੰਨਾਂ ਮਾਮਲਿਆਂ ਨੂੰ ਬੰਦ ਕਰਨ ਦੀ ਅਰਜੀ ਸੀਬੀਆਈ ਦੀ ਮੁਹਾਲੀ ਸਥਿਤ ਖਾਸ ਅਦਾਲਤ ਵਿਚ ਲਾਈ ਹੈ ਅਤੇ ਕਿਹਾ ਹੈ ਕਿ ਇਹ ਤਿੰਨੇ ਮਾਮਲੇ ਬੰਦ ਕਰ ਦਿੱਤੇ ਜਾਣ। ਦਸਤਾਵੇਜ਼ਾਂ ਮੁਤਾਬਕ ਖਾਸ ਜੱਜ ਜੀ. ਐਸ. ਸੇਖੋਂ ਦੀ ਅਦਲਾਤ ਨੇ ਇਸ ਮਾਮਲੇ ਵਿਚ ਅਗਲੀ ਸੁਣਵਾਈ ਲਈ 23 ਸਤੰਬਰ ਦੀ ਤਰੀਕ ਮਿੱਥੀ ਹੈ।

ਜ਼ਿਕਰਯੋਗ ਹੈ ਕਿ ਸੀਬੀਆਈ ਵਲੋਂ ਇਹ ਕਾਰਵਾਈ ਹਰਿਆਣੇ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੀ ਗਈ ਹੈ। ਪਹਿਲਾਂ ਹੀ ਇਸ ਗੱਲ ਦੀ ਚਰਚਾ ਗਰਮ ਸੀ ਕਿ ਕੇਂਦਰ ਅਤੇ ਹਰਿਆਣੇ ਵਿਚਲੀਆਂ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਵੋਟਾਂ ਬਾਬਤ ਡੇਰੇ ਨਾਲ ਲੈਣ-ਦੇਣ ਕਰਨ ਦੀ ਫਿਰਾਕ ਵਿਚ ਹਨ। ਯਾਦ ਰਹੇ ਕਿ ਸਾਲ 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੀ ਨਰਿੰਦਰ ਮੋਦੀ ਨੇ ਡੇਰਾ ਸੌਦਾ ਸਿਰਸਾ ਦੀਆਂ ਸਿਫਤਾਂ ਦੇ ਪੁਲ ਬੰਨ੍ਹੇ ਸਨ ਤੇ ਹਾਲ ਵਿਚ ਹੀ ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਇਹ ਐਲਾਨ ਕੀਤਾ ਸੀ ਕਿ ਹਰਿਆਣੇ ਵਿਚ ਮੁੜ ਸੱਤਾ ਵਿਚ ਆਉਣ ਲਈ ਭਾਜਪਾ ਵੱਲੋਂ ਡੇਰੇ ਤੋਂ ਵੋਟਾਂ ਮੰਗੀਆਂ ਜਾਣਗੀਆਂ।

ਡੇਰਾ ਸੌਦਾ ਸਿਰਸਾ ਦੇ ਮੁਖੀ ਨੂੰ ਬਿਨ ਮੰਗੀ ਮਾਫੀ ਦਿਵਾਉਣ, ਬੇਅਦਬੀ ਮਾਮਲਿਆਂ ਬਾਰੇ ਢੁਕਵੀਂ ਕਾਰਵਾਈ ਨਾ ਕਰਨ ਅਤੇ ਬੇਅਦਬੀ ਦੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕਰ ਰਹੇ ਨਿਹੱਥੇ ਸਿੱਖਾਂ ਉੱਤੇ ਪੰਜਾਬ ਪੁਲਿਸ ਕੋਲੋਂ ਗੋਲੀਬਾਰੀ ਕਰਵਾਉਣ ਕਾਰਨ ਸਿੱਖਾਂ ਦੀਆਂ ਦੁਰਕਾਰਾਂ ਤੇ ਫਿਟਕਾਰਾਂ ਲੈਣ ਵਾਲੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂ ਸੁਖਬੀਰ ਸਿੰਘ ਬਾਦਲ ਨੇ ਸੀਬੀਆਈ ਵੱਲੋਂ ਬੇਅਦਬੀ ਮਾਮਲੇ ਬੰਦ ਕਰਨ ਦੀ ਨਿੰਦਾ ਕੀਤੀ ਹੈ। ਹੋ ਸਕਦਾ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਲੱਗਦਾ ਹੋਵੇ ਕਿ ਇੰਝ ਕਰਨ ਨਾਲ ਸ਼੍ਰੋ.ਅ.ਦ. (ਬ) ਦਾ ਅਕਸ ਸੁਧਾਰਿਆ ਜਾ ਸਕਦਾ ਹੈ ਪਰ ਇਸ ਦਲ ਦੀਆਂ ਬੀਤੇ ਸਮੇਂ ਦੀਆਂ ਕਾਰਵਾਈਆਂ ਇੰਨੀਆਂ ਸਿਆਹ ਹਨ ਕਿ ਇਨ੍ਹਾਂ ਦੇ ਦਾਗ ਇੰਝ ਨਹੀਂ ਧੋਤੇ ਜਾਣੇ।

ਸੁਖਬੀਰ ਸਿੰਘ ਬਾਦਲ ਦੇ ਬਿਆਨ ਤੋਂ ਬਾਅਦ ਕਾਂਗਰਸ ਦੇ ਸੁਖਜਿੰਦਰ ਸਿੰਘ ਰੰਧਾਵਾ ਸਮੇਤ ਅੱਧੀ ਦਰਜਨ ਤੋਂ ਵੱਧ ਵਿਧਾਇਕਾਂ ਨੇ ਸਾਂਝਾ ਬਿਆਨ ਜਾਰੀ ਕਰਕੇ ਸੀਬੀਆਈ ਵੱਲੋਂ ਬੇਅਦਬੀ ਮਾਮਲੇ ਬੰਦ ਕਰਨ ਦੀ ਅਰਜ਼ੀ ਵਿਰੁੱਧ ਸੁਖਬੀਰ ਸਿੰਘ ਬਾਦਲ ਕੇ ਬਿਆਨ ਦੀ ਕਰੜੀ ਨੁਕਤਾਚੀਨੀ ਕੀਤੀ ਹੈ। ਇਨ੍ਹਾਂ ਕਾਂਗਰਸੀਆਂ ਦਾ ਕਹਿਣਾ ਹੈ ਕਿ ਜੇਕਰ ਸੁਖਬੀਰ ਸਿੰਘ ਬਾਦਲ ਨੂੰ ਸੱਚੀਂ ਬੇਅਦਬੀ ਮਾਮਲਿਆਂ ਵਿਚ ਸੀਬੀਆਈ ਦੀ ਕਾਰਵਾਈ 'ਤੇ ਨਰਾਜ਼ਗੀ ਹੈ ਤਾਂ ਕੇਂਦਰੀ ਵਜ਼ਾਰਤ ਵਿਚੋਂ ਹਰਸਿਮਰਤ ਕੌਰ ਬਾਦਲ ਦਾ ਅਸਤੀਫਾ ਦਿਵਾ ਕੇ ਵਿਖਾਏ। ਬਿਆਨ ਵਿਚ ਇਨ੍ਹਾਂ ਆਗੂਆਂ ਨੇ ਇਹ ਵੀ ਕਿਹਾ ਹੈ ਕਿ ਇਨ੍ਹਾਂ ਮਾਮਲਿਆਂ

ਬਾਕੀ ਸਫ਼ਾ 28 'ਤੇ

# ਹਿੰਦੋਸਤਾਨੀ ਬਿਪਰਵਾਦੀਆਂ ਦਾ ਸਾਲਾਨਾ ਬਜਟ

## INTERIM UNION BUDGET




## "ਨਾ ਖਾਤਾ ਨਾ ਬਹੀ, ਜੋ ਹਾਕਮ ਆਖਣ ਉਹੀ ਸਹੀ"

**ਗੁਰਮੀਤ ਸਿੰਘ ਪਲਾਹੀ**

ਭਾਰਤ ਦੀ ਸਰਕਾਰ ਦਾ ਰੋਜ਼ਾਨਾ ਖ਼ਰਚਾ 7,633 ਕਰੋੜ ਹੈ। ਉਹ ਹਰ ਰੋਜ਼ 5,703 ਕਰੋੜ ਕਮਾਉਂਦੀ ਹੈ। ਹਰ ਰੋਜ਼ 1,928 ਕਰੋੜ ਦਾ ਕਰਜ਼ਾ ਲੈਕੇ ਆਪਣਾ ਦਿਨ-ਭਰ ਦਾ ਕੰਮ ਚਲਾਉਂਦੀ ਹੈ। ਸਰਕਾਰ ਦੇ ਰੋਜ਼ਾਨਾ ਖ਼ਰਚ ਦਾ ਵੱਡਾ ਹਿੱਸਾ (1809 ਕਰੋੜ ਰੁਪਏ) ਉਸ ਵਲੋਂ ਵਿਆਜ ਉੱਤੇ ਲਈ ਰਕਮ ਦਾ ਰੋਜ਼ਾਨਾ ਵਿਆਜ ਅਦਾ ਕਰਨ ਉੱਤੇ ਖ਼ਰਚ ਹੋ ਜਾਂਦਾ ਹੈ। ਕੀ ਇਹੋ ਜਿਹੀ ਅਰਥ-ਵਿਵਸਥਾ ਕੋਲੋਂ, ਜੋ ਆਪਣੀ ਆਮਦਨ ਦਾ ਤੀਜਾ ਹਿੱਸਾ ਵਿਆਜ ਚੁਕਤਾ ਕਰਨ ਲਈ ਖ਼ਰਚ ਦੇਵੇ, ਆਸ ਰੱਖੀ ਜਾ ਸਕਦੀ ਹੈ ਕਿ ਉਹ ਲੋਕ-ਭਲਾਈ ਦੇ ਕੋਈ ਕੰਮ ਕਰ ਸਕਦੀ ਹੈ? ਕੀ ਇਹੋ ਜਿਹੀ ਅਰਥ-ਵਿਵਸਥਾ ਦੇ ਇਹ ਦਮਗਜ਼ੇ ਕਿ ਉਹ ਸੰਨ 2024 ਤਕ 50 ਖਰਬ ਡਾਲਰ ਦੀ ਅਰਥ-ਵਿਵਸਥਾ ਬਣਨ ਜਾ ਰਹੀ ਹੈ, ਕੀ ਦਿਨ ਵਿਚ ਹੀ, ਨਾ ਪੂਰੇ ਹੋਣ ਵਾਲੇ ਸੁਪਨੇ ਦੇਖਣ ਵਾਲੀ ਗੱਲ ਨਹੀਂ ਹੈ?

ਜਾਪਦਾ ਤਾਂ ਇਹ ਸੀ ਕਿ ਭਾਰੀ ਬਹੁਮਤ ਨਾਲ ਮੁੜ ਸ਼ਾਨੋ-ਸ਼ੌਕਤ ਨਾਲ ਗੱਦੀ ਸੰਭਾਲਣ ਵਾਲੀ ਮੋਦੀ ਸਰਕਾਰ ਦੇਸ਼ ਵਿੱਚੋਂ ਬੇਰੁਜ਼ਗਾਰੀ ਖ਼ਤਮ ਕਰਨ, ਆਮ ਲੋਕਾਂ ਅਤੇ ਕਿਸਾਨਾਂ ਦੀਆਂ ਮੁਸ਼ਕਲਾਂ ਹੱਲ ਕਰਨ ਅਤੇ ਮਹਿੰਗਾਈ ਖ਼ਤਮ ਕਰਨ ਲਈ ਯੋਗ ਕਦਮ ਪੁੱਟਦਿਆਂ, ਲੋਕ ਹਿਤੈਸ਼ੀ ਬਜਟ ਲੋਕ ਸਭਾ ਵਿਚ ਪੇਸ਼ ਕਰੇਗੀ ਪਰ ਆਮ ਲੋਕਾਂ ਨੂੰ ਇਸ ਬਜਟ ਨੇ ਉਦਾਸ ਕੀਤਾ ਹੈ। ਉਂਝ ਬਜਟ ਦੀ ਚੰਗੀ ਗੱਲ ਇਹ ਹੈ ਕਿ ਇਹ ਕੋਈ ਨੁਕਸਾਨ ਨਹੀਂ ਪਹੁੰਚਾਉਂਦਾ ਅਤੇ ਅਰਥ ਵਿਵਸਥਾ ਨੂੰ ਕੋਈ ਦਰਦ ਨਹੀਂ ਦਿੰਦਾ। ਨਿਰਾਸ਼ਾ ਵਾਲੀ ਗੱਲ ਇਹ ਹੈ ਕਿ ਭਾਰਤ ਦੀ ਉਹ ਅਰਥ ਵਿਵਸਥਾ ਜੋ ਪਹਿਲਾਂ ਹੀ ਡਗਮਗਾਈ ਹੋਈ ਹੈ, ਉਸ ਦੇ ਦਰਦ ਨੂੰ ਘੱਟ ਕਰਨ ਦਾ ਉਪਰਾਲਾ ਵੀ ਕੋਈ ਨਹੀਂ ਕਰਦਾ।

ਬਜਟ ਵਿਚ ਜਿਹਨਾਂ ਜ਼ਰੂਰੀ ਖੇਤਰਾਂ ਵਿਚ ਫੰਡਿੰਗ ਦੀ ਲੋੜ ਸੀ, ਉਸ ਪ੍ਰਤੀ ਜਾਂ ਤਾਂ ਚੁੱਪੀ ਸਾਧ ਲਈ ਗਈ ਹੈ ਜਾਂ ਫਿਰ ਉਸ ਵਿਚ ਲੋੜੀਦਾ ਵਾਧਾ ਕੀਤਾ ਹੀ ਨਹੀਂ ਗਿਆ। ਉਦਾਹਰਨ ਵਜੋਂ ਦੇਸ਼ ਵਿਚ ਸਭ ਤੋਂ ਵੱਧ ਰੁਜ਼ਗਾਰ ਸਿਰਜਣ ਵਾਲਾ ਜੋ ਖੇਤਰ ਹੈ, ਉਹ ਖੇਤੀ ਖੇਤਰ ਹੈ। ਪਰ ਇਸ ਦੀ ਜੀਡੀਪੀ ਵਿਚ ਹਿੱਸੇਦਾਰੀ ਮਸਾਂ 14 ਫੀਸਦੀ ਹੈ। ਖੇਤੀ ਖੇਤਰ ਵਿੱਚ ਦੇਸ਼ ਵਿੱਚ ਵੱਡਾ ਸੰਕਟ ਹੈ। ਕਿਸਾਨ ਪ੍ਰੇਸ਼ਾਨ ਹਨ। ਅੰਦੋਲਨ ਕਰ ਰਹੇ ਹਨ। ਖੇਤੀ ਦੇਸ਼ ਵਿੱਚ ਲਾਹੇਵੰਦਾ ਧੰਦਾ ਨਹੀਂ ਰਿਹਾ। ਕਿਸਾਨ ਡਾ. ਸਵਾਮੀਨਾਥਨ ਕਮੇਟੀ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਦੀ ਮੰਗ ਕਰਦੇ ਹਨ, ਪਰ ਸਰਕਾਰ ਇਸ ਤੋਂ ਕੰਨੀ ਵੱਟੀ ਬੈਠੀ ਹੈ। ਕਿਸਾਨ ਫ਼ਸਲਾਂ ਦਾ ਲਾਗਤ ਮੁੱਲ ਮੰਗਦੇ ਹਨ ਤੇ ਉੱਤੋਂ ਥੋੜ੍ਹਾ ਮੁਨਾਫ਼ਾ ਚਾਹੁੰਦੇ ਹਨ, ਪਰ ਹਰ ਵਾਰ ਸਰਕਾਰ ਫ਼ਸਲਾਂ ਦੇ ਭਾਅ ਵਿੱਚ ਘੱਟੋ-ਘੱਟ ਸਮਰਥਨ ਮੁੱਲ ਵਿੱਚ ਮਾਮੂਲੀ ਵਾਧਾ ਕਰਕੇ ਕਿਸਾਨਾਂ ਨੂੰ ਵਰਚਾਉਣ ਦਾ ਯਤਨ ਕਰਦੀ ਹੈ। ਅਸਲ ਵਿੱਚ ਖੇਤੀ ਖੇਤਰ ਵੱਡੇ ਨੀਤੀਗਤ ਸੁਧਾਰਾਂ ਅਤੇ ਤਕਨੀਕੀ ਸਾਧਨਾਂ ਵਿੱਚ ਨਿਵੇਸ਼ ਦੀ ਮੰਗ ਕਰਦਾ ਹੈ।

ਭਾਰਤੀ ਬਜਟ ਵਿੱਚ ਖੇਤੀ ਖੇਤਰ ਵਿਚ ਪਿਛਲੇ ਸਾਲ ਦੇ 67, 800 ਕਰੋੜ ਦੇ ਬਜਟ ਤੋਂ ਵਾਧਾ ਕਰਕੇ 1, 30, 450 ਕਰੋੜ ਤਾਂ ਕਰ ਦਿੱਤਾ ਹੈ, ਲੇਕਿਨ ਇਸ ਵਿੱਚ 75,000 ਕਰੋੜ ਰੁਪਏ ਪੀ.ਐੱਮ. ਕਿਸਾਨ ਯੋਜਨਾ ਦੇ ਤਹਿਤ ਕਿਸਾਨਾਂ ਨੂੰ ਆਰਥਿਕ ਮਦਦ ਦੇਣ ਲਈ ਰਾਖਵੇਂ ਹਨ, ਜਿਸ ਤਹਿਤ ਦੇਸ਼ ਦੇ ਹਰ ਕਿਸਾਨ ਨੂੰ 6,000 ਰੁਪਏ ਸਲਾਨਾ ਦੇਣੇ ਹਨ। ਭਾਵ ਅਸਲ ਵਿੱਚ ਖੇਤੀ ਖੇਤਰ ਦੇ ਬਜਟ ਵਿੱਚ ਵਾਧਾ ਤਾਂ ਨਾਮਾਤਰ ਹੀ ਹੈ। ਰੁਜ਼ਗਾਰ ਵਧਾਉਣ, ਮਹਿੰਗਾਈ ਘਟਾਉਣ, ਸਿਹਤ, ਸਿੱਖਿਆ, ਵਾਤਾਵਰਨ ਵਿੱਚ ਸੁਧਾਰ ਜਿਹੇ ਮੁੱਦਿਆਂ ਪ੍ਰਤੀ ਇਸ ਬਜਟ ਵਾਧੇ ਨੂੰ ਤਰਜੀਹ ਨਾ ਦੇਣਾ ਆਖ਼ਰ ਕੀ ਵਿਖਾਉਂਦਾ ਹੈ? ਸੁਰੱਖਿਆ ਦੇ ਬਜਟ ਵਿੱਚ ਬਹੁਤਾ ਵਾਧਾ ਸੁਰੱਖਿਆ ਫੋਰਸਾਂ ਦੇ ਤਨਖਾਹਾਂ ਦੇ ਵਾਧੇ ਤੇ ਰੋਜ਼ਮਰਾ ਦੇ ਖ਼ਰਚੇ ਵਿੱਚ ਵਾਧਾ ਹੀ ਹੈ।

ਮੋਦੀ ਸਰਕਾਰ ਨੇ ਦੂਜੀ ਪਾਰੀ ਦਾ ਪਹਿਲਾ ਅਤੇ ਆਪਣਾ ਛੇਵਾਂ ਬਜਟ ਪੇਸ਼ ਕੀਤਾ ਹੈ। ਸਾਲ 2014-15 ਦੇ ਬਜਟ ਵਿਚ ਇਸੇ ਸਰਕਾਰ ਨੇ ਖ਼ਰਚ ਪ੍ਰਬੰਧਨ ਨੂੰ ਆਧੁਨਿਕ ਰੂਪ ਦੇਣ ਦਾ ਜੋ ਇਰਾਦਾ ਜਤਾਇਆ ਸੀ ਅਤੇ ਇਸ ਸਬੰਧੀ ਬਿਮਲ ਜਾਲਾਨ ਦੀ ਪ੍ਰਧਾਨਗੀ ਵਿਚ ਜੋ ਕਮੇਟੀ ਗਠਿਤ ਕੀਤੀ ਸੀ, ਉਸ ਦੀ ਰਿਪੋਰਟ ਹਾਲੇ ਤਕ ਵੀ ਲੋਕਾਂ ਸਾਹਮਣੇ ਨਹੀਂ ਲਿਆਂਦੀ ਗਈ ਅਤੇ ਨਾ ਹੀ ਉਸ ਵਲੋਂ ਦਿੱਤੇ ਗਏ ਕਿਸੇ ਸੁਝਾਅ ਨੂੰ ਲਾਗੂ ਕੀਤਾ ਗਿਆ ਹੈ।

ਸਰਕਾਰ ਵਿੱਤੀ ਖੇਤਰ ਦੀ ਭੈੜੀ ਹਾਲਤ ਤੋਂ ਜਾਣੂ ਹੈ। ਬਜਟ ਵਿੱਚ ਵਿੱਤੀ ਖੇਤਰ ਦੀ ਬਦਹਾਲੀ ਨੂੰ ਸਰਕਾਰ ਪ੍ਰਵਾਨ ਵੀ ਕਰਦੀ ਹੈ। ਸਰਕਾਰ ਇਹ ਵੀ ਸਮਝਦੀ ਹੈ ਕਿ ਵਿਕਾਸ ਨੂੰ ਗਤੀ ਦੇਣ ਲਈ ਜ਼ਰੂਰੀ ਸੰਸਾਧਨਾਂ ਦੀ ਗਰੰਟੀ ਚਾਹੀਦੀ ਹੈ। ਉਸਨੇ ਆਪਣੇ ਆਰਥਿਕ ਸਰਵੇਖਣ ਵਿੱਚ ਅੰਤਰਰਾਸ਼ਟਰੀ ਤਜ਼ਰਬਿਆਂ ਨੂੰ ਸਾਹਮਣੇ ਰੱਖਦਿਆਂ ਇਹ ਤਰਕ ਵੀ ਦਿੱਤਾ ਹੈ ਕਿ ਵਿਕਾਸ ਨੂੰ ਬੱਚਤ, ਨਿਵੇਸ਼ ਅਤੇ ਬਰਾਮਦ ਦੇ ਸਟੀਕ ਚੱਕਰ ਦੇ ਜ਼ਰੀਏ ਬਰਕਰਾਰ ਰੱਖਿਆ ਜਾ ਸਕਦਾ ਹੈ। ਪਰ ਆਪਣੇ ਬਜਟ ਵਿੱਚ ਸਰਕਾਰ ਵਲੋਂ ਇਸ ਨਿਯਮ ਦੀ ਪਾਲਣਾ ਹੀ ਨਹੀਂ ਕੀਤੀ ਗਈ।

ਭਾਰੀ ਬੱਚਤ ਅਤੇ ਉੱਚੇ ਨਿਵੇਸ਼ ਦੇ ਸਟੀਕ ਚੱਕਰ ਲਈ ਉੱਚੀ ਮੰਗ ਅਤੇ ਉੱਚੀ ਉਪਭੋਗਤਾ ਜ਼ਰੂਰੀ ਹੈ, ਜਿਹੜੀ ਕਿ ਇਸ ਵੇਲੇ ਦੇਸ਼ ਦੇ ਮੰਦੀ ਦੇ ਦੌਰ ਵਿੱਚ ਧਨ ਦੀ ਕਮੀ ਕਾਰਨ ਨਾਦਾਰਦ ਹੈ। ਇਸੇ ਕਾਰਨ ਸਰਕਾਰ ਦਾ ਇਹ ਬਜਟ ਲੋਕ ਹਿਤਾਂ ਦੀ ਪੂਰਤੀ ਕਰਨ ਵਾਲਾ ਬਜਟ ਨਹੀਂ ਕਿਹਾ ਜਾ ਸਕਦਾ, ਸਗੋਂ ਸਿਰਫ਼ ਇੱਕ ਜੁਗਾੜੂ ਬਜਟ ਹੈ ਜੋ ਸ਼ਾਰਟਕੱਟ ਰਾਹੀਂ ਅੰਤਰਰਾਸ਼ਟਰੀ ਪੱਧਰ 'ਤੇ ਬੱਲੇ ਬੱਲੇ ਖੱਟਕੇ, ਵੱਡੀ ਤੀਸਰੀ ਅਰਥ ਵਿਵਸਥਾ ਬਣਨ ਦਾ ਢੌਂਗ ਰਚਦਾ ਹੈ।

ਉਨੀਵੀਂ ਸਦੀ ਵਿਚ ਦੁਨੀਆ ਦੇ ਬਹੁਤੇ ਮੁਲਕਾਂ ਨੂੰ ਆਜ਼ਾਦੀ ਮਿਲੀ। ਲੋਕਤੰਤਰਿਕ ਪ੍ਰਣਾਲੀ ਲਾਗੂ ਹੋਈ, ਤਦੇ ਤੋਂ ਹੀ ਪੂਰੀ ਦੁਨੀਆ ਨੂੰ ਵਿਕਸਤ, ਵਿਕਾਸਸ਼ੀਲ ਅਤੇ ਆਰਥਿਕ ਰੂਪ ਵਿਚ ਪੱਛੜੇ ਦੇਸ਼ਾਂ ਦੀ ਸ਼੍ਰੇਣੀ ਵਿਚ ਵੰਡਿਆ ਹੋਇਆ ਹੈ। ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਸੈਨਿਕ ਦ੍ਰਿਸ਼ਟੀ ਨਾਲ ਵੀ ਮਜ਼ਬੂਤ ਹੈ। ਆਰਥਿਕ ਦ੍ਰਿਸ਼ਟੀ ਤੋਂ ਵੀ ਸ਼ਕਤੀਸ਼ਾਲੀ ਹੈ। ਪਰ ਸਾਡਾ ਦੇਸ਼ ਵਿਕਸਤ ਦੇਸ਼ ਨਹੀਂ ਹੈ, ਵਿਕਾਸਸ਼ੀਲ ਦੇਸ਼ ਹੈ। ਲੰਮੇ ਸਮੇਂ ਤੋਂ ਦੇਸ਼ ਦੇ ਨੇਤਾ ਭਾਰਤ ਨੂੰ ਵਿਕਸਤ ਰਾਸ਼ਟਰਾਂ ਦੀ ਸ਼੍ਰੇਣੀ ਵਿੱਚ ਲਿਆਉਣ ਲਈ ਦੇਸ਼ ਵਾਸੀਆਂ ਕੋਲ ਦਿਖਾਵਾ ਕਰ ਰਹੇ ਹਨ।

ਮਜ਼ਬੂਤ ਸੈਨਾ ਅਤੇ ਮਜ਼ਬੂਤ ਹੋ ਰਹੀ ਆਰਥਿਕ ਵਿਵਸਥਾ ਦੇ ਬਾਵਜੂਦ ਵੀ ਇਹ ਸੁਫ਼ਨਾ ਅਸਲੀਅਤ ਤੋਂ ਹਾਲੀ ਕੋਹਾਂ ਦੂਰ ਹੈ। ਵਿਕਸਤ ਦੇਸ਼ਾਂ ਦੇ ਮਾਣਕਾਂ ਅਨੁਸਾਰ ਉੱਥੋਂ ਦੀ ਕਾਨੂੰਨ ਵਿਵਸਥਾ ਅਤੇ ਆਰਥਿਕ ਭ੍ਰਿਸ਼ਟਾਚਾਰ ਵਿੱਚ ਮੁਕਤੀ ਮੁੱਖ ਲੱਛਣ ਗਿਣੇ ਜਾਂਦੇ ਹਨ ਪਰ ਦੇਸ਼ ਭਾਰਤ ਦੀ ਭੈੜੀ ਕਾਨੂੰਨ ਵਿਵਸਥਾ ਅਤੇ ਆਰਥਿਕ ਭ੍ਰਿਸ਼ਟਾਚਾਰ ਤੇ ਘੋਟਾਲਿਆਂ ਕਾਰਨ ਦੇਸ਼ ਇਹਨਾਂ ਮਾਣਕਾਂ ਵਿੱਚ ਕਾਫੀ ਪਛੜਿਆ ਹੋਇਆ ਹੈ। ਅਕਸਰ ਹੀ ਦੇਸ਼ ਦੀਆਂ ਵਿਕਾਸ ਅਤੇ ਜਨ ਕਲਿਆਣ ਦੀਆਂ ਯੋਜਨਾਵਾਂ ਵਿਨਾਸ਼ ਦੀਆਂ ਯੋਜਨਾਵਾਂ ਬਣੀਆਂ ਦਿਖਾਈ ਦਿੰਦੀਆਂ ਹਨ।

ਭਾਰਤ ਦੇ ਪ੍ਰਧਾਨ ਮੰਤਰੀ ਦੇ ਕਹਿਣ ਅਨੁਸਾਰ ਭਾਰਤ ਦੀ ਨਵ-ਉਸਾਰੀ ਦਾ ਇਹ ਮੌਜੂਦਾ ਬਜਟ ਕਹਿਣ ਨੂੰ ਤਾਂ ਭਾਰਤ ਦੇ ਬੁਨਿਆਦੀ ਢਾਂਚੇ ਦੀ ਉਸਾਰੀ ਕਰਨ ਵਾਲਾ, ਗਰੀਬਾਂ ਦਾ ਭਲਾ ਕਰਨ ਵਾਲਾ, ਔਰਤਾਂ ਦੀ ਵਧੇਰੇ ਭਾਗੀਦਾਰੀ ਵਾਲਾ, ਨੌਜਵਾਨਾਂ ਦੇ ਉੱਜਲੇ ਭਵਿੱਖ ਵਾਲਾ, ਮੱਧ ਵਰਗ ਦੀ ਤਰੱਕੀ ਵਾਲਾ ਅਤੇ ਦੇਸ਼ ਦੇ ਖੇਤੀ ਅਤੇ ਉਦਯੋਗ ਨੂੰ ਮਜ਼ਬੂਤ ਕਰਨ ਵਾਲਾ ਹੈ, ਜਿਹੜਾ ਦੇਸ਼ ਨੂੰ 2024 ਵਿੱਚ 5 ਟ੍ਰਿਲੀਅਨ ਡਾਲਰ ਦੇ ਅਰਥਚਾਰੇ ਤੱਕ ਪਹੁੰਚਾਉਣ ਦਾ ਯਤਨ ਹੈ। ਪਰ ਇਸ ਬਜਟ ਨੇ ਦੇਸ਼ ਵਿੱਚ ਪੈਟਰੋਲ ਅਤੇ ਡੀਜ਼ਲ ਕੀਮਤ ਵਾਧੇ ਕਾਰਨ ਮਹਿੰਗਾਈ ਦਾ ਜੋ ਮਾਹੌਲ ਪੈਦਾ ਕਰ ਦਿੱਤਾ ਹੈ, ਗਰੀਬਾਂ ਤੇ ਕਿਸਾਨਾਂ ਉੱਤੇ ਮਹਿੰਗਾਈ ਦਾ ਜੋ ਬੋਝ ਹੁਣੇ ਹੀ ਲੱਦ ਦਿੱਤਾ ਹੈ, ਉਸ ਦੇ ਦੂਰਗਾਮੀ ਸਿੱਟੇ ਨਿਕਲਣਗੇ। ਬੇਰੁਜ਼ਗਾਰੀ ਖਤਮ ਕਰਨ ਵੱਲ ਕੁਝ ਵਿਸ਼ੇਸ਼ ਕਦਮ ਨਾ ਪੁੱਟ ਕੇ, ਨਿੱਜੀਕਰਨ ਅਤੇ ਨਿਗਮੀਕਰਨ ਨੂੰ ਉਤਸ਼ਾਹਤ ਕਰਨ ਦੀਆਂ ਸਕੀਮਾਂ ਬਣਾਕੇ, ਏਅਰ ਇੰਡੀਆ ਅਤੇ ਰੇਲਵੇ ਜਿਹੇ ਅਦਾਰਿਆਂ ਨੂੰ ਪ੍ਰਾਈਵੇਟ ਹੱਥਾਂ ਵਿਚ ਦੇ ਕੇ ਕਾਰਪੋਰੇਟ ਜਗਤ ਹੱਥ ਦੇਸ਼ ਨੂੰ ਗਿਰਵੀ ਕਰਨ ਦਾ ਜੋੜ-ਤੋੜ, ਦੇਸ਼ ਦੇ ਗਰੀਬ ਤਬਕੇ ਨੂੰ ਹੋਰ ਵੀ ਪ੍ਰੇਸ਼ਾਨ ਕਰੇਗਾ। ਉਹਨਾਂ ਵਿਦੇਸ਼ੀ ਨਿਵੇਸ਼ਕਾਂ ਨੂੰ ਬਜਟ ਵਿਚਲਾ ਖੁੱਲ੍ਹਾ ਸੱਦਾ, ਜੋ ਪਹਿਲਾਂ ਹੀ ਮੋਟਾ ਮੁਨਾਫ਼ਾ ਕਮਾ ਰਹੇ ਹਨ, ਕੀ ਗਰੀਬਾਂ ਦਾ ਹੋਰ ਖ਼ੂਨ ਨਿਚੋੜਣ ਵਾਲਾ ਨਹੀਂ ਹੈ?

ਸਿੱਖਿਆ ਬਜਟ ਪਿਛਲੇ ਸਾਲ ਦੇ 83,623 ਕਰੋੜ ਤੋਂ ਵਧਾ ਕੇ 94,854 ਕਰੋੜ ਕੀਤਾ ਗਿਆ ਹੈ। ਸਿਹਤ ਸਹੂਲਤਾਂ ਉੱਤੇ ਪਿਛਲੇ ਸਾਲ 55,949 ਕਰੋੜ ਖ਼ਰਚਣ ਦੀ ਮਦ ਸੀ, ਹੋ ਕਿ ਇਸ ਵਰ੍ਹੇ ਵਧਾ ਕੇ 64,999 ਕਰੋੜ ਕੀਤੀ ਗਈ ਹੈ। ਪੇਂਡੂ ਵਿਕਾਸ ਉੱਤੇ ਖ਼ਰਚਾ 1,35,109 ਕਰੋੜ ਤੋਂ 1,40,762 ਕਰੋੜ, ਸ਼ਹਿਰੀ ਵਿਕਾਸ ਉੱਤੇ 42,965 ਕਰੋੜ ਤੋਂ ਵਧਾਕੇ ਖ਼ਰਚਾ 48,032 ਕਰੋੜ ਕਰ ਦਿੱਤਾ ਗਿਆ ਹੈ। ਪਿਛਲੇ ਸਾਲ ਦੇ ਖ਼ਰਚੇ ਦਾ ਬਜਟ ਅਨੁਸਾਰ 24,57,235 ਕਰੋੜ ਸੀ ਜੋ ਇਸ ਸਾਲ ਵਧਾਕੇ 27,86,349 ਕਰੋੜ ਕਰ ਦਿੱਤਾ ਗਿਆ ਹੈ।

ਬਜਟ ਵਿਚ ਸਵਾ ਲੱਖ ਕਿਲੋਮੀਟਰ ਲੰਮੀਆਂ ਸੜਕਾਂ ਨੂੰ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਬਿਹਤਰ ਕਰਨਾ, ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਦੂਜੇ ਪੜਾਅ ਵਿਚ ਇੱਕ ਕਰੋੜ 95 ਲੱਖ ਘਰਾਂ ਦੀ ਜ਼ਰੂਰਤਮੰਦਾਂ ਲਈ ਉਸਾਰੀ, ਪ੍ਰਧਾਨ ਮੰਤਰੀ ਕਰਮਯੋਗੀ ਮਾਣਧਨ ਸਕੀਮ ਤਹਿਤ ਤਿੰਨ ਕਰੋੜ ਛੋਟੇ ਵਪਾਰੀਆਂ ਅਤੇ ਦੁਕਾਨਦਾਰਾਂ ਨੂੰ ਪੈਨਸ਼ਨ ਦੇਣਾ ਜਲ ਜੀਵਨ ਮਿਸ਼ਨ ਤਹਿਤ ਹਰ ਘਰ ਜਲ ਦੇਣਾ ਅਤੇ ਦੇਸ਼ ਦੇ 1592 ਬਲਾਕਾਂ, ਜਿਹਨਾਂ ਵਿੱਚ ਧਰਤੀ ਹੇਠਲੇ ਪਾਣੀ ਦੀ ਕਮੀ ਹੋ ਗਈ ਹੈ, ਜਲ ਸ਼ਕਤੀ ਅਭਿਆਨ ਚਲਾਉਣੇ ਵੇਖਣ ਸੁਣਨ ਲਈ ਵਧੀਆ ਸਕੀਮਾਂ ਹਨ।

ਪਰ ਸਵੱਛ ਭਾਰਤ ਦਾ ਕੀ ਬਣਿਆ? ਗਰੀਬਾਂ ਦੇ ਬੈਂਕਾਂ ਵਿੱਚ ਖੋਲ੍ਹੇ ਜਨ-ਧਨ ਖਾਤੇ ਬੰਦ ਕਿਉਂ ਹੋ ਗਏ? ਇਕੱਲੇ ਬਿਹਾਰ ਵਿਚ 63 ਲੱਖ ਜਨ-ਧਨ ਖਾਤੇ ਬਹੀ-ਖਾਤਿਆਂ ਵਿੱਚ ਹੀ ਗੁਆਚ ਗਏ। ਕੀ ਗੰਗਾ ਸਾਫ ਹੋ ਗਈ? ਮਗਨਰੇਗਾ ਵਿੱਚ ਫੰਡ ਘਟਾ ਕਿਉਂ ਦਿੱਤੇ ਗਏ? ਸਿੱਖਿਆ ਅਤੇ ਸਿਹਤ ਸਹੂਲਤਾਂ ਅਤੇ ਬਜ਼ੁਰਗਾਂ, ਵਿਧਵਾਵਾਂ ਲਈ ਪੈਨਸ਼ਨਾਂ ਜਾਂ ਸਮਾਜਿਕ ਸੁਰੱਖਿਆ ਲਈ ਫੰਡਾਂ ਵਿੱਚ ਕਿਉਂ ਨਿਗੂਣਾ ਵਾਧਾ ਕੀਤਾ ਗਿਆ? ਅਸਲ ਵਿਚ ਭਾਰਤ ਦੇ ਕੇਂਦਰੀ ਬਜਟ ਆਮ ਲੋਕਾਂ ਦਾ ਕੁਝ ਵੀ ਸੰਵਾਰਨ ਵਾਲਾ ਨਹੀਂ ਜਾਪਦਾ। ਅਰਥ ਵਿਵਸਥਾ ਨੂੰ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਪੁਨਰ ਜਾਗਰਣ ਲਈ ਉਡਾਣ ਭਰਨ ਦੀ ਲੋੜ ਸੀ। ਦੁਬਾਰਾ ਮਿਲੇ ਜਨਮਤ ਨੂੰ ਵੇਖਦੇ ਹੋਏ ਸਰਕਾਰ ਦੇ ਸਾਹਮਣੇ ਇੱਕ ਦਬੰਗ ਬਜਟ ਪੇਸ਼ ਕਰਨ ਦਾ ਮੌਕਾ ਸੀ, ਜੋ ਉਸਨੇ ਗੁਆ ਦਿੱਤਾ ਹੈ ਅਤੇ ਫਰਜ਼ੀ ਨਵੇਂ ਇੰਡੀਆ ਦੇ ਨਿਰਮਾਣ ਲਈ ਭੁਲੇਖਾ ਪਾਊ ਬਜਟ ਪੇਸ਼ ਕੀਤਾ ਹੈ।

"ਨਾ ਖਾਤਾ ਨਾ ਬਹੀ, ਜੋ ਹਾਕਮ ਕਹਿਣ ਉਹੀ ਸਹੀ" ਵਾਲਾ ਲਾਲ ਕੱਪੜੇ ਵਿਚ ਲਪੇਟ ਕੇ ਲਿਆਂਦਾ ਦੇਸ਼ ਦੀ ਵਿੱਤ ਮੰਤਰੀ ਵਲੋਂ ਪੇਸ਼ ਕੀਤਾ ਬਜਟ, ਲੋਕਾਂ ਹੱਥ ਛੁਣਕਣਾ ਫੜਾ ਕੇ, ਠੂੰਗਾ ਮਾਰ ਕੇ ਲੋਕਾਂ ਨੂੰ ਠੱਗਣ ਵਾਲਾ ਬਜਟ ਹੈ। ਵਿੱਤ ਮੰਤਰੀ ਨੇ ਦੇਸ਼ ਦਾ ਕੁੰਡਾ ਪੂਰੀ ਤਰ੍ਹਾਂ ਕਾਰਪੋਰੇਟੀਆਂ, ਸਮੇਤ ਵਿਦੇਸ਼ੀ ਨਿਵੇਸ਼ਕਾਂ ਹੱਥ ਫੜਾ ਕੇ ਉਹਨਾਂ ਨੂੰ ਇਸ ਗੱਲ ਦੀ ਖੁੱਲ੍ਹ ਦੇ ਦਿੱਤੀ ਹੈ ਕਿ ਉਹ ਜਿਵੇਂ ਮਰਜ਼ੀ ਅਤੇ ਜਿੰਨਾ ਮਰਜ਼ੀ ਦੇਸ਼ ਦੇ ਕਿਰਤੀਆਂ, ਕਿਸਾਨਾਂ, ਆਮ ਲੋਕਾਂ ਨੂੰ ਲੁੱਟਣ।

# ਕੋਟਕਪੂਰਾ ਗੋਲ਼ੀਕਾਂਡ ਤੇ ਬੇਅਦਬੀ ਦਾ ਮਾਮਲਾ ਭੰਬਲਭੂਸੇ ਪਾਇਆ

**✪ ਸੀਬੀਆਈ. ਵਲੋਂ ਕੇਸ 'ਬੰਦ' ਕਰਨ ਦੀ ਸਿਫ਼ਾਰਸ਼ ✪ ਉਮਰਾਨੰਗਲ ਵੱਲੋਂ ਅਦਾਲਤ 'ਚ ਐਸਆਈਟੀ ਤੋਂ ਕੇਸ ਡਾਇਰੀ ਪੇਸ਼ ਕਰਨ ਦੀ ਮੰਗ**



**ਫ਼ਰੀਦਕੋਟ/ਏਟੀ ਨਿਊਜ਼ :**
ਕੋਟਕਪੂਰਾ ਗੋਲੀ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਭੰਬਲਭੂਸੇ ਵਿਚ ਪੈ ਗਏ ਹਨ। ਇਕ ਪਾਸੇ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਜ਼ਿੰਮੇਵਾਰ ਸੌਦਾ ਸਾਧ ਦੇ ਪ੍ਰੇਮੀਆਂ ਦੀਆਂ ਜ਼ਮਾਨਤਾਂ ਹੋ ਗਈਆਂ ਹਨ, ਸੀਬੀਆਈ ਦੀ ਰਿਪੋਰਟ ਵੀ ਦੋਸ਼ੀਆਂ ਦੇ ਹੱਕ ਵਿਚ ਭੁਗਤੀ ਹੈ, ਦੂਸਰੇ ਪਾਸੇ ਕੋਟਕਪੂਰਾ ਗੋਲੀ ਕਾਂਡ ਦੇ ਕਥਿਤ ਦੋਸ਼ੀ ਜ਼ਮਾਨਤ 'ਤੇ ਬਾਹਰ ਹਨ। ਗੋਲੀ ਕਾਂਡ ਵਿੱਚ ਮੁਲਜ਼ਮ ਸਾਬਕਾ ਸੰਸਦੀ ਸਕੱਤਰ ਮਨਤਾਰ ਬਰਾੜ, ਪੰਜਾਬ ਪੁਲੀਸ ਦੇ ਮੁਅੱਤਲ ਆਈ.ਜੀ. ਪਰਮਰਾਜ ਉਮਰਾਨੰਗਲ, ਐੱਸ.ਪੀ. ਬਲਜੀਤ ਸਿੰਘ ਸਿੱਧੂ, ਡੀ.ਸੀ.ਪੀ ਪਰਮਜੀਤ ਸਿੰਘ ਅਤੇ ਸਿਟੀ ਕੋਟਕਪੂਰਾ ਦੇ ਸਾਬਕਾ ਐੱਸ.ਐੱਚ.ਓ ਗੁਰਦੀਪ ਸਿੰਘ, ਇੱਥੇ ਅਦਾਲਤ ਵਿੱਚ ਪੇਸ਼ ਹੋਏ। ਇਸ ਮਾਮਲੇ ਵਿੱਚ ਵਿਸ਼ੇਸ਼ ਜਾਂਚ ਟੀਮ ਨੇ 27 ਮਈ ਨੂੰ ਚਲਾਨ ਪੇਸ਼ ਕੀਤਾ ਸੀ। ਸਾਬਕਾ ਐੱਸ. ਐੱਸ.ਪੀ ਚਰਨਜੀਤ ਸ਼ਰਮਾ ਸਿਹਤ ਨਾਸਾਜ਼ ਹੋਣ ਕਰਕੇ ਅਦਾਲਤ ਵਿੱਚ ਪੇਸ਼ ਨਹੀਂ ਹੋਏ। ਅਦਾਲਤ ਵਿਚ ਪਹਿਲੀ ਵਾਰੀ ਪੇਸ਼ ਹੋਏ ਸਾਰੇ ਮੁਲਜ਼ਮਾਂ ਨੂੰ ਇੱਕ ਲੱਖ ਰੁਪਏ ਦੇ ਨਿੱਜੀ ਮੁਚੱਲਕੇ ਤੇ ਜ਼ਮਾਨਤਨਾਮੇ ਉੱਪਰ ਰਿਹਾਅ ਕਰਨ ਦਾ ਹੁਕਮ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਹਾਈ ਕੋਰਟ ਨੇ ਪੇਸ਼ ਹੋਏ ਮੁਲਜ਼ਮ ਮਨਤਾਰ ਬਰਾੜ ਅਤੇ ਬਾਕੀ ਪੁਲੀਸ ਅਧਿਕਾਰੀਆਂ ਨੂੰ ਕੁੱਝ ਦਿਨ ਪਹਿਲਾਂ ਹੀ ਪੇਸ਼ਗੀ ਜ਼ਮਾਨਤ ਦਿੱਤੀ ਸੀ। ਪੁਲੀਸ ਅਧਿਕਾਰੀਆਂ ਨੇ ਅਰਜ਼ੀ ਦੇ ਕੇ ਕਿਹਾ ਹੈ ਕਿ ਹਾਈ ਕੋਰਟ ਦੀਆਂ ਹਦਾਇਤਾਂ ਮੁਤਾਬਿਕ ਪੁਲੀਸ ਖਿਲਾਫ਼ ਚਲਾਨ ਪੇਸ਼ ਕਰਨ ਲਈ ਜਾਂਚ ਟੀਮ ਕੋਲ ਲੋੜੀਂਦੇ ਤੱਥ ਨਹੀਂ ਹਨ। ਇਸ ਮਾਮਲੇ ਨੂੰ ਰੱਦ ਕਰਨ ਲਈ ਕੁੱਝ ਪੁਲੀਸ ਅਧਿਕਾਰੀਆਂ ਨੇ ਹਾਈ ਕੋਰਟ ਵਿੱਚ ਵੀ ਰਿੱਟ ਦਾਇਰ ਕੀਤੀ ਹੋਈ ਹੈ। ਅਦਾਲਤ ਨੇ ਪੁਲੀਸ ਅਧਿਕਾਰੀਆਂ ਦੀ ਅਰਜ਼ੀ ਉੱਪਰ ਪੰਜਾਬ ਸਰਕਾਰ ਤੇ ਵਿਸ਼ੇਸ਼ ਜਾਂਚ ਟੀਮ ਨੂੰ ਲਿਖਤੀ ਜਵਾਬ ਦੇਣ ਲਈ ਕਿਹਾ ਹੈ। ਇਸ ਦੌਰਾਨ ਗੋਲ਼ੀਕਾਂਡ ਵਿੱਚ ਨਾਮਜ਼ਦ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਨੇ ਅਦਾਲਤ ਰਾਹੀਂ ਐਸਆਈਟੀ ਤੋਂ ਕੇਸ ਡਾਇਰੀ ਪੇਸ਼ ਕਰਨ ਦੀ ਮੰਗ ਕਰ ਦਿੱਤੀ। ਅਦਾਲਤ ਨੇ ਪੰਜਾਬ ਸਰਕਾਰ ਤੋਂ ਇਸ ਸਬੰਧੀ ਜਵਾਬ ਮੰਗਿਆਂ ਹੈ ਤੇ ਮਾਮਲੇ ਦੀ ਅਗਲੀ ਸੁਣਵਾਈ 19 ਜੁਲਾਈ ਤੈਅ ਕਰ ਦਿੱਤੀ ਹੈ।

**ਸੀਬੀਆਈ ਦੀ ਰਿਪੋਰਟ ਦੋਸ਼ੀਆਂ ਦੇ ਹੱਕ 'ਚ-**
ਬਰਗਾੜੀ ਬੇਅਦਬੀ ਮਾਮਲੇ ਦੀ ਜਾਂਚ ਕਰ ਰਹੀ ਸੀਬੀਆਈ ਵਲੋਂ ਕਰੀਬ ਸਾਢੇ ਤਿੰਨ ਸਾਲ ਦੀ ਜਾਂਚ ਦੇ ਬਾਅਦ ਪੰਜਾਬ ਪੁਲਿਸ ਦੁਆਰਾ ਸਾਹਮਣੇ ਲਿਆਂਦੇ ਗਏ ਦੋਸ਼ੀਆਂ ਖ਼ਿਲਾਫ਼ ਦਰਜ ਕੀਤੇ ਕੇਸ ਨੂੰ ਬੰਦ ਕਰਨ ਦੀ ਸਿਫ਼ਾਰਸ਼ ਨਾਲ ਕਈ ਸ਼ੰਕੇ ਉੱਠ ਖੜ੍ਹੇ ਹਨ। ਸੀਬੀਆਈ ਨੇ ਪੰਜਾਬ ਦੇ ਇਸ ਕੇਸ ਬਾਰੇ 4 ਜੁਲਾਈ ਨੂੰ ਅਦਾਲਤ ਵਿਚ 'ਕੇਸ ਬੰਦ' ਕਰਨ ਦੀ ਰਿਪੋਰਟ ਪੇਸ਼ ਕਰ ਦਿੱਤੀ। ਪੰਜਾਬ ਸਰਕਾਰ ਨੇ ਵੀ ਕੇਸ ਬੰਦ ਕਰਨ ਦੀ ਕੀਤੀ ਸਿਫ਼ਾਰਸ਼ ਬਾਰੇ ਕਿਸੇ ਨੂੰ ਵੀ ਭਿਣਕ ਨਹੀਂ ਪੈਣ ਦਿੱਤੀ। ਯਾਦ ਰਹੇ ਕਿ ਪਹਿਲੀ ਜੂਨ, 2015 ਨੂੰ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਨੂੰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਣ ਤੇ ਉਸੇ ਸਾਲ 12 ਅਕਤੂਬਰ ਨੂੰ ਬਰਗਾੜੀ ਦੀਆਂ ਗਲੀਆਂ ਵਿਚ ਅੰਗ ਪਾੜ ਕੇ ਸੁੱਟੇ ਜਾਣ ਵਿਰੁੱਧ ਉੱਠੇ ਸੰਗਤੀ ਰੋਸ ਕਾਰਨ ਬਾਦਲ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਨਵੰਬਰ ਮਹੀਨੇ ਸੀਬੀਆਈ ਨੂੰ ਸੌਂਪ ਦਿੱਤੀ ਸੀ, ਪਰ ਸੀਬੀਆਈ ਦੇ ਕਰੀਬ ਢਾਈ ਸਾਲ ਤੱਕ ਕੁਝ ਵੀ ਨਹੀਂ ਕੀਤਾ। ਆਖ਼ਰ ਪਹਿਲੀ ਜੂਨ, 2018 ਨੂੰ ਸ਼ੁਰੂ ਹੋਏ ਬਰਗਾੜੀ ਇਨਸਾਫ਼ ਮੋਰਚੇ ਦੇ ਦਬਾਅ ਹੇਠ ਡੀਆਈਜੀ ਰਣਬੀਰ ਸਿੰਘ ਖਟੜਾ ਦੀ ਅਗਵਾਈ ਵਾਲੀ ਜਾਂਚ ਕਮੇਟੀ ਨੂੰ ਸਰਗਰਮ ਕਰਨ ਬਾਅਦ 7 ਜੂਨ ਨੂੰ ਬੇਅਦਬੀ ਮਾਮਲਿਆਂ ਵਿਚ ਡੇਰਾ ਪ੍ਰੇਮੀ ਬਿੱਟੂ, ਸ਼ਕਤੀ ਤੇ ਸੰਨੀ ਦਾ ਹੱਥ ਹੋਣ ਦਾ ਪਰਦਾਫਾਸ਼ ਹੋਇਆ ਸੀ, ਪਰ ਇਹ ਮਾਮਲਾ ਸੀਬੀਆਈ ਦੇ ਹੱਥ ਹੋਣ ਕਾਰਨ ਜਾਂਚ ਟੀਮ ਕੁਝ ਨਹੀਂ ਕਰ ਸਕੀ। ਇਸ ਕਰਕੇ ਉਨ੍ਹਾਂ ਮੋਗਾ ਦੇ 2011 ਵਿਚ ਹੋਈ ਬੱਸਾਂ ਦੀ ਸਾੜਫੂਕ ਕਾਰਨ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਬੇਅਦਬੀ ਮਾਮਲੇ ਬਾਰੇ ਸਬੂਤ ਇਕੱਤਰ ਕਰਕੇ ਅਦਾਲਤ ਵਿਚ ਵੀ ਪੇਸ਼ ਕੀਤੇ ਤੇ ਸੀਬੀਆਈ ਨੂੰ ਵੀ ਜਾਣਕਾਰੀ ਦਿੱਤੀ। ਮੋਗਾ ਬੱਸ ਸਾੜਫੂਕ ਕੇਸ ਵਿਚ ਫਰੀਦਕੋਟ ਜੇਲ੍ਹ ਵਿਚ ਰਹਿੰਦਿਆਂ ਤਿੰਨਾਂ ਦੋਸ਼ੀਆਂ ਦੇ ਬਿਆਨ ਵੀ ਅਦਾਲਤ ਵਿਚ ਦਰਜ ਹੋਏ, ਜਿਨ੍ਹਾਂ ਵਿਚ ਉਨ੍ਹਾਂ ਬੇਅਦਬੀ ਕਰਨ ਵਿਚ ਸ਼ਾਮਿਲ ਹੋਣ ਦਾ ਇਕਬਾਲ ਕੀਤਾ ਸੀ। ਸੀਬੀਆਈ ਨੇ ਵੀ ਉਕਤ ਦੋਸ਼ੀ ਗਰਦਾਨੇ ਤਿੰਨਾਂ ਨੂੰ ਬੇਅਦਬੀ ਦੇ ਦਰਜ ਕੀਤੇ ਮੁਕੱਦਮੇ ਵਿਚ ਬਕਾਇਦਾ ਗ੍ਰਿਫਤਾਰ ਕਰਕੇ ਸੀਬੀਆਈ ਦੀ ਅਦਾਲਤ ਵਿਚ ਪੇਸ਼ ਕੀਤਾ ਤੇ 6 ਤੋਂ 13 ਜੁਲਾਈ, 2018 ਤੱਕ ਉਨ੍ਹਾਂ ਦੀ ਦਿੱਲੀ ਵਿਚ ਪੁੱਛ ਹੋਈ। ਰਿਮਾਂਡ ਖ਼ਤਮ ਹੋਣ ਉਪਰੰਤ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ। ਸੀਬੀਆਈ ਵਲੋਂ ਤਿੰਨ ਮਹੀਨੇ ਬੀਤ ਜਾਣ ਬਾਅਦ ਵੀ ਚਲਾਨ ਪੇਸ਼ ਨਾ ਕੀਤੇ ਜਾਣ ਕਾਰਨ ਉਨ੍ਹਾਂ ਤਿੰਨਾਂ ਦੀ 6 ਸਤੰਬਰ, 2018 ਨੂੰ ਜ਼ਮਾਨਤ ਹੋ ਗਈ।

**ਰਣਜੀਤ ਸਿੰਘ ਕਮਿਸ਼ਨ ਤੇ ਪੰਜਾਬ ਸਰਕਾਰ-**
ਜੁਲਾਈ 2018 ਵਿਚ ਕੈਪਟਨ ਸਰਕਾਰ ਵਲੋਂ ਬੇਅਦਬੀ ਤੇ ਕੋਟਕਪੂਰਾ ਤੇ ਬਹਿਬਲ ਕਾਂਡ ਦੀ ਜਾਂਚ ਲਈ ਬਿਠਾਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਵੀ ਆਪਣੀ ਰਿਪੋਰਟ ਸਰਕਾਰ ਨੂੰ ਪੇਸ਼ ਕਰ ਦਿੱਤੀ। ਇਸ ਰਿਪੋਰਟ ਨੂੰ ਜਨਤਕ ਕਰਨ ਤੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਮੰਗ 'ਤੇ 29 ਅਗਸਤ ਨੂੰ ਪੂਰਾ ਦਿਨ ਕਮਿਸ਼ਨ ਦੀ ਰਿਪੋਰਟ 'ਤੇ ਹੋਈ ਹੰਗਾਮੇ ਭਰੀ ਬਹਿਸ ਬਾਅਦ ਸਰਬਸੰਮਤੀ ਨਾਲ ਫੈਸਲਾ ਹੋਇਆ ਕਿ ਬੇਅਦਬੀ ਮਾਮਲੇ ਦੀ ਸੀਬੀਆਈ ਤੋਂ ਜਾਂਚ ਵਾਪਸ ਲਈ ਜਾਵੇ ਤੇ ਇਸ ਕੇਸ ਸਮੇਤ ਕੋਟਕਪੂਰਾ ਤੇ ਬਹਿਬਲ ਕਲਾਂ ਕਾਂਡ ਦੀ ਜਾਂਚ ਲਈ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਗਠਿਤ ਕੀਤੀ ਜਾਵੇ। ਵਿਧਾਨ ਸਭਾ ਦੇ ਇਸ ਫ਼ੈਸਲੇ ਤਹਿਤ ਕੈਪਟਨ ਸਰਕਾਰ ਨੇ ਕੋਟਕਪੂਰਾ ਤੇ ਬਹਿਬਲ ਕਲਾਂ ਕਾਂਡ ਦੀ ਜਾਂਚ ਸੀਬੀਆਈ ਹਵਾਲੇ ਕਰਨ ਦਾ ਪੱਤਰ ਤਾਂ ਉਸੇ ਸਮੇਂ ਵਾਪਸ ਲੈ ਲਿਆ ਤੇ ਇਨ੍ਹਾਂ ਮਾਮਲਿਆਂ ਦੀ ਜਾਂਚ ਲਈ ਪੰਜਾਬ ਪੁਲਿਸ ਦੇ ਪੰਜ ਅਧਿਕਾਰੀਆਂ ਦੀ ਸਿਟ ਬਣਾ ਦਿੱਤੀ।

**ਬੇਅਦਬੀ ਬਾਰੇ ਸਰਕਾਰ ਨਹੀਂ ਗੰਭੀਰ-**
ਵਿਧਾਨ ਸਭਾ ਵਿਚ ਮਤਾ ਪਾਸ ਕਰਨ ਦੇ ਬਾਵਜੂਦ ਪੰਜਾਬ ਸਰਕਾਰ ਨੇ ਬੇਅਦਬੀ ਮਾਮਲੇ ਦੀ ਜਾਂਚ ਸੀਬੀਆਈ ਤੋਂ ਵਾਪਸ ਲੈਣ ਵਿਚ ਕੋਈ ਗੰਭੀਰਤਾ ਨਹੀਂ ਦਿਖਾਈ। ਪਤਾ ਲੱਗਾ ਹੈ ਕਿ ਇਸ ਬਾਰੇ ਰਸਮੀ ਪੱਤਰ ਤਾਂ ਲਿਖਿਆ ਗਿਆ ਪਰ ਇਸ ਮਾਮਲੇ ਦੀ ਪੈਰਵਾਈ ਕਦੇ ਨਹੀਂ ਕੀਤੀ, ਕਦੇ ਵੀ ਪੰਜਾਬ ਦੇ ਮੁੱਖ ਮੰਤਰੀ ਨੇ ਇਹ ਮਾਮਲਾ ਗ੍ਰਹਿ ਮੰਤਰੀ ਅੱਗੇ ਨਹੀਂ ਉਠਾਇਆ। ਸਰਕਾਰ ਦੀ ਕਾਰਗੁਜ਼ਾਰੀ 'ਤੇ ਵੀ ਗੰਭੀਰ ਸਵਾਲ ਉੱਠ ਰਹੇ ਹਨ ਕਿ ਇਕ ਪਾਸੇ ਪੰਜਾਬ ਪੁਲਿਸ ਦੀ ਜਾਂਚ ਕਮੇਟੀ ਨੇ ਬੇਅਦਬੀ ਮਾਮਲੇ ਵਿਚ ਤਿੰਨ ਦੋਸ਼ੀ ਹੀ ਨਹੀਂ, ਸਗੋਂ ਇਸ ਖ਼ੇਤਰ ਵਿਚ ਪਿੰਡ ਗੁਰੂ ਸਰ ਤੇ ਮੱਲਕੇ ਪਿੰਡ ਵਿਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ 23 ਹੋਰ ਡੇਰਾ ਪ੍ਰੇਮੀ ਗ੍ਰਿਫ਼ਤਾਰ ਕੀਤੇ ਹਨ ਤੇ ਉਨ੍ਹਾਂ ਖ਼ਿਲਾਫ਼ ਅਦਾਲਤ ਵਿਚ ਚਲਾਣ ਵੀ ਪੇਸ਼ ਕਰ ਦਿੱਤੇ ਹਨ ਤੇ ਦੂਜੇ ਪਾਸੇ ਉਸੇ ਜਾਂਚ ਟੀਮ ਵਲੋਂ ਬਰਗਾੜੀ ਕਾਂਡ ਲਈ ਮੁੱਖ ਦੋਸ਼ੀ ਕਰਾਰ ਦਿੱਤੇ ਤਿੰਨਾਂ ਜਣਿਆਂ ਨੂੰ ਸੀ. ਬੀ. ਆਈ. ਨੇ ਕਲੀਨ ਚਿੱਟ ਦੇ ਦਿੱਤੀ ਹੈ। ਸੀਬੀਆਈ ਸਾਢੇ ਤਿੰਨ ਸਾਲ ਦੀ ਜਾਂਚ ਬਾਅਦ ਫੜੇ ਗਏ ਦੋਸ਼ੀਆਂ ਵਿਰੁੱਧ ਦਰਜ ਕੇਸ ਬੰਦ ਕਰਨ ਦੀ ਸਿਫ਼ਾਰਸ਼ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ, ਜਦ ਕਿ ਉਨ੍ਹਾਂ ਇਸ ਮਾਮਲੇ ਦੇ ਦੋਸ਼ੀਆਂ ਦਾ ਪਰਦਾਫਾਸ਼ ਕਰਨ ਦੀ ਜ਼ਿੰਮੇਵਾਰੀ ਸੌਂਪੀ ਸੀ। ਸੀਬੀਆਈ ਵਲੋਂ ਪਿਛਲੇ ਮਹੀਨੇ ਨਾਭਾ ਜੇਲ੍ਹ ਵਿਚ ਮਾਰੇ ਗਏ ਬਰਗਾੜੀ ਕਾਂਡ ਦੇ ਦੋਸ਼ੀ ਬਿੱਟੂ ਦਾ ਨਾਭਾ ਜੇਲ੍ਹ ਵਿਚ ਕਰਵਾਇਆ ਨਾਰਕੋ ਟੈਸਟ ਸਫ਼ਲ ਨਾ ਹੋਣ ਨੂੰ ਕੇਸ ਬੰਦ ਕਰਨ ਦਾ ਆਧਾਰ ਬਣਾਇਆ ਦੱਸਿਆ ਜਾ ਰਿਹਾ ਹੈ, ਪਰ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਨਾਰਕੋ ਟੈਸਟ ਸਿਰਫ਼ ਗੁਜਰਾਤ ਦੀ ਲੈਬ ਵਿਚ ਹੀ ਹੁੰਦਾ ਹੈ ਤੇ ਨਾਭਾ ਜੇਲ੍ਹ ਵਿਚ ਅਜਿਹਾ ਕੋਈ ਟੈਸਟ ਹੋ ਹੀ ਨਹੀਂ ਸਕਦਾ।

**ਕਾਂਗਰਸੀਆਂ ਦਾ ਸੁਖਬੀਰ ਖਿਲਾਫ਼ ਮੋਰਚਾ**
ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਤੇ ਛੇ ਕਾਂਗਰਸੀ ਵਿਧਾਇਕਾਂ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ, ਹਰਪ੍ਰਤਾਪ ਸਿੰਘ ਅਜਨਾਲਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਬਰਿੰਦਰਮੀਤ ਸਿੰਘ ਪਾਹੜਾ, ਫਤਹਿਜੰਗ ਸਿੰਘ ਬਾਜਵਾ ਤੇ ਕੁਲਬੀਰ ਸਿੰਘ ਜ਼ੀਰਾ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬਰਗਾੜੀ ਕਲੋਜ਼ਰ ਰਿਪੋਰਟ ਮਾਮਲੇ ਵਿੱਚ ਸੀਬੀਆਈ ਦਾ ਵਿਰੋਧ ਕਰਨ ਦੇ ਬਿਆਨ ਉਤੇ ਆੜੇ ਹੱਥੀਂ ਲੈਂਦਿਆਂ ਨਸੀਹਤ ਦਿੱਤੀ ਹੈ ਕਿ ਉਹ ਮੱਗਰਮੱਛ ਦੇ ਹੰਝੂ ਵਹਾਉਣਾ ਬੰਦ ਕਰੇ ਅਤੇ ਆਪਣੇ ਕੀਤੇ ਪਾਪਾਂ ਦੀ ਸਜ਼ਾ ਭੁਗਤਣ ਲਈ ਤਿਆਰ ਰਹੇ। ਉਨ੍ਹਾਂ ਕਿਹਾ ਕਿ ਜੇਕਰ ਸੁਖਬੀਰ ਸੱਚੇ ਦਿਲੋਂ ਸੀਬੀਆਈ ਦੇ ਫੈਸਲੇ ਦਾ ਵਿਰੋਧ ਕਰਦਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਸਰਵਉੱਚ ਮੰਨਦੇ ਹਨ ਤਾਂ ਉਹ ਆਪਣੀ ਪਤਨੀ ਹਰਸਿਮਰਤ ਕੌਰ ਬਾਦਲ ਕੋਲੋਂ ਕੇਂਦਰੀ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦਿਵਾਉਣ, ਕਿਉਂਕਿ ਉਹ ਕੇਂਦਰ ਸਰਕਾਰ ਵਿਚ ਭਾਈਵਾਲ ਹੈ ਜਿਸ ਅਧੀਨ ਸੀਬੀਆਈ ਆਉਂਦੀ ਹੈ। ਉਨ੍ਹਾਂ ਕਿਹਾ ਕਿ ਅਸਲ ਵਿੱਚ ਸੀਬੀਆਈ ਬਾਦਲਾਂ ਨੂੰ ਬਚਾਉਣਾ ਚਾਹੁੰਦੀ ਹੈ ਜੋ ਬੇਅਦਬੀ ਮਾਮਲਿਆਂ ਵਿੱਚ ਸਿੱਧੇ ਤੌਰ ਉਤੇ 'ਦੋਸ਼ੀ' ਹਨ ਅਤੇ ਡੇਰਾ ਮੁਖੀ ਨੂੰ ਮੁਆਫੀ ਦਿਵਾਉਣ ਲਈ ਪੱਬਾਂ ਭਾਰ ਸਨ।

**'ਆਪ' ਵਲੋਂ ਸੀਬੀਆਈ ਦੀ ਨਿੰਦਾ**
ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਸੁਨਾਮ ਦੇ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਸੀਬੀਆਈ ਵੱਲੋਂ ਕੇਸ ਠੱਪ ਕਰਨ ਦੀ ਰਿਪੋਰਟ ਪੇਸ਼ ਕਰਨ ਤੋਂ ਸਾਫ਼ ਹੋ ਗਿਆ ਹੈ ਕਿ ਇਸ ਨਾਜ਼ੁਕ ਮਾਮਲੇ ਵਿਚ ਸਰਕਾਰਾਂ ਦੋਸ਼ੀਆਂ ਨੂੰ ਬੇਨਕਾਬ ਨਹੀਂ ਕਰਨੀਆਂ ਚਾਹੁੰਦੀਆਂ।

**ਅਕਾਲੀ ਦਲ ਵਲੋਂ ਕਲੋਜ਼ਰ ਰਿਪੋਰਟ ਦਾ ਵਿਰੋਧ-**
ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਰਗਾੜੀ ਵਿਖੇ ਵਾਪਰੀਆਂ ਬੇਅਦਬੀ ਦੀਆਂ ਤਿੰਨ ਘਟਨਾਵਾਂ ਸਬੰਧੀ ਮੁਹਾਲੀ ਦੀ ਇਕ ਅਦਾਲਤ ਵਿਚ ਸੀਬੀਆਈ ਵਲੋਂ ਕਲੋਜ਼ਰ ਰਿਪੋਰਟ ਦਾਖ਼ਲ ਕੀਤੇ ਜਾਣ ਦਾ ਸਖ਼ਤ ਵਿਰੋਧ ਕੀਤਾ ਹੈ ਅਤੇ ਮੰਗ ਕੀਤੀ ਹੈ ਕਿ ਇਹ ਰਿਪੋਰਟ ਨੂੰ ਵਾਪਸ ਲਿਆ ਜਾਵੇ ਅਤੇ ਬੇਅਦਬੀ ਕੇਸਾਂ ਦੀ ਜਾਂਚ ਨੂੰ ਸਿਰੇ ਚੜ੍ਹਾਇਆ ਜਾਵੇ।

---

*ਮਾਮਲਾ ਰਣਜੀਤ ਸਿੰਘ ਜਾਂਚ ਕਮਿਸ਼ਨ ਦੀ ਖਿੱਲੀ ਉਡਾਉਣ ਦਾ*

## ਹਾਈ ਕੋਰਟ ਵਲੋਂ ਸੁਖਬੀਰ ਤੇ ਮਜੀਠੀਆ ਦੀ ਝਾੜ ਝੰਬ

**ਚੰਡੀਗੜ੍ਹ/ਏਟੀ ਨਿਊਜ਼ :**
ਹਾਈ ਕੋਰਟ ਨੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ ਦੇਣ ਮੌਕੇ ਦੋਵਾਂ ਆਗੂਆਂ ਦੀ ਝਾੜ-ਝੰਬ ਕਰਦਿਆਂ ਕਿਹਾ ਕਿ ਕਿਸੇ ਨੂੰ ਵੀ ਨਿਆਂ ਪ੍ਰਣਾਲੀ ਦੀ ਖਿੱਲੀ ਉਡਾਉਣ ਦੀ ਇਜਾਜ਼ਤ ਨਹੀਂ ਹੈ। ਅਕਾਲੀ ਦਲ ਦੇ ਇਹ ਦੋਵੇਂ ਆਗੂ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਾਲੇ ਬੇਅਦਬੀ ਕੇਸਾਂ ਦੀ ਜਾਂਚ ਲਈ ਗਠਿਤ ਕਮਿਸ਼ਨ ਦੀ ਤੌਹੀਨ ਕਰਨ ਦੇ ਦੋਸ਼ਾਂ ਸਬੰਧੀ ਕੇਸ ਦਾ ਸਾਹਮਣਾ ਕਰ ਰਹੇ ਹਨ। ਇਸ ਸਬੰਧੀ ਕੇਸ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਰਣਜੀਤ ਸਿੰਘ ਵਲੋਂ ਦਿੱਤੀ ਗਈ ਫੌਜਦਾਰੀ ਸ਼ਿਕਾਇਤ 'ਤੇ ਦਰਜ ਹੋਇਆ ਸੀ। ਸ਼ਿਕਾਇਤ ਵਿੱਚ ਉਨ੍ਹਾਂ ਕਿਹਾ ਸੀ ਕਿ ਦੋਵਾਂ ਆਗੂਆਂ ਨੇ ਜਨਤਕ ਤੌਰ 'ਤੇ ਉਨ੍ਹਾਂ ਵਿਰੁਧ ਜਾਣਬੁੱਝ ਕੇ ਅਪਮਾਨਜਨਕ



ਟਿੱਪਣੀਆਂ ਕੀਤੀਆਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਅਜਿਹੀਆਂ ਟਿੱਪਣੀਆਂ ਕਰਨ ਪਿੱਛੇ ਇਨ੍ਹਾਂ ਦੋਵਾਂ ਆਗੂਆਂ ਦੀ ਮਨਸ਼ਾ ਪਿਛਲੀ ਅਕਾਲੀ ਦਲ-ਭਾਜਪਾ ਸਰਕਾਰ ਦੇ ਸਮੇਂ ਪੰਜਾਬ ਵਿੱਚ ਵਾਪਰੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੇ ਕਮਿਸ਼ਨ ਅਤੇ ਉਨ੍ਹਾਂ ਦੀ ਤੌਹੀਨ ਕਰਨਾ ਸੀ।

ਜਸਟਿਸ ਅਮਿਤ ਰਾਵਲ ਦੀ ਅਗਵਾਈ ਵਾਲੇ ਬੈਂਚ ਅੱਗੇ ਪੇਸ਼ ਹੋਏ ਦੋਵਾਂ ਆਗੂਆਂ ਨੂੰ ਕੇਸ ਦੀ ਸੁਣਵਾਈ ਦੌਰਾਨ ਇੱਕ-ਇੱਕ ਲੱਖ ਦੇ ਨਿੱਜੀ ਮੁਚੱਲਕੇ 'ਤੇ ਜ਼ਮਾਨਤ ਦੇ ਦਿੱਤੀ ਗਈ। ਅਦਾਲਤ ਨੇ ਇਸ ਮਾਮਲੇ ਲਈ ਅਗਲੀ ਸੁਣਵਾਈ 21 ਅਗਸਤ ਲਈ ਤੈਅ ਕਰਦਿਆਂ ਕਿਹਾ ਕਿ ਨਿੱਜੀ ਪੇਸ਼ੀ ਤੋਂ ਛੋਟ ਨਾ ਮਿਲਣ ਦੀ ਸੂਰਤ ਵਿੱਚ ਦੋਹਾਂ ਆਗੂਆਂ ਨੂੰ ਅਗਲੀ ਪੇਸ਼ੀ ਮੌਕੇ ਹਾਜ਼ਰ ਰਹਿਣਾ ਹੋਵੇਗਾ।

---

*ਮਾਮਲਾ ਜਗਦੀਸ਼ ਗਗਨੇਜਾ ਦੇ ਕਤਲ ਕਾਂਡ ਦਾ*

## ਸ਼ੇਰਾ, ਬੱਗਾ, ਜੌਹਲ ਸਮੇਤ ਐਨਆਈਏ. ਵਲੋਂ 11 ਨਾਮਜ਼ਦ

**ਮੋਹਾਲੀ/ਏਟੀ ਨਿਊਜ਼ ;**
ਆਰ.ਐਸ.ਐਸ. ਆਗੂ ਤੇ ਸੇਵਾ-ਮੁਕਤ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਦੇ ਕਤਲ ਮਾਮਲੇ ਵਿਚ ਕੌਮੀ ਜਾਂਚ ਏਜੰਸੀ ਵਲੋਂ ਹਰਦੀਪ ਸਿੰਘ ਸ਼ੇਰਾ, ਰਮਨਦੀਪ ਸਿੰਘ ਬੱਗਾ, ਐਨ. ਆਰ. ਆਈ. ਜਗਤਾਰ ਸਿੰਘ ਜੱਗੀ ਜੌਹਲ, ਧਰਮਿੰਦਰ ਸਿੰਘ ਗੁਗਨੀ, ਅਮਨਿੰਦਰ ਸਿੰਘ, ਮਨਪ੍ਰੀਤ ਸਿੰਘ, ਰਵੀਪਾਲ, ਪਹਾੜ ਸਿੰਘ, ਮਲੂਕ, ਪ੍ਰਵੇਜ਼ ਤੇ ਅਨਿਲ ਕਾਲਾ ਨੂੰ ਨਾਮਜ਼ਦ ਕਰਕੇ ਐਨ. ਆਈ. ਏ. ਦੀ ਵਿਸ਼ੇਸ਼ ਅਦਾਲਤ ਵਿਚ ਪੇਸ਼ ਕਰਦਿਆਂ ਰਮਨਦੀਪ ਸਿੰਘ ਬੱਗਾ ਦੇ ਰਿਮਾਂਡ ਦੀ ਮੰਗ ਕੀਤੀ ਗਈ, ਜਿਸ ਦੇ ਚਲਦਿਆਂ ਅਦਾਲਤ ਵਲੋਂ ਰਮਨਦੀਪ ਸਿੰਘ ਬੱਗਾ ਨੂੰ ਰਿਮਾਂਡ 'ਤੇ ਭੇਜ ਦਿੱਤਾ ਗਿਆ, ਜਦਕਿ ਬਾਕੀ ਮੁਲਜ਼ਮਾਂ ਨੂੰ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ। ਉਕਤ ਸਾਰੇ ਮੁਲਜ਼ਮ ਇਸ ਸਮੇਂ ਤਿਹਾੜ ਜੇਲ੍ਹ ਵਿਚ ਬੰਦ ਹਨ ਤੇ ਉਨ੍ਹਾਂ ਨੂੰ ਉਚੇਚੇ ਤੌਰ 'ਤੇ ਤਿਹਾੜ ਜੇਲ੍ਹ ਵਿਚੋਂ ਲਿਆ ਕੇ ਮੁਹਾਲੀ ਵਿਚਲੀ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ। ਉੱਧਰ ਮੁਹਾਲੀ ਅਦਾਲਤ ਸਾਰਾ ਦਿਨ ਪੁਲਿਸ ਛਾਉਣੀ ਵਿਚ ਤਬਦੀਲ ਰਹੀ। ਇਸ ਸਬੰਧੀ ਬਚਾਅ ਪੱਖ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਸ਼ੇਰਾ ਤੇ ਬੱਗਾ ਸਮੇਤ ਸਾਰੇ ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਹੀ ਕਤਲ ਦੇ ਵੱਖ-ਵੱਖ 6 ਮਾਮਲੇ ਦਰਜ ਹਨ ਤੇ ਉਕਤ ਮਾਮਲਿਆਂ ਨੂੰ ਮੁਹਾਲੀ ਵਿਚਲੀ ਅਦਾਲਤ ਤੋਂ ਦਿੱਲੀ ਦੀ ਅਦਾਲਤ ਵਿਚ ਤਬਦੀਲ ਤਾਂ ਕਰਵਾ ਲਿਆ ਗਿਆ ਹੈ ਪ੍ਰੰਤੂ ਅਜੇ ਤੱਕ ਉਕਤ ਸਾਰੇ ਮੁਲਜ਼ਮਾਂ ਦੀ ਕਿਸੇ ਵੀ ਅਦਾਲਤ ਵਿਚ ਪੇਸ਼ੀ ਨਹੀਂ ਪੈ ਰਹੀ।


SATINDER
SARTAAJ
LIVE
AUGUST 10TH, 2019
VENUE
CALIFORNIA THEATRE
345 SOUTH FIRST STREET
SAN JOSE, CA
FOR MORE INFO CONTACT
BALWINDER (LALLY) DHANOA : (510)224-7380
Bull 18
FOR TICKETS VISIT WWW.SATINDERSARTAAJ.COM



MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

ਧੰਨੁ ਧੰਨੁ ਗੁਰੂ ਨਾਨਕ ਦੇਵ ਜੀ ਦੇ
550 ਸਾਲਾ ਗੁਰਪੂਰਬ ਨੂੰ ਸਮਰਪਿਤ

# Atamras Kirtan Diwan

## Sunday July 28th. 11:30AM to 2:30PM


Bhai Gurpreet Singh Ji
Ballarwal


Bhai Harnam Singh Ji
Darbar Sahib


Bhai Harjinder Singh Ji
Sri Nagar wale


Bhai Jaswant Singh Ji
Zire wale

ਚਾਹ ਪਕੌੜੇ, ਅਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ

Every Day Gurdwara program: Parkash 6AM and Sukhasan 8PM

*Weekly* Gurdwara program

Friday Evening 6:30PM to 8:30PM
Sunday - Asa Ki War
8:30AM to 10:30 AM
Kirtan Diwan - 11.30AM to 1PM

Gurmat Sangeet Academy
Kirtan Class by Bhai Naib Singh
Every Friday
6PM to 8.30PM

For more info:
Bhai Jaswant Singh • 951-231-0436
Hajuri Ragi & Head Granthi

Inland Sikh Education Empire
16825 Mariposa Ave,
Riverside, CA 92504
951-776-0200





SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578




ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ!
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300




Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250


Dedicated to Sri Guru Nanak Dev ji's 550th Parkash Purb
UNITED SPORTS CLUB CALIFORNIA, AMERICA
15TH WORLD KABADDI CUP
15 SEPTEIMBER 2019, SUNDAY
(Timing 09:00am - 06pm)
(James Logan High School 1800 H Street, Union City, California 94587)
ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ
'15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ
ਤੀਰਥ ਗਾਖਲ
ਰੰਗ ਕਬੱਡੀ ਦੇ
ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ
Amolak Singh Gakhal
Chief Patron, United Sports Club
Sponsor of 1st Prize
Jagjit Singh Rakkar
Ocean Transport
Kuljit Singh Nijjar
White Hawlk
Sponsor of 2nd Prize
Jugraj Singh Sahota & Narinder Singh Sahota of Sahota Family
Late. Kashmir Singh Sahota
Sponsor of 3rd Prize
Jaswinder Boparai, Dalbir Boparai
Malkit Bopari, Gurdev Boparai
Diamond Sponsor
Inder Dosanjh
Dosanjh Family Auto Group Inc.
Diamond Sponsor
In the loving Memory of
Late S. Mehnga Singh Sarai
By: Sarai Family
Sponsor of U-25
1st Prize Sponsored by TAKHAR FAMILY in loving memory of Late. Santokh Singh Takhar Apna Punjab & Northern California Club
ਮੁੱਖ ਮਹਿਮਾਨ
ਮੈਨੀ ਗਰੇਵਾਲ
OPENING
ਸੁਰਜੀਤ ਸਿੰਘ ਟੁੱਟ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
ਰਾਜ ਸਲਵਾਨ
ਵਾਈਸ ਮੇਅਰ ਫਰੀਮਾਂਟ
ਮੇਜਰ ਸਿੰਘ ਬੈਂਸ
ਵਿਸ਼ੇਸ਼ ਮਹਿਮਾਨ
ਉਲੰਪੀਅਨ ਸ.ਮਹਿੰਦਰ ਸਿੰਘ ਗਿੱਲ
ਗੈਰੀ ਸਿੰਘ
ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਸ. ਤਰਲੋਚਨ ਸਿੰਘ ਦੁਪਾਲਪੁਰ
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Director
S. Ashok Bhaura Gen. Sec & Media Incharge
Narinder Singh Sahota Treasurer
Pinki Atwal Director
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
ਗਾਖ਼ਲ ਭਰਾਵਾਂ ਵਲੋਂ ਆਪਣੇ ਪਿਤਾ ਸ੍ਰ. ਨਸੀਬ ਸਿੰਘ ਗਾਖ਼ਲ
ਦੀ ਯਾਦ ਵਿਚ ਨੇਕੀ ਸਿੱਧਵਾਂ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ
ਅਤੇ ਸੁਲਤਾਨ ਸ਼ਮਸ਼ਪੁਰ ਦਾ
ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਜਾਵੇਗਾ
ਗੋਲਡ ਮੈਡਲ ਨਾਲ ਸਨਮਾਨ
ਨੇਕੀ ਸਿੱਧਵਾਂ
ਸੰਦੀਪ ਨੰਗਲ ਅੰਬੀਆਂ
ਪਾਲਾ ਜਲਾਲਪੁਰ
ਖੁਸ਼ੀ ਦੁੱਗਾਂ
ਸੁਲਤਾਨ ਸ਼ਮਸਪੁਰ
Debi Sohal Sidhwan Dona Director
Inderjit Singh Thind Director
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulwiner Singh Gakhal Director
Harjinder Ladhar Director
Dalwinder Padda Director
Arundeep Singh Advisor
Baljinder Singh Advisor
Kala Gakhal Director
All Kabaddi Lovers
are openly Invited
GUEST OF HONOR
Jagir Singh (Subzi Mandi)
Baljit Singh Sandhu
Rana Tutt
Hardumman Singh (Billa Sanghera)
Pritam Singh Grewal
Bhupinder Singh Parmar
Makhan Sandhu
Amarjit Sangha
Bhjan Singh Thiara
Kuldip S. Sahota
Pamma deol
Jaswant Singh Hothi
Mangal Singh Bhandal
Dr. Harjinder Khehra
Happy Heer
Ram Saroye
Rana Dhillon
Balwinder Walia
Dr. Baljinder Grewal
Gurdeep Singh Gakhal
Nirmal Singh Sahota
Lucky Sahota
Jaskaran Singh Dhaliwal
SP Singh
Ruby Harkhowal
Amrik Chand Lakha CPA
Santokh Singh Judge
Sarabjit Dhaliwal
Satnam Singh Bal
Sukhdev Singh Grewal
Sukhjit Singh Sandhu
Gurcharan Maan
Jaswant Singh Sarai
Media In charge
World Kabaddi Cup
S. Ashok Bhaura
Phone: 510 415 3315,
Email: ashokbhaura@gmail.com
ਕੁਮੈਂਟੇਟਰ
ਆਸ਼ਾ ਸ਼ਰਮਾ, ਸ਼ਕਤੀ ਮਾਣਕ,
ਇਕਬਾਲ ਗਾਲਿਬ,
ਮੱਖਣ ਅਲੀ, ਸੁਰਜੀਤ ਕਕਰਾਲੀ
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Bay Are Sports Club 2. United Sports Club
3. Metro Sports Club New York 4. Canada Club
ਅੰਡਰ-25 ਟੀਮਾਂ
ਯੂਨਾਈਟਡ ਸਪੋਰਟਸ ਕਲੱਬ
ਬੇਏਰੀਆ ਸਪੋਰਟਸ ਕਲੱਬ
Spectator Have to reach at James Logan High School, International Law of Kabddi will apply, United Sports Club has reserve the right for last decisions.


REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU
FREE ONE YEAR PROPERTY MANAGEMENT & SAVE $3000
FEW AREAS ARE GROWING RAPIDLY, TRACY, LATHROP, MANTECA, MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA, MOUNTAIN HOUSE
Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653
VALLEY PACIFIC REALTY AND INVESTMENTS STOCKTON # 01722418


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
CST NO : 2031914-40
Serving the Bay Area Since 1996
We have moved to
32116-Alvarado Blvd. Union City, CA-94587
Email: info@travelforlessinc.com
CALL 510-791-3300
Book online 24x7 @ www.Letsflyhome.com


ਤੀਆਂ 2019
Stockton
Teeyan
2019
FREE ENTRY
PARKING FEES $6.00
WORLD'S WOMEN FESTIVAL
SUNDAY, 28 JULY 2019
12:00pm- 6:00pm
"Hosted by Asha Sharma"
VENUE : Delta Shelter
@Mickie Grover Park 11793
N.Mickie Grove Road Lodi CA 95240
For More Information Contact :
Ashvinder Kaur (Ashu) 209-298-6454 & Simran K Atwal 209-993-7978
Apna Bazaar Indian Sweet and Spices (209: 594-0043)
E-mail: stocktonteeyan@gmail.com • www.facebook.com/Stocktonteeyan


kw DALLAS PRESTON ROAD
KELLERWILLIAMS. REALTY
MLS
Buy Sell Homes
REAL ESTATE
Baljeet Kaur Pannu
REALTOR®
Call/Text: 972-522-9427
Web : www.MyDesiAgent.com
Email : bpannu@kw.com
18383 Preston Rd Ste-150, Dallas TX, 75252
Each office is individually owned and operated


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Additional Services:
Warmers
Chaffing Dishes
China & Silverware
Linen Rental
Waiters & Bartenders


Raja SWEETS & CATERING
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING TABLE CLOTH, NAPKINS, CHAIRS ETC.

## ਕਹਾਣੀ

# ਖੁਦਕੁਸ਼ੀ



**ਮਨਪ੍ਰੀਤ ਮਨੀ ਬਠਿੰਡਾ**
(81960-22120)

ਮਾਸਟਰ ਗੁਰਦੇਵ ਸਿੰਘ ਦੀ ਪੁਰਾਣੀ ਆਦਤ ਸੀ ਕਿ ਉਹ ਸਵੇਰੇ ਉੱਠ ਕੇ ਸੈਰ ਨੂੰ ਜ਼ਰੂਰ ਜਾਂਦਾ ਸੀ। ਆਪਣੀ ਨੌਕਰੀ ਦੇ ਦਿਨਾਂ ਤੋਂ ਹੁਣ ਰਿਟਾਇਰਮੈਂਟ ਤਕ ਉਹਨਾਂ ਦੀ ਇਹੋ ਆਦਤ ਬਰਕਰਾਰ ਸੀ। ਪਰ ਅੱਜ ਕੁਝ ਅਜੀਬ ਹੋਇਆ। ਜਦ ਮਾਸਟਰ ਜੀ ਸੈਰ ਲਈ ਗਏ ਤਾਂ ਉਹਨਾਂ ਮਨ ਹੀ ਮਨ ਸੋਚਿਆ ਕਿ ਜਦ ਪੁਰਾਣੇ ਸਮਿਆਂ 'ਚ ਮੈਂ ਆਉਂਦਾ ਸੀ ਤਾਂ ਇਥੇ ਕਲ-ਕਲ ਵਗਦਾ ਸੂਆ, ਲਹਿ ਲਹਾਉਂਦੀਆ ਫਸਲਾਂ, ਚਹਿਚਹਾਉਂਦੇ ਪੰਛੀ, ਕਿੰਨਾ ਸੋਹਣਾ ਦ੍ਰਿਸ਼ ਹੁੰਦਾ ਸੀ। ਨਾ ਓਹ ਪੰਛੀ ਰਹੇ ਹਨ, ਨਾ ਹੀ ਓਦੋਂ ਜਿਹਾ ਵਾਤਾਵਰਣ। ਇਵੇਂ ਹੀ ਸੋਚਦੇ-ਸੋਚਦੇ ਉਹਨਾਂ ਘਰ ਆ ਕੇ ਚਾਹ ਪੀਤੀ ਤੇ ਅਖਬਾਰ ਪੜ੍ਹਨ ਲੱਗੇ। ਅਖਬਾਰ ਦੇ ਪਹਿਲੇ ਪੰਨੇ 'ਤੇ ਇਕ ਮੋਟੇ-ਮੋਟੇ ਅੱਖਰਾਂ 'ਚ ਲੱਗੀ ਖਬਰ ਪੜ੍ਹ ਉਹਨਾਂ ਦੇ ਚੇਹਰੇ 'ਤੇ ਮੁਸਕਰਾਹਟ ਆਈ। "ਪੰਜਾਬ ਚ ਅਨਾਜ ਦੀ ਰਿਕਾਰਡ ਪੈਦਾਵਾਰ, ਅਨਾਜ ਸਾਂਭਣ ਲਈ ਜਗ੍ਹਾ ਥੁੜੀ।"

ਪਰ ਇਹ ਮੁਸਕਰਾਹਟ ਬਹੁਤੀ ਦੇਰ ਨਾ ਰਹੀ। ਜਦ ਉਹਨਾਂ ਦੀ ਨਜ਼ਰ ਅਗਲੀ ਖਬਰ 'ਤੇ ਗਈ ਤਾਂ ਉਹ ਨਿਰਾਸ਼ ਹੋ ਗਏ। "ਕਰਜ਼ੇ ਦੀ ਮਾਰ ਹੇਠ ਆਏ 2 ਹੋਰ ਕਿਸਾਨਾਂ ਵੱਲੋਂ ਖੁਦਕੁਸ਼ੀ।"

ਸਾਹਮਣੇ ਪਏ ਟੇਬਲ 'ਤੇ ਉਹਨਾਂ ਅਖਬਾਰ ਰੱਖ ਦਿੱਤਾ ਤੇ ਉਸ ਉਪਰ ਆਪਣੀ ਐਨਕ ਵੀ ਰੱਖ ਦਿੱਤੀ। ਉਹ ਸੋਚਣ ਲੱਗੇ, ਇੱਕ ਪਾਸੇ ਤਾਂ ਏਨਾ ਅਨਾਜ ਹੋਇਆ ਕਿ ਸਾਂਭਿਆ ਨਹੀਂ ਜਾ ਰਿਹਾ, ਦੂਜੇ ਪਾਸੇ ਕਿਸਾਨ ਕਰਜ਼ੇ ਹੇਠ ਆ ਕੇ ਖੁਦਕੁਸ਼ੀਆਂ ਕਰ ਰਹੇ ਹਨ। ਉਹਨਾਂ ਨੂੰ ਕੁਝ ਸਮਝ ਨਾ ਲੱਗਾ, ਦਿਮਾਗ ਹੀ ਘੁੰਮ ਗਿਆ, ਕਿ ਕਮੀ ਕਿੱਥੇ ਹੈ, ਤ੍ਰਾਸਦੀ ਕਿੱਥੇ ਹੈ। ਉਹਨਾਂ ਦੇ ਮਨ ਉੱਤੇ ਇਹ ਗੱਲ ਛਪ ਗਈ।

ਨਾਸ਼ਤਾ ਕਰਨ ਉਪਰੰਤ ਉਹ ਪਿੰਡ ਦਾ ਚੱਕਰ ਲਾਉਣ ਗਏ। ਗੱਲ ਉਹਨਾਂ ਦੇ ਦਿਮਾਗ 'ਚ ਉਹੀ ਵੱਸੀ ਹੋਈ ਸੀ। ਜਦ ਉਹ ਸੱਥ ਵਿਚ ਪਹੁੰਚੇ ਤਾਂ ਵੇਖਿਆ ਸਭ ਚੁੱਪ ਚਾਪ ਜਿਹੇ ਬੈਠੇ ਸਨ। ਕੋਈ ਅਖਬਾਰ ਪੜ੍ਹ ਰਿਹਾ ਸੀ ਤੇ ਕੋਈ ਸਿਰ ਝੁਕਾ ਕੇ ਬੈਠਾ ਸੀ। ਮਾਸਟਰ ਜੀ ਨੂੰ ਸੱਥ 'ਚ ਇਸ ਤਰ੍ਹਾਂ ਦਾ ਮਾਹੌਲ ਬਹੁਤ ਅਜੀਬ ਲੱਗਿਆ।

"ਕਿਉਂ ਬਈ ਅੱਜ ਬੜੀ ਚੁੱਪ ਜਿਹੀ ਵੱਟੀ ਸਾਰਿਆ ਨੇ?"

ਕਿਸੇ ਨੇ ਮਾਸਟਰ ਜੀ ਦੀ ਗੱਲ ਵੱਲ ਕੋਈ ਬਹੁਤਾ ਧਿਆਨ ਨਾ ਦਿੱਤਾ। ਪਰ ਅਜੈਬ ਸਿੰਘ ਮੱਧਮ ਜਿਹੀ ਅਵਾਜ਼ ਚ ਬੋਲਿਆ, "ਆਓ ਮਾਸਟਰ ਜੀ ਬੈਠੋ।"

"ਕਿਉ ਬਈ ਅਜੈਬ ਸਿਆਂ, ਅੱਜ ਸਾਰੇ ਇੰਨੇ ਚੁੱਪਚਾਪ ਕਿਉ ਨੇ?"

"ਕੁਝ ਨੀ ਓਹ, ਮੱਘਰ ਕੇ ਬਿਸ਼ਨੇ ਨੇ ਰਾਤੀ ਫਾਹਾ ਲੈ ਖੁਦਕੁਸ਼ੀ ਕਰ ਲਈ।"

ਮਾਸਟਰ ਜੀ ਦੇ ਮੂੰਹ ਤੇ ਇਕ ਦਮ ਚੁੱਪੀ ਛਾ ਗਈ।

"ਕਿਉਂ ਇਵੇਂ ਕਿਵੇਂ, ਕੀ ਗੱਲ ਹੋਈ?"

ਮਾਸਟਰ ਜੀ ਨੂੰ ਸਮਝ ਨਹੀਂ ਆ ਰਹੀ ਸੀ ਕਿ ਓਹ ਕੀ ਪੁੱਛਣ ਤੇ ਕੀ ਬੋਲਣ।

"ਹੋਣਾ ਤਾਂ ਕੀ ਏ ਜੀ, ਉਹੀ ਕਰਜ਼ੇ ਦੀ ਪੰਡ," ਪਰ੍ਹਾਂ ਬੈਠਾ ਨੈਬ ਸਿੰਘ ਬੋਲਿਆ।

ਮਾਸਟਰ ਜੀ ਦੇ ਮਨ ਵਿਚ ਫਿਰ ਉਹੀ ਗੱਲ ਨੇ ਦਸਤਕ ਦੇ ਦਿੱਤੀ। ਆਖਿਰ ਕਿਉਂ ਕੋਈ ਖੁਦਕੁਸ਼ੀ ਦਾ ਰਾਹ ਚੁਣਦਾ ਹੈ। ਅਜੇ ਉਹ ਸੋਚ ਹੀ ਰਹੇ ਸੀ ਕਿ ਨੈਬ ਸਿੰਘ ਫਿਰ ਬੋਲ ਪਿਆ, "ਵਿਚਾਰਾ ਕਰਦਾ ਵੀ ਕੀ, ਦੋ ਤਾਂ ਕਿੱਲੇ ਜ਼ਮੀਨ ਸੀ ਉਸ ਕੋਲ, ਕਰਜ਼ਾ 7 ਲੱਖ ਤੋਂ ਵੀ ਵਧ ਗਿਆ ਸੀ।"

"ਤਾਂ ਕਰਜ਼ਾ ਚੜ੍ਹਾਇਆ ਵੀ ਤਾਂ ਉਸ ਨੇ ਆਪ ਹੀ, ਪਹਿਲਾਂ ਜ਼ਰਾ ਸੰਭਲ ਕੇ ਗੁਜ਼ਾਰਾ ਕਰਨਾ ਸੀ।"

"ਮਾਸਟਰ ਜੀ ਓਹਨੇ ਕਿਹੜਾ ਆਪਣੇ ਸ਼ੌਕ ਪੂਰੇ ਕਰਨ ਨੂੰ ਲਿਆ ਸੀ ਕਰਜ਼ਾ, ਖੇਤੀ ਦੇ ਖਰਚਿਆਂ ਨੂੰ ਲਿਆ ਸੀ। ਹੁਣ ਜਦੋਂ ਫਸਲ 'ਤੇ ਕੁਦਰਤ ਦੀ ਮਾਰ ਪੈ ਗਈ, ਓਹ ਵਿਚਾਰਾ ਕੀ ਕਰਦਾ।"

ਤਾਂ ਪਾਸ ਬੈਠਾ ਬਲਵੰਤ ਸਿੰਘ ਬੋਲ ਪਿਆ, "ਖੇਤੀ 'ਤੇ ਖਰਚਾ, ਖੇਤੀ ਤੇ ਇੰਨਾ ਕੀ ਖਰਚਾ ਆਉਂਦਾ।"

"ਤੈਨੂੰ ਲਗਦਾ ਬਲਵੰਤ ਸਿਆਂ, ਖਰਚਾ ਨੀ ਆਉਂਦਾ, ਤੈਨੂੰ ਕੀ ਪਤਾ ਹੋਣਾ, ਤੂੰ ਸਾਰੀ ਪੈਲੀ ਤਾਂ ਠੇਕੇ 'ਤੇ ਦੇ ਛਡਦਾ ਏ।"

ਅਜੈਬ ਸਿੰਘ ਥੋੜੀ ਤਲਖੀ ਨਾਲ ਬੋਲਿਆ, "ਫਿਰ ਵੀ ਭਾਈ ਅਜੈਬ ਸਿਆਂ, ਖੇਤੀ 'ਤੇ ਖਰਚਾ ਆਉਂਦਾ ਕਿਸ ਚੀਜ਼ ਦਾ ਹੁੰਦਾ ਹੈ?" ਮਾਸਟਰ ਜੀ ਨੇ ਆਪਣੇ ਮਨ ਅੰਦਰ ਉੱਠ ਰਹੇ ਸਵਾਲਾਂ ਦਾ ਉੱਤਰ ਜਾਨਣ ਲਈ ਸਵਾਲ ਕੀਤਾ।

"ਮਾਸਟਰ ਜੀ ਖਰਚਾ ਹੀ ਖਰਚਾ ਹੈ। ਹੁਣ ਮੇਰੇ ਕੋਲ ਹੀ ਮੰਨ ਲਓ, ਤਿੰਨ ਕਿੱਲੇ ਆਪ ਦੇ, ਦੋ ਮੈਂ ਠੇਕੇ 'ਤੇ ਲੈਂਦਾ ਹਾਂ। ਹੁਣ ਠੇਕਾ ਭਰਨ ਲਈ ਪਹਿਲਾਂ ਆੜ੍ਹਤੀਆਂ ਤੋਂ ਵਿਆਜ 'ਤੇ ਪੈਸੇ ਚੁੱਕਦਾ ਹਾਂ, ਫਿਰ ਠੇਕਾ ਭਰਦਾ ਹਾਂ। ਫਿਰ ਰੇਹ ਸਪਰੇਅ ਸਭ ਖਰਚਾ ਵੀ ਵਿਆਜੂ ਪੈਸੇ 'ਤੇ। ਫਿਰ ਜਦੋਂ ਫਸਲ ਆਉਂਦੀ ਹੈ ਤਾਂ ਸਾਰਾ ਵਿਆਜ 'ਚ ਹੀ ਕਟਿਆ ਜਾਂਦਾ ਹੈ। ਹੱਥ ਪੱਲੇ ਤਾਂ ਕੁਝ ਨਹੀਂ ਪੈਂਦਾ।"

"ਰੇ ਸਪਰੇਅ? ਓਹ ਤਾਂ ਲੋਕ ਪਹਿਲਾਂ ਵੀ ਕਰਦੇ ਸੀ। ਹੁਣ ਓਹ ਖਰਚਾ ਲੱਗਣ ਲਾ 'ਗਿਆ।" ਬਲਵੰਤ ਸਿੰਘ ਫਿਰ ਬੋਲ ਪਿਆ।

ਤਾਂ ਨੈਬ ਸਿੰਘ ਬੋਲ ਪਿਆ, "ਅੱਜ ਤੋਂ ਤਿੰਨ ਸਾਲ



ਪਹਿਲਾਂ ਯੂਰੀਏ ਦਾ ਗੱਟਾ ੬੦੦ ਦਾ ਸੀ, ਹੁਣ ੧੪੫੦ ਦਾ ਹੋ ਗਿਆ। ਖਰਚਾ ਤਾਂ ਆਪੇ ਹੀ ਵਧਣਾ।"

ਤਾਂ ਮਾਸਟਰ ਜੀ ਆਪਣੇ ਮਨ ਦੇ ਸਾਰੇ ਪ੍ਰਸ਼ਨਾਂ ਨੂੰ ਖਤਮ ਕਰਨ ਦੀ ਇੱਛਾ ਨਾਲ ਫਿਰ ਬੋਲੇ, ਕਿ ਮੰਨਿਆ ਕੁਦਰਤ ਦੀ ਕਰੋਪੀ ਨਾਲ ਇੱਕ ਵਾਰ ਫਸਲ ਮਰ ਗਈ, ਅਗਲੀ ਵਾਰ ਵੀ ਤਾਂ ਕਰਜ਼ਾ ਲਾਹਿਆ ਜਾ ਸਕਦਾ।

"ਮਾਸਟਰ ਜੀ ਕਰਜ਼ਾ ਤਾਂ ਇਹੋ ਜਿਹੀ ਚੀਜ਼ ਹੈ, ਜੇਕਰ ਇੱਕ ਵਾਰ ਚੜ੍ਹ ਗਿਆ, ਕਦੇ ਘਟਦਾ ਨੀ, ਸਗੋਂ ਵਧਦਾ ਹੀ ਰਹਿੰਦਾ।"

ਤਾਂ ਨੈਬ ਸਿੰਘ ਅਜੈਬ ਦੀ ਗੱਲ ਨੂੰ ਅੱਗੇ ਤੋਰਦਾ ਬੋਲਿਆ, "ਜੇਕਰ ਇੱਕ ਵਾਰੀ ਕਿਸੇ ਦੀ ਫ਼ਸਲ ਖਰਾਬ ਹੋਜੇ, ਓਹ ਅਗਲੀ ਵਾਰ ਜਿਆਦਾ ਝਾੜ ਲੈਣ ਦੇ ਚੱਕਰ 'ਚ ਖਰਚਾ ਹੀ ਇੰਨਾ ਕਰ ਬੈਠਦਾ ਹੈ ਕਿ ਓਹਨੂੰ ਫਿਰ ਬਚਦਾ ਕੁਝ ਨਹੀਂ।"

"ਪਰ ਮੇਰੇ ਹਿਸਾਬ ਨਾਲ ਕਰਜ਼ਾ 'ਕੱਲਾ ਖੇਤੀ ਕਰਕੇ ਤਾਂ ਚੜ੍ਹਦਾ ਨਹੀਂ। ਸਗੋਂ ਦੀ ਜਿਹੜੇ ਆ ਛੋਟੇ ਤੇ ਮੱਧ ਵਰਗੀ ਕਿਸਾਨ ਦਿਖਾਵੇ ਲਈ ਵਿਆਹ-ਸ਼ਾਦੀ 'ਤੇ ਇੰਨੇ ਪੈਸੇ ਲਾਉਂਦੇ ਹਨ ਤੇ ਬੱਚਿਆਂ ਨੂੰ ਬਾਹਰ ਭੇਜਣ ਦੀ ਭੇਡ ਚਾਲ ਨੇ ਸਾਰਾ ਪੰਜਾਬ ਕਰਜੇ ਹੇਠ ਦੱਬ ਕੇ ਰੱਖ ਦਿੱਤਾ।"

ਸਭ ਨੇ ਮਾਸਟਰ ਜੀ ਦੀ ਗੱਲ ਨਾਲ ਸਹਿਮਤੀ ਭਰਦਿਆਂ ਹਾਂ ਵਿੱਚ ਸਿਰ ਹਿਲਾਇਆ।

"ਤਾਂ ਫਿਰ ਖੁਦਕੁਸ਼ੀ ਕਰਨਾ ਤਾਂ ਕੋਈ ਹੱਲ ਨਹੀਂ ਇਸ ਚੀਜ਼ ਦਾ।"

ਮਾਸਟਰ ਜੀ ਦੀ ਕਹੀ ਗੱਲ ਤੋਂ ਬਾਅਦ ਕੁਝ ਮਿੰਟਾਂ ਦੀ ਸ਼ਾਂਤੀ ਭੰਗ ਕਰਦਾ ਅਜੈਬ ਸਿੰਘ ਬੋਲਿਆ, "ਹੋਰ ਫੇਰ ਕਰੀਏ ਵੀ ਕਿ ਮਾਸਟਰ ਜੀ, ਜਦੋਂ ਜ਼ਿੰਦਗੀ ਇੰਨੀ ਨਰਕ ਬਣ ਜਾਂਦੀ ਹੈ, ਤਾਂ ਕੋਈ ਹੱਲ ਨਹੀਂ ਰਹਿੰਦਾ, ਖੁਦਕੁਸ਼ੀ ਬੰਦਾ ਤਦ ਕਰਦਾ ਹੈ ਜਦ ਉਸ ਨੂੰ, ਜ਼ਿੰਦਗੀ ਨਾਲੋਂ ਮੌਤ ਚੰਗੀ ਲੱਗਣ ਲੱਗ ਜਾਂਦੀ ਹੈ।"

ਅਜੈਬ ਸਿੰਘ ਦੇ ਕਹੇ ਬੋਲ ਮਾਸਟਰ ਜੀ ਨੂੰ ਫੇਰ ਡੂੰਘੀਆਂ ਸੋਚਾਂ ਵੱਲ ਲੈ ਤੁਰੇ। ਜ਼ਿੰਦਗੀ ਨਾਲੋਂ ਮੌਤ ਸੌਖੀ, ਇਹ ਕਿਵੇਂ ਹੋ ਸਕਦਾ। ਹੋ ਸਕਦਾ ਬੰਦੇ ਦਾ ਹਰ ਵੇਲੇ ਨਿਰਾਸ਼ ਰਹਿਣਾ, ਤੰਗ ਪਰੇਸ਼ਾਨ ਰਹਿਣਾ ਉਸ ਨੂੰ ਇਹ ਰਸਤਾ ਚੁਣਨ ਲਈ ਮਜਬੂਰ ਕਰਦਾ ਹੈ। ਜਦ ਮੌਤ ਨੂੰ ਗਲ ਲਾ ਕੇ ਬੰਦਾ ਇਨ੍ਹਾਂ ਸਭ ਝੰਜਟਾਂ ਤੋਂ ਮੁਕਤ ਹੁੰਦਾ ਹੈ ਤਾਂ, ਮੌਤ ਵੀ ਸੌਖੀ ਹੁੰਦੀ ਪਰ ਨਹੀਂ ਖੁਦਕੁਸ਼ੀ ਕੋਈ ਹੱਲ ਨਹੀਂ।

"ਪਰ ਖੁਦਕੁਸ਼ੀ ਕਰਨਾ ਕਿਸੇ ਮਸਲੇ ਦਾ ਹੱਲ ਨਹੀਂ ਨਾ। ਖੁਦਕੁਸ਼ੀ ਕਰਨਾ ਤਾਂ ਕਿਸੇ ਬੰਦੇ ਦੀ ਨਿਡਰਤਾ 'ਤੇ ਲਾਜ ਲਾਉਂਦਾ ਹੈ। ਖੁਦਕੁਸ਼ੀ ਕਰਨ ਨਾਲ ਬੰਦਾ ਸੋਚਦਾ ਹੈ ਕਿ ਓਹ ਸਭ ਉਲਝੇਵਿਆਂ ਤੋਂ ਮੁਕਤ ਹੋ ਗਿਆ ਪਰ ਉਸ ਨੂੰ ਆਪਣੇ ਪਰਿਵਾਰ ਦਾ ਰਤਾ ਵੀ ਖਿਆਲ ਨਹੀਂ ਆਉਂਦਾ। ਉਸ ਤੋਂ ਪਿੱਛੋਂ ਉਸ ਦੇ ਪਰਿਵਾਰ ਦਾ ਕੀ ਹਾਲ ਹੋਵੇਗਾ। ਖੁਦਕੁਸ਼ੀ ਕਰਨਾ ਤਾਂ ਆਪਣੇ ਆਪ ਨੂੰ ਮੁਕਤ ਕਰ, ਆਪਣੇ ਪਰਿਵਾਰ ਨੂੰ ਸਜ਼ਾ ਦੇਣਾ ਹੈ।"

"ਇੱਕ ਦਿਨ ਵਿੱਚ ਮਰ ਜਾਂਦੇ ਜਿਹੜੇ ਖੁਦਕੁਸ਼ੀਆਂ ਨੇ ਕਰਦੇ। ਬਾਕੀ ਜਿਹੜੇ ਬਚਦੇ ਓਹ ਤਾਂ ਨਿਤ ਦਿਨ ਪਲ-ਪਲ ਮਰਦੇ।"

ਮਾਸਟਰ ਗੁਰਦੇਵ ਸਿੰਘ ਦੀਆਂ ਕਹੀਆਂ ਗੱਲਾਂ ਨੇ ਸਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ।

## ਪੁਲ ਬਣਾਉਣ ਤੇ ਪੰਜ ਹਜ਼ਾਰ ਯਾਤਰੀਆਂ ਦੀ ਵੀਜ਼ਾ ਫ੍ਰੀ ਐਂਟਰੀ ਲਈ ਪਾਕਿ ਰਾਜ਼ੀ

**ਅੰਮ੍ਰਿਤਸਰ/ਏ.ਟੀ. ਨਿਊਜ਼ :** ਪਾਕਿਸਤਾਨ ਰੋਜ਼ਾਨਾ ਪੰਜ ਹਜ਼ਾਰ ਤੇ ਖਾਸ ਮੌਕਿਆਂ 'ਤੇ 10 ਹਜ਼ਾਰ ਸ਼ਰਧਾਲੂਆਂ ਨੂੰ ਬਿਨਾਂ ਵੀਜ਼ੇ ਦੇ ਗੁਰਦਵਾਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਦੀ ਆਗਿਆ ਦੇਣ ਲਈ ਰਾਜ਼ੀ ਹੋ ਗਿਆ ਹੈ। ਸ਼ਰਧਾਲੂ ਸਾਰਾ ਸਾਲ ਇਕੱਲੇ, ਗਰੁੱਪਾਂ ਵਿਚ ਤੇ ਪੈਦਲ ਵੀ ਜਾ ਸਕਦੇ ਹਨ। ਇਨ੍ਹਾਂ ਵਿਚ ਭਾਰਤੀ ਪਾਸਪੋਰਟ ਵਾਲਿਆਂ ਦੇ ਨਾਲ-ਨਾਲ ਓਵਰਸੀਜ਼ ਸਿਟੀਜ਼ਨਸ਼ਿਪ ਆਫ ਇੰਡੀਆ ਦਾ ਕਾਰਡ ਰੱਖਣ ਵਾਲੇ ਵੀ ਸ਼ਾਮਲ ਹੋਣਗੇ। ਵਾਹਗਾ ਬਾਰਡਰ 'ਤੇ ਦੋਵਾਂ ਦੇਸ਼ਾਂ ਦੇ ਵਫਦਾਂ ਦੀ ਐਤਵਾਰ ਹੋਈ ਮੀਟਿੰਗ ਵਿਚ ਭਾਰਤ ਵੱਲੋਂ ਕਿਸੇ ਵਿਅਕਤੀ ਤੇ ਗਰੁੱਪਾਂ ਵਲੋਂ ਸ਼ਰਧਾਲੂਆਂ ਨੂੰ ਤੰਗ ਕਰਨ ਜਾਂ ਉਨ੍ਹਾਂ ਦੇ ਜਜ਼ਬਾਤ ਨਾਲ ਖੇਡਣ ਦੀਆਂ ਕੋਸ਼ਿਸ਼ਾਂ ਬਾਰੇ ਪ੍ਰਗਟਾਈ ਗਈ ਚਿੰਤਾ ਨੂੰ ਦੂਰ ਕਰਦਿਆਂ ਪਾਕਿਸਤਾਨ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਭਾਰਤ ਵਿਰੋਧੀ ਸਰਗਰਮੀ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਪਾਕਿਸਤਾਨ ਭਾਰਤੀ ਪਾਸੇ ਵਾਲੇ ਪੁਲ ਨਾਲ ਜੁੜਦਾ ਪੁਲ ਬਣਾਉਣ 'ਤੇ ਵੀ ਰਾਜ਼ੀ ਹੋ ਗਿਆ ਹੈ। ਪਾਕਿਸਤਾਨ ਇਸ ਵੇਲੇ ਕਾਜ਼ਵੇ ਬਣਾ ਰਿਹਾ ਹੈ। ਭਾਰਤ ਨੇ ਉਸ ਨੂੰ ਹੜ੍ਹ ਦੇ ਵਿਸਤ੍ਰਿਤ ਵਿਸ਼ਲੇਸ਼ਣ ਨਾਲ ਸਮਝਾਇਆ ਕਿ ਕਾਜ਼ਵੇ ਨਾਲ ਰਾਵੀ ਦਰਿਆ ਵਿਚ ਹੜ੍ਹਾਂ ਦੌਰਾਨ ਭਾਰਤ ਦੇ ਡੇਰਾ ਬਾਬਾ ਨਾਨਕ ਅਤੇ ਆਸ-ਪਾਸ ਦੇ ਇਲਾਕਿਆਂ ਡੁੱਬ ਜਾਣਗੇ। ਭਾਰਤ ਨੇ ਉਸ ਨੂੰ ਇਹ ਪੇਸ਼ਕਸ਼ ਵੀ ਕੀਤੀ ਕਿ ਜੇ ਨਵੰਬਰ ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਤੱਕ ਉਸ ਤੋਂ ਪੁਲ ਨਹੀਂ ਬਣਦਾ ਤਾਂ ਉਹ ਲਾਂਘਾ ਚਾਲੂ ਕਰਨ ਲਈ ਆਰਜ਼ੀ ਪ੍ਰਬੰਧ ਕਰਕੇ ਦੇ ਸਕਦਾ ਹੈ, ਪਰ ਪੁਲ ਜ਼ਰੂਰ ਬਣਾਉਣਾ ਪੈਣਾ। ਭਾਰਤੀ ਵਫਦ ਨੇ ਸ਼ਰਧਾਲੂਆਂ ਦੀ ਸਹਾਇਤਾ ਲਈ ਭਾਰਤੀ ਡਿਪਲੋਮੈਟਾਂ ਨੂੰ ਕਰਤਾਰਪੁਰ ਜਾਣ ਦੀ ਖੁੱਲ੍ਹ ਦੇਣ ਦੀ ਮੰਗ ਵੀ ਰੱਖੀ। ਮੀਟਿੰਗ ਵਿਚ ਪਿਛਲੀਆਂ ਤਿੰਨ ਟੈਕਨੀਕਲ ਮੀਟਿੰਗਾਂ ਤੋਂ ਬਾਅਦ ਹੋਈ ਪ੍ਰਗਤੀ ਦਾ ਵੀ ਜਾਇਜ਼ਾ ਲਿਆ ਗਿਆ। ਟੈਕਨੀਕਲ ਟੀਮਾਂ ਦੇ ਫਿਰ ਮਿਲਣ 'ਤੇ ਵੀ ਸਹਿਮਤੀ ਬਣੀ। ਪਾਕਿਸਤਾਨ ਨੂੰ ਜੁਲਾਈ ਵਿਚ ਨਵੀਂ ਦਿੱਲੀ ਤੋਂ ਨਨਕਾਣਾ ਸਾਹਿਬ ਲਈ ਨਗਰ ਕੀਰਤਨ ਦੀ ਆਗਿਆ ਦੇਣ ਦੀ ਵੀ ਬੇਨਤੀ ਕੀਤੀ ਗਈ। ਇਹ ਨਗਰ ਕੀਰਤਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਸਿੱਖ ਗੁਰਦਵਾਰਾ ਮੈਨੇਜਮੈਂਟ ਕਮੇਟੀ ਨੇ ਆਯੋਜਿਤ ਕਰਨੇ ਹਨ। ਪਾਕਿਸਤਾਨ ਸਰਕਾਰ ਨੇ ਕਿਹਾ ਕਿ 80 ਫੀਸਦੀ ਮੁੱਦਿਆਂ 'ਤੇ ਸਹਿਮਤੀ ਬਣ ਗਈ ਹੈ। ਉਸ ਨੇ ਇਹ ਵੀ ਕਿਹਾ ਕਿ ਉਸ ਵਾਲੇ ਪਾਸੇ 70 ਫੀਸਦੀ ਕੰਮ ਮੁਕੰਮਲ ਹੋ ਗਿਆ ਹੈ।

## ਭਗਵੇਂ ਗੁੰਡਿਆਂ ਨੇ ਇਮਾਮ ਨੂੰ 'ਜੈ ਸ੍ਰੀ ਰਾਮ' ਬੋਲਣ ਲਈ ਕੀਤਾ ਮਜਬੂਰ

**ਬਾਗਪਤ/ਏ.ਟੀ. ਨਿਊਜ਼ :** ਬਾਗਪਤ ਦੇ ਦੋਘਟ ਖੇਤਰ 'ਚ ਇੱਕ ਮਸਜਿਦ ਦੇ ਇਮਾਮ ਨਾਲ ਕੁਝ ਭਗਵੇਂ ਗੁੰਡਿਆਂ ਨੇ ਕਥਿਤ ਰੂਪ 'ਚ ਕੁੱਟਮਾਰ ਕੀਤੀ ਅਤੇ ਉਸ ਦੀ ਦਾੜ੍ਹੀ ਤੱਕ ਪੁੱਟੀ ਅਤੇ ਉਸ 'ਤੇ 'ਜੈ ਸ੍ਰੀ ਰਾਮ' ਦੇ ਨਾਅਰੇ ਲਗਾਉਣ ਲਈ ਦਬਾਅ ਪਾਇਆ। ਪੁਲਸ ਕਮਿਸ਼ਨਰ ਸੈਲੇਸ਼ ਕੁਮਾਰ ਪਾਂਡੇ ਨੇ ਦੱਸਿਆ ਕਿ ਸ਼ੁਰੂਆਤ 'ਚ ਇਹ ਮਾਮਲਾ ਸਿਰਫ਼ ਕੁੱਟਮਾਰ ਦਾ ਲੱਗ ਰਿਹਾ ਹੈ। ਫਿਰ ਵੀ ਕਾਰਵਾਈ ਦੇ ਆਧਾਰ 'ਤੇ ਪੁਲਸ ਨੇ ਕਰੀਬ 12 ਭਗਵੇਂ ਗੁੰਡਿਆਂ ਦੇ ਖਿਲਾਫ਼ ਮੁਕੱਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚ ਰਿਪੋਰਟ ਦੇ ਆਧਾਰ 'ਤੇ ਦੋਸ਼ੀਆ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਦਰਜ ਰਿਪੋਰਟ ਦੇ ਆਧਾਰ 'ਤੇ ਦੱਸਿਆ ਕਿ ਮੁਜ਼ੱਫਰਨਗਰ ਦੇ ਜੌਲਾ ਨਿਵਾਸੀ ਇਸਲਾਕ ਰਹਿਮਾਨ ਸ਼ਨੀਵਾਰ ਸ਼ਾਮ ਮੋਟਰਸਾਈਕਲ 'ਤੇ ਸਰਧਨਾ ਤੋਂ ਆਪਣੇ ਪਿੰਡ ਜਾ ਰਿਹਾ ਸੀ। ਰਾਸਤੇ 'ਚ ਦੋਘਟ ਥਾਣਾ ਖੇਤਰ ਦੇ ਸਰੌਰਾ ਪਿੰਡ ਦੇ ਕੋਲ ਸੜਕ ਦੇ ਕਿਨਾਰੇ ਖੜ੍ਹੇ ਕਰੀਬ 12 ਭਗਵੇਂ ਗੁੰਡਿਆਂ ਨੇ ਉਨ੍ਹਾ ਨੂੰ ਰੋਕ ਲਿਆ ਅਤੇ ਕੁੱਟਮਾਰ ਕੀਤੀ ਅਤੇ ਉਨ੍ਹਾ ਦੀ ਦਾੜ੍ਹੀ ਤੱਕ ਪੁੱਟੀ। ਉਹ ਸਰਧਨਾ ਦੀ ਇੱਕ ਮਸਜਿਦ 'ਚ ਇਮਾਮਤ ਕਰਦੇ ਹਨ। ਇਮਾਮ ਦਾ ਦੋਸ਼ ਹੈ ਕਿ ਨੌਜਵਾਨ ਉਨ੍ਹਾ ਤੋਂ ਜ਼ਬਰਦਸਤੀ 'ਜੈ ਸ੍ਰੀ ਰਾਮ' ਦਾ ਨਾਅਰਾ ਲਾਉਣਾ ਚਾਹੁੰਦੇ ਸਨ। ਇਮਾਮ ਦੇ ਰੌਲਾ ਪਾਉਣ 'ਤੇ ਰਾਹਗੀਰ ਅਤੇ ਉਨ੍ਹਾ ਦੇ ਪਿੰਡ ਦੇ ਸੁਹੈਲ ਅਤੇ ਨਦੀਮ ਮੌਕੇ 'ਤੇ ਪਹੁੰਚੇ ਅਤੇ ਉਨ੍ਹਾ ਨੂੰ ਹਮਲਾਵਰਾਂ ਤੋਂ ਛੁਡਾਇਆ। ਨੌਜਵਾਨ ਇਮਾਮ ਨੂੰ ਇਹ ਧਮਕੀ ਦੇ ਕੇ ਚਲੇ ਗਏ ਕਿ ਇੱਥੇ ਦੋਬਾਰਾ ਨਾ ਆਉਣਾ। ਜੇਕਰ ਆਉਣਾ ਤਾਂ ਦਾੜ੍ਹੀ ਕਟਵਾ ਕੇ ਆਉਣਾ ਹੋਵੇਗਾ।

## ਸੁਪਰੀਮ ਕੋਰਟ ਨੇ ਆਸਾਰਾਮ ਨੂੰ ਦਿੱਤਾ ਝਟਕਾ, ਜ਼ਮਾਨਤ ਨਾ ਦਿੱਤੀ

**ਨਵੀਂ ਦਿੱਲੀ/ਏਟੀ ਨਿਊਜ਼ :** ਆਸਾਰਾਮ ਨੂੰ ਸੁਪਰੀਮ ਕੋਰਟ ਤੋਂ ਇੱਕ ਵਾਰ ਫਿਰ ਝਟਕਾ ਲੱਗਾ ਹੈ। ਸੁਪਰੀਮ ਕੋਰਟ ਨੇ ਆਸਾਰਾਮ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਹੈ। ਗੁਜਰਾਤ ਦੇ ਸੂਰਤ ਬਲਾਤਕਾਰ ਕੇਸ ਵਿਚ ਆਸਾਰਾਮ ਨੇ ਜ਼ਮਾਨਤ ਦੀ ਮੰਗ ਕੀਤੀ ਸੀ। ਮਾਮਲੇ ਦੀ ਸੁਣਵਾਈ ਦੌਰਾਨ ਗੁਜਰਾਤ ਸਰਕਾਰ ਨੇ ਸੁਪਰੀਮ ਕੋਰਟ ਵਿਚ ਦੱਸਿਆ ਕਿ ਆਸਾਰਾਮ ਖਿਲਾਫ਼ ਸੂਰਤ ਵਿਚ ਚੱਲ ਰਹੇ ਕੇਸ ਵਿਚ ਹਾਲੇ 10 ਗਵਾਹਾਂ ਦੇ ਬਿਆਨ ਦਰਜ ਹੋਣੇ ਬਾਕੀ ਹਨ।

# ਬਾਬੇ ਨਾਨਕ ਦੀ ਧਰਤਿ ਦੀ ਗੋਦ ਵਿਚ ਪਾਣੀਆਂ ’ਤੇ ਮਹਾਂ ਪੰਚਾਇਤ

**✪ ਪਾਣੀ ਦੀ ਸੰਭਾਲ ਕਰੋ ਨਹੀਂ ਤਾਂ ਹੀ ਪੰਜਾਬ ਨਹੀਂ ਬਚੇਗਾ : ਗਿਆਨੀ ਕੇਵਲ ਸਿੰਘ ✪ ਧਰਤੀ ਹੇਠਲੇ ਪਾਣੀ ਅਤੇ ਜ਼ਮੀਨ ਤੇਜ਼ਾਬੀ ਹੋਣ ਕਰਕੇ ਪੰਜਾਬ ਦੀ ਨਸਲ ਖਤਰੇ ’ਚ : ਜਸਵਿੰਦਰ ਸਿੰਘ ਐਡੋਵਕੇਟ**

**ਡੇਰਾ ਬਾਬਾ ਨਾਨਕ /ਸੁਰਿੰਦਰਪਾਲ ਸਿੰਘ ਗੋਲਡੀ :** ਧਰਤੀ ਹੇਠਲੇ ਘੱਟ ਰਹੇ ਪਾਣੀ ਦੇ ਪੱਧਰ ਦੀ ਸਮੱਸਿਆ ਨਾਲ ਨਜਿੱਠਣ ਲਈ ਡੇਰਾ ਬਾਬਾ ਨਾਨਕ ਵਿਖੇ ਰਾਵੀ ਕੰਢੇ ’ਤੇ ਪੰਥਕ ਤਾਲਮੇਲ ਸੰਗਠਨ ਵੱਲੋਂ ਪਾਣੀ ਮਹਾ ਪੰਚਾਇਤ ਕਾਰਵਾਈ ਗਈ। ਇਸ ਵਿੱਚ ਪੰਜਾਬ ਵਿੱਚ ਸੁੱਕ ਰਹੇ ਦਰਿਆਵਾਂ ਤੇ ਮੁੱਕ ਰਹੇ ਪਾਣੀਆਂ ਲਈ ਚਾਰਾਜੋਈ ਕੀਤੀ ਗਈ ਤੇ ਐਲਾਨ ਕੀਤਾ ਗਿਆ ਕਿ ਪਿੰਡਾਂ ਵਿਚ ਵਾਤਾਵਰਨ ਤੇ ਪਾਣੀ ਸੰਭਾਲ ਦੀ ਲਹਿਰ ਚਲਾਈ ਜਾਵੇਗੀ ਤੇ ਪ੍ਰਦੂਸ਼ਣ ਫੈਲਾ ਰਹੇ ਸਨਅਤਕਾਰਾਂ ’ਤੇ ਕੇਸ ਠੋਕੇ ਜਾਣਗੇ।

ਇਸ ਮੌਕੇ ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਪੰਜਾਬ ਸਟੇਟ ਵਿਕਾਸ ਫੋਰਮ ਦੀ ਇਕ ਰਿਪੋਰਟ ਅਨੁਸਾਰ ਸਾਡੇ ਪੰਜਾਬ ਵਿਚ ਹੀ 23 ਫੀਸਦੀ ਜ਼ਮੀਨ ਨੂੰ ਨਹਿਰੀ ਪਾਣੀ ਦਿੱਤਾ ਜਾਂਦਾ ਹੈ। ਅੱਜਕੱਲ੍ਹ ਪੰਜਾਬ ਵਿਚ ਫ਼ਸਲਾਂ ਨੂੰ 540 ਲੱਖ ਏਕੜ ਫੁੱਟ ਪਾਣੀ ਦੀ ਜਰੂਰਤ ਹੁੰਦੀ ਹੈ। ਪੰਜਾਬ ਵਿਚ ਇਸ ਵੇਲੇ 14 ਲੱਖ ਤੋਂ ਜਿਆਦਾ ਟਿਊਬਵੈੱਲ ਹਨ । ਜਿਹਨਾਂ ਵਿਚੋਂ ਇਕ ਤਿਹਾਈ ਡੀਜ਼ਲ ਤੇ ਚੱਲਦੇ ਹਨ। ਧਰਤੀ ਵਿਚੋਂ ਜੋ ਹਜ਼ਾਰਾਂ ਸਾਲਾਂ ਵਿਚ ਪਾਣੀ ਜਮ੍ਹਾ ਹੋਇਆ ਸੀ ਅੱਜ ਉਸ ਨੂੰ ਬੇਦਰਦ ਤਰੀਕੇ ਨਾਲ ਚੂਸਿਆ ਜਾ ਰਿਹਾ ਹੈ। ਇਸ ਦੀ ਸੰਭਾਲ ਕਰਾਂਗੇ ਤਾਂ ਹੀ ਪੰਜਾਬ ਬਚੇਗਾ।

ਜਸਵਿੰਦਰ ਸਿੰਘ ਐਡਵੋਕੇਟ ਨੇ ਕਿਹਾ ਕਿ ਪਾਣੀ ਦੀ ਕੰਢੀ ਏਰੀਏ ਅਤੇ ਪਟਿਆਲਾ ਜਿਲ੍ਹੇ ਦੇ ਘੱਗਰ ਨਾਲ ਲੱਗਦੇ ਇਲਾਕਿਆਂ ਦੀ ਸਥਿਤੀ ਹੋਰ ਵੀ ਗੰਭੀਰ ਹੈ। ਪਟਿਆਲਾ ਜਿਲ੍ਹੇ ਦੇ ਬਨੂੜ ਖੇਤਰ, ਬਲਾਕ ਘਨੌਰ ,ਭੁੱਨਰਹੇੜੀ, ਸਮਾਣਾ ਅਤੇ ਪਾਤੜਾਂ ਬਲਾਕਾਂ ਵਿਚ ਪੰਜ ਦਰਾ, ਸਤਲੁਜ ਯਮੁਨਾ ਲਿੰਕ ਨਹਿਰ ਅਤੇ ਘੱਗਰ ਨੇ ਧਰਤੀ ਹੇਠਲੇ ਪਾਣੀ ਨੂੰ ਤੇਜ਼ਾਬੀ ਅਸ਼ੁੱਧੀਆਂ ਨਾਲ ਭਰਪੂਰ ਕਰ ਦਿੱਤਾ ਹੈ, ਕਿਉਂਕਿ ਖਰੜ, ਮੋਹਾਲੀ, ਪੰਚਕੂਲਾ, ਪ੍ਰਮਾਣੂ, ਕਾਲਕਾ, ਪਿੰਜੌਰ ਅਤੇ ਚੰਡੀਗੜ੍ਹ ਦਾ ਸੀਵਰੇਜ ਦਾ ਪਾਣੀ ਇਹਨਾਂ ਵਿੱਚ ਛੱਡਿਆ ਜਾ ਰਿਹਾ ਹੈ। ਇਸ ਖੇਤਰ ਪਾਣੀ ਦਾ ਪੱਧਰ ਔਸਤਨ 60 ਮੀਟਰ ਹੈ ਅਤੇ ਧਰਤੀ ਹੇਠ ਪਾਣੀ ਵੀ ਬਹੁਤ ਘੱਟ ਹੈ। ਕਿਸਾਨ ਆਪਣੀਆਂ ਫਸਲਾਂ ਨੂੰ ਸਿੰਜਣ ਲਈ ਇਹਨਾਂ ਵਿਚੋਂ ਤੇਜ਼ਾਬੀ ਪਾਣੀ ਚੁੱਕ ਕੇ ਵਰਤੋਂ ਵਿਚ ਲਿਆਉਂਦੇ ਹਨ, ਜਿਸ



ਨਾਲ ਇਸ ਦਾ ਕੁੱਝ ਹਿੱਸਾ ਧਰਤੀ ਹੇਠ ਜਾਕੇ ਧਰਤੀ ਹੇਠਲੇ ਪਾਣੀ ਅਤੇ ਜਮੀਨ ਨੂੰ ਤੇਜ਼ਾਬੀ ਕਰ ਰਹੇ ਹਨ, ਜੋ ਇੱਕ ਬਹੁਤ ਹੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਖੇਤਰ ਦੇ ਲੋਕ ਕੈਂਸਰ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਪੰਜਾਬੀਆਂ ਦਾ ਘਾਣ ਹੋ ਰਿਹਾ ਹੈ।

ਭਗਤ ਪੂਰਨ ਸਿੰਘ ਪਿੰਗਲਵਾੜਾ ਸੰਸਥਾ ਦੇ ਮੁਖੀ ਬੀਬੀ ਇੰਦਰਜੀਤ ਕੌਰ ਨੇ ਕਿਹਾ ਕੇ ਜੇ ਅਸੀਂ ਅੱਜ ਪਾਣੀ ਨਾ ਬਚਾਇਆ ਤਾਂ ਆਉਣ ਵਾਲੇ ਸਮੇਂ ਵਿੱਚ ਬੜੇ ਖ਼ਤਰਨਾਕ ਨਤੀਜੇ ਨਿਕਲਣਗੇ। ਅਗਲੀ ਪੀੜ੍ਹੀ ਵਾਸਤੇ ਜੀਣਾ ਮੁਸ਼ਕਲ ਹੋ ਜਾਵੇਗਾ। ਅਸੀਂ ਆਪਣੀ ਖੁਸ਼ਹਾਲ ਜਿੰਦਗੀ ਜਿਉਣ ਦੇ ਲਾਲਚ ਆਪਣੀ ਮੌਤ ਆਪ ਸਹੇੜ ਕੇ ਭਵਿੱਖ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਖਤਰਾ ਪੈਦਾ ਕਰ ਦਿੱਤਾ ਹੈ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵਲੋਂ ਪ੍ਰੋ. ਬਲਵਿੰਦਰ ਪਾਲ ਸਿੰਘ ਨੇ ਕਿਹਾ ਕਿ ਪੰਜਾਬ ਤੇ ਸਿੱਖ ਸਭਿਅਤਾ ਦਾ ਆਧਾਰ ਪਾਣੀ ਹਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਮੁਕਤਸਰ ਵਾਲੀ ਆਖਰੀ ਜੰਗ ਪਹਾੜੀ ਰਾਜਿਆਂ ਤੇ ਮੁਗਲ ਸਮਰਾਜ ਵਿਰੁੱਧ ਪਾਣੀਆਂ ਦੁਆਲੇ ਛਾਉਣੀ ਬਣਾਕੇ ਖਿਦਰਾਣੇ ਦੀ ਢਾਬ ਤੇ ਜਿਤੀ ਸੀ ਜਿਨ੍ਹੂੰ ਅਗਾਂਹ ਬਾਬਾ ਬੰਦਾ ਸਿੰਘ, ਸਿੱਖ ਮਿਸਲਦਾਰਾਂ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਪੂਰੀ ਡੇਢ ਸਦੀ ਖਾਲਸਾ ਰਾਜ ਦੀ ਕਾਇਮੀ ਰੱਖੀ। ਗੁਰੂ ਨਾਨਕ ਸਾਹਿਬ ਦਾ ਦਰਸ਼ਨ ਵੀ ਪਾਣੀਆਂ ਤੇ ਕੁਦਰਤ ਦਾ ਰਿਸ਼ਤਾ ਮਨੁੱਖ ਨਾਲ ਜੋੜਦਾ ਹੈ ਜਿਥੇ ਵਾਹਿਗੁਰੂ ਜੀ ਬਿਰਾਜਮਾਨ ਹਨ। ਸਾਨੂੰ ਪੰਜਾਬ ਪੰਜਾਬੀਆਂ ਨੂੰ ਬਚਾਉਣ ਲਈ ਪਾਣੀਆਂ ਦੀ ਰਾਖੀ ਲਈ ਲਹਿਰ ਸਿਰਜਣੀ ਪਵੇਗੀ। ਨਹੀਂ ਤਾਂ ਜ਼ਹਿਰਾਂ ਦੀ ਧਰਤੀ ਪੰਜਾਬ ਬਾਰੇ 2040 ਵਾਲੀ ਰਿਪੋਟ ਦਸ ਰਹੀ ਹੈ ਕਿ ਪੰਜਾਬੀ ਔਲਾਦ ਪੈਦਾ ਕਰਨ ਦੇ ਯੋਗ ਨਹੀਂ ਰਹਿਣਗੇ।

ਪ੍ਰੋਫੈਸਰ ਜਗਮੋਹਨ ਸਿੰਘ ਨੇ ਕਿਹਾ ਕਿ ਖੇਤਾਂ ਵਿੱਚ ਜਿੰਨੀਆ ਜ਼ਿਆਦਾ ਖਾਦਾਂ ਪੈ ਰਹੀਆਂ ਹਨ, ਓਨਾ ਹੀ ਪਾਣੀ ਦੂਸ਼ਿਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਜਲਦੀ ਤੋਂ ਜਲਦੀ ਕੋਈ ਬਦਲ ਲੱਭਣਾ ਪਾਵੇਗਾ ਨਹੀਂ ਤਾਂ ਪੀਣ ਲਈ ਵੀ ਪਾਣੀ ਨਹੀਂ ਮਿਲੇਗਾ।

ਡਾਕਟਰ ਅਮਰ ਸਿੰਘ ਆਜ਼ਾਦ ਨੇ ਕਿਹਾ ਕੇ ਪੰਜਾਬ ਵਿੱਚ ਖ਼ਰਾਬ ਹੋ ਰਹੇ ਪਾਣੀ ਨੂੰ ਬਚਾਉਣ ਦੇ ਲਈ ਸਾਨੂੰ ਕੁਦਰਤੀ ਸਰੋਤਾਂ ਨੂੰ ਵੀ ਬਚਾਉਣ ਦੀ ਵੀ ਵੱਡੀ ਜ਼ਰੂਰਤ ਹੈ। ਕਾਰਪੋਰੇਟ ਘਰਾਣੇ ਆਪਣੇ ਫ਼ਾਇਦੇ ਦੇ ਲਈ ਸਾਡੇ ਪੂਰੇ ਵਾਤਾਵਰਨ ਨੂੰ ਖ਼ਰਾਬ ਕਰ ਰਹੇ ਹਨ। ਜਸਪਾਲ ਸਿੰਘ ਸਿੱਧੂ, ਹਮੀਦ ਕੌਸਰ, ਗੁਰਮੀਤ ਸਿੰਘ ਕਾਮਰੇਡ, ਗੁਰਪ੍ਰੀਤ ਸਿੰਘ ਚੰਦਬਾਜਾ ਨੇ ਵੱਖ-ਵੱਖ ਭਾਸ਼ਣਾਂ ਵਿਚ ਕਿਹਾ ਪੰਜਾਬ ਦੀ ਧਰਤੀ ਹੇਠਲੇ ਪਾਣੀ ਵਿੱਚ ਤੇਜ਼ਾਬੀ ਤੱਤਾਂ ਫਲੋਰਾਈਡ, ਯੂਰੇਨੀਅਮ, ਪਾਰਾ, ਕੈਲਸ਼ੀਅਮ, ਮੈਗਨੀਸ਼ੀਅਮ, ਆਰਸੈਨਿਕ, ਸਾਲਟ, ਕਾਰਬੋਨੇਟਸ, ਸਲਫੇਟਸ, ਨਾਈਟਰੇਟਸ, ਪਾਰਾ ਆਦਿ ਦੀ ਬਹੁਤਾਤ ਨੇ ਪਾਣੀ ਨੂੰ ਤੇਜ਼ਾਬੀ ਹੀ ਨਹੀਂ ਬਣਾਇਆ ਬਲਕਿ ਨਾ ਪੀਣਯੋਗ ਕਰ ਦਿੱਤਾ ਹੈ। ਜੇਕਰ ਅੰਕੜਿਆਂ ਤੇ ਗੌਰ ਕਰੀਏ ਤਾਂ 1984 ਵਿੱਚ ਪੰਜਾਬ ਦੇ ਸਿਰਫ 53 ਬਲਾਕਾਂ ਦਾ ਪਾਣੀ ਦੂਸ਼ਿਤ ਕਰਾਰ ਦਿੱਤਾ ਗਿਆ ਸੀ। ਪਰ ਹੁਣ 138 ਬਲਾਕਾਂ ਚੋਂ 118 ਬਲਾਕਾਂ ਦਾ ਪਾਣੀ ਨਾਪੀਣਯੋਗ ਹੋ ਗਿਆ ਹੈ। ਇਹ ਸਾਰੇ ਬਲਾਕ “ਡਾਰਕ ਜ਼ੋਨ” ਕਰਾਰ ਦੇ ਦਿੱਤੇ ਗਏ ਸਨ। ਹੁਣ ਪੰਜਾਬ ਦੇ 12581 ਚੋਂ 11849 ਪਿੰਡ ਤੇਜ਼ਾਬੀ ਕਾਰਕਾਂ ਨਾਲ ਦੂਸ਼ਿਤ ਪਾਣੀ ਦੀ ਸਮੱਸਿਆ ਨਾਲ ਜੂਝ ਰਹੇ ਹਨ।

## ਮਹਾਂ ਪੰਚਾਇਤ ਦਾ ਐਲਾਨਨਾਮਾ

ਦਰਿਆਈ ਪਾਣੀਆਂ ਦੀ ਵੰਡ ਅੰਤਰਰਾਸ਼ਟਰੀ ਰਾਈਪੇਰੀਅਨ ਕਾਨੂੰਨ ਅਨੁਸਾਰ ਹੋਵੇ। ਹਾਲ ਹੀ ਵਿੱਚ ਸੁਪਰੀਮ ਕੋਰਟ ਵਲੋਂ ਐਸ ਵਾਈ ਐਲ ਨਹਿਰ ਤੇ ਦਰਿਆਈ ਪਾਣੀਆਂ ਸੰਬੰਧੀ ਪੰਜਾਬ ਵਿਰੋਧੀ ਫੈਸਲਾ ਆਇਆ ਹੈ ਉਸ ਸੰਬੰਧੀ ਪੰਜਾਬ ਸਰਕਾਰ ਦੀ ਢਿੱਲੀ ਜਿਹੀ ਪ੍ਰਤੀਕਿਰਿਆ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਸਰਕਾਰ ਦਰਿਆਈ ਪਾਣੀਆਂ ਦੇ ਮੁੱਦੇ ’ਤੇ ਗੰਭੀਰ ਨਹੀਂ ਹੈ। ਇਸ ਲਈ ਪੰਚਾਇਤ ਇਹ ਮਹਿਸੂਸ ਕਰਦੀ ਹੈ ਕਿ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਖੋਹ ਕੇ ਪੰਜਾਬ ਨੂੰ ਮਾਰੂਥਲ ਬਣਾਉਣ ਦੀਆਂ ਡੂੰਘੀਆਂ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪੰਜਾਬੀਆਂ ਲਈ ਜ਼ਰੂਰੀ ਹੋ ਗਿਆ ਹੈ ਕਿ ਦਰਿਆਈ ਪਾਣੀਆਂ ਦੀ ਰਾਖੀ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਚਾਰਾਜੋਈ ਕੀਤੀ ਜਾਵੇ। ਵਿਦੇਸ਼ੀਂ ਵਸਦੇ ਪੰਜਾਬੀ ਵੀ ਪੰਜਾਬ ਦੀ ਜ਼ਿੰਦਗੀ ਮੌਤ ਦੇ ਇਸ ਮੱਸਲੇ ਸੰਬੰਧੀ ਅੰਤਰਰਾਸ਼ਟਰੀ ਪੱਧਰ ਤੇ ਆਵਾਜ਼ ਉਠਾਉਣ ਤੇ ਲੋੜ ਪੈਣ ਤੇ ਅੰਤਰਰਾਸ਼ਟਰੀ ਅਦਾਲਤਾਂ ਵਿੱਚ ਤੇ ਅੰਤਰਰਾਸ਼ਟਰੀ ਮੰਚਾਂ ਤੇ ਪੰਜਾਬ ਨਾਲ ਹੋ ਰਹੇ ਧੱਕੇ ਸੰਬੰਧੀ ਆਵਾਜ਼ ਉਠਾਉਣ। ਪੰਜਾਬ ਦੀਆਂ ਸਮੂਹ ਰਾਜਨੀਤਕ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਨੂੰ ਅਪੀਲ ਕਰਦੀ ਹੈ ਕਿ ਉਹ ਪਾਣੀਆਂ ਦੇ ਮੁੱਦੇ ਤੇ ਇੱਕਜੁੱਟਤਾ ਦਿਖਾਉਂਦੇ ਹੋਏ ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਨੂੰ ਰੋਕਣ ਲਈ ਸਿਰਤੋੜ ਯਤਨ ਕਰਨ। ਗੁਰੂ ਨਾਨਕ ਪਾਤਸ਼ਾਹ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਧਿਆਨ ਚ ਰੱਖਦਿਆਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਅਪੀਲ ਕਰਦੀ ਹੈ ਕਿ ਪੰਜਾਬ ਦੇ ਦਰਿਆਵਾਂ ਦੀ ਸਫਾਈ ਲਈ ਫੰਡ ਜਾਰੀ ਕਰਨ ਤੇ ਉਹਨਾਂ ਫੰਡਾਂ ਦੀ ਯੋਗ ਵਰਤੋਂ ਦੀ ਨਿਗਰਾਨੀ ਲਈ ਆਮ ਸੰਗਤ ਵਿੱਚੋਂ ਨਿਗਰਾਨੀ ਕਮੇਟੀ ਬਣਾਈ ਜਾਵੇ।

ਸ਼੍ਰੋਮਣੀ ਕਮੇਟੀ ਪਾਣੀਆਂ ਨੂੰ ਬਚਾਉਣ ਤੇ ਸੰਭਾਲ ਕਰਨ ਸੰਬੰਧੀ ਆਪਣੇ ਤੌਰ ਤੇ ਯਤਨ ਕਰੇ। ਪੰਜਾਬ ਦੇ ਉਦਯੋਗਪਤੀਆਂ ਦੁਆਰਾ ਦਰਿਆਵਾਂ ਵਿੱਚ ਬੋਰਾਂ ਰਾਹੀਂ ਸੁੱਟੇ ਜਾ ਰਹੇ ਪ੍ਰਦੂਸ਼ਿਤ ਪਾਣੀ ਬਾਰੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਇਸ ਦਾ ਸਖਤ ਨੋਟਿਸ ਲਵੇ ਅਤੇ ਅਜਿਹੇ ਅਨਸਰਾਂ ਵਿਰੁੱਧ ਕੇਸ ਦਰਜ ਕੀਤੇ ਜਾਣ। ਜਿਹਨਾਂ ਵੀ ਰਾਜਨੀਤਕ ਜਾਂ ਪ੍ਰਭਾਵਸ਼ਾਲੀ ਲੋਕਾਂ ਤੇ ਬਿਲਡਰਾਂ ਨੇ ਚੋਆਂ ਉਪਰ ਕਬਜ਼ੇ ਕਰਕੇ ਪਾਣੀ ਦੇ ਕੁਦਰਤੀ ਵਹਾਅ ਨੂੰ ਬਦਲ ਕੇ ਮੀਂਹ ਦੇ ਅਰਬਾਂ ਲਿਟਰ ਪਾਣੀ ਨੂੰ ਚੋਆਂ ਰਾਹੀਂ ਜ਼ਮੀਨ ਚ ਪਹੁੰਚਣ ਤੋਂ ਰੋਕਿਆ ਹੈ ਅੱਜ ਦੀ ਪੰਚਾਇਤ ਉਹਨਾਂ ਨੂੰ ਪੰਜਾਬ ਦੇ ਪਾਣੀਆਂ ਦੇ ਗਦਾਰ ਐਲਾਨਦੀ ਹੈ ਤੇ ਸਮੂਹ ਪੰਜਾਬੀਆਂ ਨੂੰ ਉਹਨਾਂ ਵਿਰੁੱਧ ਲਹਿਰ ਖੜਾ ਕਰਨ ਦਾ ਸੱਦਾ ਦਿੰਦੀ ਹੈ।

ਪੰਜਾਬ ਦੀਆਂ ਸੰਸਥਾਵਾਂ ਵਿਅਕਤੀਆਂ ਤੇ ਵਪਾਰਿਕ ਅਦਾਰਿਆਂ ਨੂੰ ਅਪੀਲ ਕਰਦੀ ਹੈ ਕਿ ਆਪਣੇ ਘਰਾਂ ਅਤੇ ਛੱਤਾਂ ਉਪਰ ਪੈਣ ਵਾਲੀ ਵਰਖਾ ਦੇ ਪਾਣੀ ਨੂੰ ਸੰਭਾਲਣ ਦੇ ਯੋਗ ਉਪਰਾਲੇ ਕਰਨ। ਪੰਜਾਬ ਸਰਕਾਰ ਇਸ ਖੇਤਰ ਵਿੱਚ ਕੰਮ ਕਰ ਰਹੀਆਂ ਸਮਾਜ ਸੇਵੀ ਜਥੇਬੰਦੀਆਂ ਦੇ ਸਹਿਯੋਗ ਨਾਲ ਵਰਖਾ ਦਾ ਪਾਣੀ ਸਾਂਭਣ ਲਈ ਆਮ ਲੋਕਾਂ ਨੂੰ ਤਕਨੀਕੀ ਸਹਾਇਤਾ ਉਪਲਬਧ ਕਰਾਏ। ਦਾਲਾਂ ਗੰਨੇ ਅਤੇ ਹੋਰ ਵਪਾਰਕ ਫਸਲਾਂ ਦੇ ਘੱਟੋ ਘੱਟ ਮੁੱਲ ਤੈਅ ਕੀਤੇ ਜਾਣ ਤਾਂ ਕਿ ਝੋਨੇ ਹੇਠਲਾ ਰਕਬਾ ਘੱਟ ਕੀਤਾ ਜਾ ਸਕੇ। ਕੱਦੂ ਤੋਂ ਬਿਨਾਂ ਝੋਨਾ ਲਗਾਉਣ ਦੀ ਤਕਨੀਕ ਵਿਕਸਿਤ ਕੀਤੀ ਜਾਵੇ। ਸਰਕਾਰ ਵਲੋਂ ਬਣਾਏ ਲੋਕ ਕਮਿਸ਼ਨ ਕੋਲ ਤਾਕਤ ਹੋਵੇ ਕਿ ਉਹ ਪਾਣੀ ਦੀ ਸੰਭਾਲ, ਸ਼ੁੱਧ ਪਾਣੀ ਅਤੇ ਪੌਸ਼ਟਿਕ ਖ਼ੁਰਾਕ ਦੀ ਸੁਰੱਖਿਆ ਦਾ ਜ਼ਾਮਨ ਬਣੇ। ਜ਼ਿੰਦਗੀ ਜੀਊਣ ਦੇ ਮੁਢਲੇ ਅਧਿਕਾਰ ਦੀ ਰਾਖੀ ਕਰੇ। ਪਾਣੀ ਸੁਰੱਖਿਆ ਫ਼ੰਡ ਕਾਇਮ ਕੀਤਾ ਜਾਵੇ। ਕੇਂਦਰ ਸਰਕਾਰ 1000 ਕਰੋੜ ਦੀ ਰਾਸ਼ੀ ਨਾਲ ਸ਼ੁਰੂਆਤ ਕਰਾਵੇ। ਵਿਦੇਸ਼ਾਂ ਵਿਚ ਵਸਦਾ ਪੰਜਾਬੀ ਭਾਈਚਾਰਾ, ਉਦਯੋਗ ਤੇ ਵਪਾਰ ਜਗਤ ਅਤੇ ਸ਼੍ਰੋਮਣੀ ਸੰਸਥਾਵਾਂ ਇਸ ਫ਼ੰਡ ਵਿਚ ਨਿਰੰਤਰ ਭਾਰੀ ਯੋਗਦਾਨ ਪਾਉਣ। ਰੁੱਖਾਂ ਅਧੀਨ ਰਕਬਾ ਵਧਾਉਣ ਲਈ ਸਰਕਾਰ ਲੋਕ ਮੁਹਿੰਮ ਨੂੰ ਉਤਸ਼ਾਹਿਤ ਕਰੇ। ਪੂਰੇ ਦੇਸ਼ ਦੇ ਮੁਕਾਬਲੇ ਪੰਜਾਬ ਅੰਦਰ ਜੰਗਲ ਅਤੇ ਰੁੱਖਾਂ ਦਾ ਰਕਬਾ ਬਹੁਤ ਘੱਟ ਹੈ। ਪੰਜਾਬ ਦੇ 15% ਰਕਬੇ ਵਿਚ ਜੰਗਲ ਅਤੇ ਰੁੱਖ ਹੋਣ। ਇਸ ਨਾਲ ਪਾਣੀ ਦਾ ਪੱਧਰ ਸਹੀ ਹੋ ਸਕੇਗਾ। ਹਵਾ ਦੀ ਗੁਣਵੱਤਾ, ਤਾਪਮਾਨ ਅਤੇ ਬਾਰਸ਼ਾਂ ਵਿਚ ਸੁਧਾਰ ਆਵੇਗਾ। ਜਲ ਸਰੋਤਾਂ ਨੂੰ ਮੁੜ ਸੁਰਜੀਤ ਕਰਨਾ ਹੋਵੇਗਾ।

# ਪਰਵਾਸ ਤੇ ਪੰਜਾਬ ਦੇ ਰਿਸ਼ਤੇ ਨੂੰ ਪੇਸ਼ ਕਰਦੀ ਸ਼ਾਰਟ ਫਿਲਮ ‘ਸਟਰੇਅ ਸਟਾਰ’

**ਰੂਹੀ**
99143-60547

ਇਨ੍ਹੀਂ ਦਿਨੀਂ ਪੰਜਾਬ ਵਿਚ ਆਇਲੈਟਸ ਸੈਂਟਰਾਂ ਦੀ ਭਰਮਾਰ, ਪਰਵਾਸ ਅਤੇ ਪੰਜਾਬ ਵਿਚੋਂ ਪਾਣੀ ਦੇ ਖ਼ਤਮ ਹੋਣ ਜਾਣ ਦੇ ਚਰਚੇ ਜ਼ੋਰਾਂ ‘ਤੇ ਹਨ। ਇਨ੍ਹਾਂ ਮੁੱਦਿਆਂ ਬਾਰੇ ਤਕਰੀਬਨ ਡੇਢ ਸਾਲ ਪਹਿਲਾਂ ਹੀ ਨੌਜਵਾਨ ਫਿਲਮਕਾਰ ਪਰਮਜੀਤ ਸਿੰਘ ਕੱਟੂ ਨੇ ਸਾਈਲੈਂਟ ਸ਼ਾਰਟ ਫਿਲਮ ‘ਸਟਰੇਅ ਸਟਾਰ’ (Stray Star) ਬਣਾ ਦਿੱਤੀ ਸੀ। ਇਹ ਫਿਲਮ ਲਗਾਤਾਰ ਅੰਤਰਰਾਸ਼ਟਰੀ ਫਿਲਮ ਮੇਲਿਆਂ ਵਿਚ ਚੁਣੀ ਜਾ ਰਹੀ ਹੈ। ਇਹ ਫਿਲਮ ਜਾਗਰਣ ਫਿਲਮ ਫੈਸਟੀਵਲ-2018 (ਭਾਰਤ), ਜੇਮਜ਼ ਰਿਵਰ ਸ਼ਾਰਟ ਫਿਲਮਜ਼-2018 (ਅਮਰੀਕਾ), ਮਿਸ਼ਨ ਸ਼ਾਰਟ ਫਿਲਮ ਫੈਸਟੀਵਲ-2018 (ਕੈਨੇਡਾ), ਲਿਫਟ ਆਫ ਫਿਲਮ ਸ਼ੈਸ਼ਨ-2019 (ਇੰਗਲੈਂਡ) ਸਮੇਤ ਹੁਣ ਤਕ ਵਿਸ਼ਵ ਦੇ ਨਾਮਵਰ 15 ਫਿਲਮ ਫੈਸਟੀਵਲਾਂ ਵਿਚ ਚੁਣੀ ਜਾ ਚੁੱਕੀ ਹੈ। ਇਸ ਤਰ੍ਹਾਂ ਇਹ ਫਿਲਮ ਕਿਸੇ ਪੰਜਾਬੀ ਫਿਲਮਕਾਰ ਵਲੋਂ ਬਣਾਈ ਐਸੀ ਫਿਲਮ ਹੈ ਜਿਹੜੀ ਹੁਣ ਤਕ ਸਭ ਤੋਂ ਵੱਧ ਅੰਤਰਰਾਸ਼ਟਰੀ ਪੱਧਰ ਦੇ ਫਿਲਮ ਮੇਲਿਆਂ ਵਿਚ ਚੁਣੀ ਜਾ ਚੁੱਕੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਇਸ ਦੇ ਚੁਣੇ ਜਾਣ ਦੀਆਂ ਸੰਭਾਵਨਾਵਾਂ ਹਨ। ਇਸ ਫਿਲਮ ਦੀ ਵੱਡੀ ਪ੍ਰਾਪਤੀ ਇਹ ਵੀ ਹੈ ਕਿ ਇਸ ਨੂੰ ਸ਼ਾਰਟ ਫਿਲਮਾਂ ਦੇ ਖੇਤਰ ਵਿਚ ਸਭ ਤੋਂ ਪ੍ਰਮੁੱਖ ਡਿਸਟਰੀਬਿਊਟਰ




ਗਰੁੱਪ ‘ਪਾਕੇਟ ਫਿਲਮਜ਼’ ਵਲੋਂ ਆਪਣੇ ਯੂ-ਟਿਊਬ ਚੈਨਲ ਉਪਰ ਰਿਲੀਜ਼ ਕੀਤਾ ਜਾ ਰਿਹਾ ਹੈ। ‘ਸਟਰੇਅ ਸਟਾਰ’ (Stray Star) ਸਾਢੇ ਸੱਤ ਮਿੰਟਾਂ ਦੀ ਮੂਕ (Silent) ਫਿਲਮ ਹੈ। ਫਿਲਮ ਦੀ ਤਕਨੀਕ ਅਨੁਸਾਰ ਮੂਕ (Silent) ਫਿਲਮ ਤੋਂ ਭਾਵ ਹੈ ਜਿਸ ਫਿਲਮ ਵਿਚ ਕੋਈ ਡਾਇਲਾਗ ਨਹੀਂ ਬੋਲਿਆ ਜਾਂਦਾ ਪਰ ਸੰਗੀਤ ਦੀ ਵਰਤੋਂ ਕੀਤੀ ਹੁੰਦੀ ਹੈ। ਪਰਮਜੀਤ ਸਿੰਘ ਕੱਟੂ ਦਾ ਕਹਿਣਾ ਹੈ ਕਿ ਫਿਲਮ ਦ੍ਰਿਸ਼ ਦਾ ਮਾਧਿਅਮ ਹੈ, ਇਸ ਵਿਚ ਭਾਸ਼ਾ ਦੀ ਵਰਤੋਂ ਕਰਨ ਦੀ ਜ਼ਰੂਰਤ ਨਹੀਂ, ਦ੍ਰਿਸ਼ ਨੂੰ ਬੋਲਣਾ ਚਾਹੀਦਾ ਹੈ। ਦ੍ਰਿਸ਼ ਦੀ ਸਮਰੱਥਾ ਭਾਸ਼ਾ ਦੀ ਸਮਰੱਥਾ ਨਾਲੋਂ ਜ਼ਿਆਦਾ ਹੈ। ਦ੍ਰਿਸ਼ ਵਿਚ ਰੰਗ, ਅਕਾਰ, ਅਦਾਕਾਰੀ, ਚਿੰਨ੍ਹ-ਪ੍ਰਤੀਕ ਸਾਰਾ ਕੁਝ ਸ਼ਾਮਿਲ ਹੁੰਦਾ ਹੈ। ਸਟਰੇਅ ਸਟਾਰ ਦਾ ਹਰ ਦ੍ਰਿਸ਼ ਆਪਣੇ ਆਪ ਵਿਚ ਇਕ ਪੇਂਟਿੰਗ ਵਾਂਗ ਹੈ। ਇਸ ਫਿਲਮ ਦਾ ਕੇਂਦਰੀ ਵਿਸ਼ਾ ਪਰਵਾਸ ਹੈ। ਪੰਜਾਬ ਤੇ ਪਰਵਾਸ ਦਾ ਬਹੁਤ ਗੂੜ੍ਹਾ ਨਾਤਾ ਰਿਹੈ ਤੇ ਇਸ ਵਿਸ਼ੇ ਦੇ ਜ਼ਰੀਏ ਫਿਲਮਕਾਰ ਨੇ ਪੰਜਾਬ ਦੇ ਪ੍ਰਮੁੱਖ ਸਰੋਕਾਰ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਹ ਫਿਲਮ ਪਰਵਾਸ ਦੀਆਂ ਉਹ ਪਰਤਾਂ ਪੇਸ਼ ਕਰਦੀ ਹੈ ਜਿਹੜੀਆਂ ਸਿੱਧੇ ਤੌਰ ‘ਤੇ ਸਾਨੂੰ ਨਹੀਂ ਦਿਸਦੀਆਂ। ਪਰਮਜੀਤ ਸਿੰਘ ਕੱਟੂ ਦਾ ਕਹਿਣਾ ਹੈ ਕਿ ਇਹ ਪਰਵਾਸ ਮਨੁੱਖਾਂ ਦਾ ਹੈ, ਭਾਸ਼ਾ ਦਾ ਹੈ, ਪਰੰਪਰਾ ਦਾ ਹੈ, ਸਮੇਂ, ਸਥਾਨ ਤੇ ਸਥਿਤੀਆਂ ਦਾ ਹੈ, ਧਰਤੀ ਦਾ ਪਰਵਾਸ ਹੈ ਤੇ ਰੰਗਾਂ ਦਾ ਵੀ। ਇਹ ਪੰਜਾਬ ਦੇ ਪਰਵਾਸ ਦੇ ਵਿਸ਼ੇ ਨੂੰ ਪੇਸ਼ ਕਰਨ ਵਾਲੀ ਪਹਿਲੀ ਮੂਕ (Silent) ਫਿਲਮ ਹੈ। ਇਹ ਫਿਲਮ ਭਾਵੇਂ ਪੰਜਾਬ ਨਾਲ ਸੰਬੰਧਿਤ ਵਿਸ਼ੇ ਬਾਰੇ ਪੰਜਾਬੀ ਫਿਲਮਕਾਰ ਨੇ ਬਣਾਈ ਹੈ ਪਰ ਸਾਈਲੈਂਟ ਹੋਣ ਕਰਕੇ ਇਹ ਅੰਤਰਰਾਸ਼ਟਰੀ ਪੱਧਰ ‘ਤੇ ਸੰਚਾਰ ਕਰਨ ਦੇ ਸਮਰੱਥ ਹੈ, ਇਸ ਲਈ ਇਹ ਪੰਜਾਬੀ ਜਾਂ ਪੰਜਾਬ ਦੀ ਫਿਲਮ ਨਾ ਹੋ ਕੇ ਅੰਤਰਰਾਸ਼ਟਰੀ ਫਿਲਮ ਬਣ ਗਈ ਹੈ।

ਇਸ ਫਿਲਮ ਦੀ ਟੀਮ ਪੰਜਾਬ ਦੇ ਇਸ ਵੇਲੇ ਦੇ ਕਾਰਜਸ਼ੀਲ ਮਾਹਿਰ ਕਲਾਕਾਰਾਂ ਦੀ ਟੀਮ ਹੈ। ਇਸ ਦਾ ਲੇਖਕ ਤੇ ਨਿਰਦੇਸ਼ਕ ਪਰਮਜੀਤ ਸਿੰਘ ਕੱਟੂ ਹੈ, ਜਿਸ ਨੇ ਪੰਜਾਬੀ ਸਾਹਿਤ ਦੀ ਪੀਐਚਡੀ ਕੀਤੀ ਹੋਈ ਹੈ। ਉਸ ਨੇ ਫਿਲਮ ਜਗਤ ਦੇ ਨਾਮਵਰ ਲੇਖਕ ਅਮਰੀਕ ਗਿੱਲ ਜੀ ਤੋਂ ਫਿਲਮ ਲੇਖਣ ਤੇ ਨਿਰਦੇਸ਼ਨ ਸਿਖਿਆ ਹੋਇਆ ਹੈ ਅਤੇ ਉਹ ਫਿਲਮ ਰਾਈਟਰਜ਼ ਐਸੋਸੀਏਸ਼ਨ ਮੁੰਬਈ ਦਾ ਵੀ ਮੈਂਬਰ ਹੈ। ਇਹ ਫਿਲਮ ਲੇਖਕ ਤੇ ਨਿਰਦੇਸ਼ਕ ਪਰਮਜੀਤ ਸਿੰਘ ਕੱਟੂ ਦੀ ਸੱਤ ਸਾਲਾਂ ਦੀ ਮਿਹਨਤ ਦਾ ਨਤੀਜਾ ਹੈ। ਉਹ ਲਗਾਤਾਰ ਪਰਵਾਸ ਦੇ ਵਿਸ਼ੇ ਬਾਰੇ ਖੋਜ ਕਰਦਾ ਰਿਹਾ ਹੈ। ਅੱਜ-ਕੱਲ੍ਹ ਪਰਮਜੀਤ ਪੁਣਛ ਦੇ ਰਖਵਾਲੇ ਵਜੋਂ ਜਾਣੇ ਜਾਂਦੇ ਸੂਰਬੀਰ ਯੋਧੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਦੀ ਜੀਵਨੀ ਉਪਰ ਡਾਕੂਮੈਂਟਰੀ ਫਿਲਮ ‘ਦ ਸੇਵੀਅਰ’ (The Saviour) ਨਿਰਦੇਸ਼ਿਤ ਕਰ ਰਿਹਾ ਹੈ। ਇਸ ਫਿਲਮ ਦਾ ਸਿਨੇਮਾਟੋਗ੍ਰਾਫ਼ਰ ਗੁਰਪ੍ਰੀਤ ਚੀਮਾ ਮੁੰਬਈ ਵਿਖੇ ਕਾਰਜਸ਼ੀਲ ਹੈ, ਪਿਛਲੇ ਸਮੇਂ ਵਿਚ ਉਹ ਜਰਮਨ ਵਿਖੇ ਦੋ ਫਿਲਮਾਂ ਦੀ ਸਿਨੇਮਾਟੋਗ੍ਰਾਫ਼ਰ ਟੀਮ ਦਾ ਮੈਂਬਰ ਰਿਹਾ ਹੈ। ਉਸ ਨੇ ਇਸ ਖੇਤਰ ਵਿਚ ਡਿਗਰੀ ਕੀਤੀ ਹੋਈ ਹੈ। ਫਿਲਮ ਦਾ ਸਾਉਂਡ-ਸੰਗੀਤ ਪੰਜਾਬੀ ਫਿਲਮ ਜਗਤ ਦੇ ਨਾਮਵਰ ਸਾਉਂਡ ਡਿਜ਼ਾਇਨਰ ਦੀਪ ਬਾਵਾ ਨੇ ਦਿੱਤਾ ਹੈ ਤੇ ਇਸ ਦਾ ਰੰਗਸਾਜ਼ ਪੰਜਾਬੀ ਸੰਗੀਤ ਜਗਤ ਦਾ ਮਕਬੂਲ ਐਡੀਟਰ ਤੇ ਕਲਰਿਸ਼ਟ ਇੰਦਰ ਰਟੌਲ ਹੈ। ਮੁੱਖ ਅਦਾਕਾਰ ਫਿਲਮ ਤੇ ਥੀਏਟਰ ਦਾ ਉਸਤਾਦ ਅਦਾਕਾਰ ਲੱਖਾ ਲਹਿਰੀ ਹੈ। ਨਿਰਮਾਤਾ ਉਦਮੀ ਨੌਜਵਾਨ ਜਸਵਿੰਦਰ ਸਿੰਘ ਢਿੱਲੋਂ ਹੈ ਤੇ ਸਹਿ-ਨਿਰਮਾਤਾ ਗੁਰਮੇਲ ਸਿੰਘ ਕੱਟੂ ਹੈ। ਆਸ ਹੈ ਕਿ ਇਹ ਫਿਲਮ ਹੋਰ ਵੀ ਮੀਲ-ਪੱਥਰ ਸਥਾਪਿਤ ਕਰਨ ਵਿਚ ਕਾਮਯਾਬ ਹੋਵੇਗੀ। ਆਮੀਨ...

# ਮਨੁੱਖਤਾ

ਮਨੁੱਖ ਨੂੰ ਹੋਂਦ ਵਿਚ ਆਇਆਂ ਸਦੀਆਂ ਬੀਤ ਗਈਆਂ ਅਤੇ ਅਨੇਕਾਂ ਧਰਮ ਹੋਂਦ ਵਿਚ ਆਏ ਜਿਵੇਂ ਈਸਾਈ, ਬੁੱਧ ਅਤੇ ਇਸਲਾਮ ਧਰਮ। ਅਤਿ ਆਧੁਨਿਕ ਮੰਨਿਆ ਜਾਂਦਾ ਸਿੱਖ ਧਰਮ ਹੈ। ਹਿੰਦੂ ਧਰਮ ਅਤੇ ਬਾਕੀ ਧਰਮਾਂ ਤੋਂ ਵੱਖਰਾ ਸ੍ਰੀ ਗੁਰ ਨਾਨਕ ਦੇਵ ਜੀ ਨੇ ਸਿੱਖ ਧਰਮ ਸਥਾਪਤ ਕੀਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖ ਨੇ ਜੀਵਨ ਦੇ ਬਾਕੀ ਪਹਿਲੂਆਂ ਵਿਚ ਬਹੁਤ ਉਨਤੀ ਕੀਤੀ ਹੈ ਜਿਵੇਂ ਕਿ ਆਰਥਿਕ, ਰਾਜਨੀਤਕ, ਵਿਗਿਆਨ ਅਤੇ ਵਿੱਦਿਅਕ ਆਦਿ ਖੇਤਰਾਂ ਵਿਚ ਪਰ ਨੈਤਿਕ ਕਦਰਾਂ ਕੀਮਤਾਂ ਪੱਖੋਂ ਮਨੁੱਖ ਪਹਿਲਾਂ ਨਾਲੋਂ ਨਿਘਾਰ ਵਿਚ ਹੈ।

ਅੱਜ ਦਾ ਮਨੁੱਖ ਪੁਰਾਤਨ ਮਨੁੱਖ ਨਾਲੋਂ ਜ਼ਿਆਦਾ ਈਰਖਾਵਾਦੀ, ਅਹੰਕਾਰੀ ਅਤੇ ਖ਼ੁਦਗਰਜ਼ ਹੋ ਰਿਹਾ ਹੈ। ਸ਼ਹਿਣਸ਼ੀਲਤਾ, ਸਬਰ, ਸੰਤੋਖ, ਹਮਦਰਦੀ ਤੇ ਨਿਮਰਤਾ ਆਦਿ ਦੈਵੀ ਗੁਣ ਮਨੁੱਖ ਵਿਚੋਂ ਅਲੋਪ ਹੋ ਰਹੇ ਹਨ। ਮਨੁੱਖ ਲਈ ਸ਼ਾਂਤੀ, ਸੁਖ ਅਤੇ ਖੁਸ਼ਹਾਲੀ ਦਾ ਹੱਲ ਪਦਾਰਥਵਾਦ ਨਹੀਂ। ਲੋੜ ਹੈ ਗੁਰੂ ਨਾਨਕ ਸਾਹਿਬ ਦੇ ਗੁਣਾਂ ਨੂੰ ਅਪਨਾਉਣ ਦੀ। ਮਨੁੱਖ ਨੂੰ ਧਰਮ ਦੇ ਸਿਧਾਂਤ 'ਤੇ ਚੱਲਣ ਦੀ ਲੋੜ ਹੈ।

ਕੋਈ ਮਨੁੱਖ ਵੀ ਆਪਣੇ ਨਿਘਾਰ ਨੂੰ ਸਵੀਕਾਰ ਕਰਨ ਨੂੰ ਤਿਆਰ ਨਹੀਂ ਸਗੋਂ ਈਰਖਾ ਅਤੇ ਅਹੰਕਾਰ ਦੀ ਅੱਗ ਵਿਚ ਜਲ ਰਿਹਾ ਹੈ ਤੇ ਫਿਰ ਮਨ ਨੂੰ ਸ਼ਾਂਤੀ ਕਿਵੇਂ ਪ੍ਰਾਪਤ ਹੋ ਸਕਦੀ ਹੈ ਅਤੇ ਸਮਾਜ ਵਿਚ ਲੜਾਈਆਂ ਝਗੜੇ ਅਤੇ ਕਤਲੋਗਾਰਤ ਬੰਦ ਕਿਵੇਂ ਹੋ ਸਕਦਾ ਹੈ? ਈਰਖਾਵਾਦੀ ਅਤੇ ਅਹੰਕਾਰੀ ਤੇ ਖ਼ੁਦਗਰਜ਼ ਲੋਕ ਮਨੁੱਖਤਾ ਦੇ ਕਾਤਲ ਹੁੰਦੇ ਹਨ। ਆਪ ਚੰਗਾ ਬਣਨ ਲਈ ਤੇ ਦੂਜੇ ਨੂੰ ਨੀਵਾਂ ਦਿਖਾਉਣ ਲਈ ਇਹ ਮਨਮੁਖ ਲੋਕ ਕੀ ਕੁਝ ਨਹੀਂ ਕਰਦੇ? ਸਾਮਰਾਜਵਾਦ ਮਨੁੱਖਤਾ ਦਾ ਕਾਤਲ ਤਾਂ ਹੈ ਹੀ, ਇਸੇ ਤਰ੍ਹਾਂ ਭੇਖੀ ਲੋਕ ਵੀ ਮਨੁੱਖ ਦੇ ਘੱਟ ਦੁਸ਼ਮਣ ਨਹੀਂ। ਜਿਹੜੇ ਲੋਕ ਬਾਹਰੋਂ ਹੋਰ ਤੇ ਅੰਦਰੋਂ ਹੋਰ ਹੁੰਦੇ ਹਨ, ਉਹ ਵੀ ਸਮਾਜ ਲਈ ਅਤਿ ਹਾਨੀਕਾਰਕ ਹੁੰਦੇ ਹਨ।

ਸਾਨੂੰ ਚਾਹੀਦਾ ਹੈ ਕਿ ਆਪਣੇ ਆਪ ਨੂੰ ਸਮਝੀਏ ਅਤੇ ਸਵੀਕਾਰ ਕਰੀਏ ਨਾ ਕਿ ਆਪਣੇ ਆਪ ਨੂੰ ਵਧੀਆ ਦੱਸਣ ਲਈ ਦੂਜੇ ਨੂੰ ਘਟੀਆ ਸਾਬਤ ਕਰਨ ਦੀ ਕੋਸ਼ਿਸ਼ ਕਰੀਏ। ਦੂਜਿਆਂ ਨੂੰ ਵੀ ਬਣਦਾ ਅਧਿਕਾਰ ਤੇ ਇੱਜ਼ਤ ਦੇਵੋ।

## ਈਰਖਾ ਤੇ ਨ਼ਫ਼ਰਤ

ਜਿਸ ਤਰ੍ਹਾਂ ਦੁੱਖ-ਸੁੱਖ, ਅਮੀਰ-ਗਰੀਬ, ਪੜ੍ਹੇ-ਅਨਪੜ੍ਹ, ਆਜਾਦੀ-ਗੁਲਾਮੀ ਤੇ ਚੰਗੇ ਮਾੜੇ ਦਾ ਜੋੜਾ ਹੈ ਅਤੇ ਇਕ ਦੂਜੇ ਦੇ ਇਹ ਵਿਰੋਧੀ ਵਿਸ਼ੇ ਅਤੇ ਸ਼ਬਦ ਹਨ, ਇਵੇਂ ਹੀ ਈਰਖਾ ਤੇ ਨ਼ਫ਼ਰਤ ਹਨ।

ਈਰਖਾ ਤੇ ਨ਼ਫ਼ਰਤ ਸਮਾਜ ਵਿਚ ਅਤਿ ਘਾਤਕ ਹੈ। ਅੱਜ ਕੱਲ੍ਹ ਇਹ ਦੋ ਬਹੁਤ ਹੀ ਵੱਡੀਆਂ ਬੁਰਾਈਆਂ ਹਨ। ਅਜਿਹੀਆਂ ਬੁਰਾਈਆਂ ਹਨ ਜਿਨ੍ਹਾਂ ਕਰਕੇ ਲੋਕਾਂ ਵਿਚ ਬਹੁਤ ਤਣਾਓ ਹੈ। ਪਹਿਲੇ ਸਮੇਂ ਵਿਚ ਵੀ ਅਜਿਹਾ ਹੁੰਦਾ ਸੀ ਪਰ ਹੁਣ ਇਹ ਜ਼ਿਆਦਾ ਹੈ। ਪੁਰਾਣੇ ਸਮੇਂ ਵਿਚ ਵੀ ਇਹ ਇਕ ਬੁਰਾਈ ਸੀ ਪਰ ਥੋੜ੍ਹੀ ਗਿਣਤੀ ਵਿਚ ਸੀ। ਲੋਕਾਂ ਵਿਚ ਪਿਆਰ, ਹਮਦਰਦੀ ਤੇ ਸਤਿਕਾਰ ਹੁੰਦਾ ਸੀ। ਅੱਜਕੱਲ ਭੈਣ-ਭਰਾ, ਮਿੱਤਰ ਤੇ ਰਿਸ਼ਤੇਦਾਰ ਇਕ ਦੂਜੇ ਨਾਲ ਈਰਖਾ ਕਰਦੇ ਹਨ। ਜੇਕਰ ਤੁਸੀਂ ਇਕ ਦੂਜੇ ਨਾਲ ਹਮਦਰਦੀ, ਦਇਆ ਅਤੇ ਸਤਿਕਾਰ ਕਰੋਗੇ ਤਾਂ ਈਰਖਾ ਪੈਦਾ ਹੀ ਨਹੀਂ ਹੁੰਦੀ। ਈਰਖਾ ਨਾ ਕਰੋਗੇ ਤਾਂ ਨ਼ਫ਼ਰਤ ਪੈਦਾ ਹੀ ਨਹੀਂ ਹੋਵੇਗੀ।

ਹਰ ਆਦਮੀ ਭਾਵੇਂ ਉਹ ਗਰੀਬ ਹੈ ਜਾਂ ਅਮੀਰ, ਪੜ੍ਹੇ-ਲਿਖੇ ਜਾਂ ਅਨਪੜ੍ਹ ਸਭ ਇਕ ਦੂਜੇ ਦਾ ਸਤਿਕਾਰ ਕਰਨ। ਚੰਗਾ ਜਾਂ ਮਾੜਾ, ਸਭ ਉਸ ਪ੍ਰਮਾਤਮਾ ਦੀ ਹੀ ਦੇਣ ਹੈ। ਅਹੰਕਾਰ ਵਿਚੋਂ ਵੀ ਈਰਖਾ ਅਤੇ ਨ਼ਫ਼ਰਤ ਪੈਦਾ ਹੁੰਦੀ ਹੈ। ਜੇਕਰ ਕਿਸੇ ਨੂੰ ਪ੍ਰਮਾਤਮਾ ਵਲੋਂ ਕੋਈ ਚੰਗਾ ਗੁਣ ਮਿਲਿਆ ਹੈ ਤਾਂ ਉਹ ਉਸ ਦਾ ਅਹੰਕਾਰ ਨਾ ਕਰੇ, ਸਗੋਂ ਸਭ ਨੂੰ ਬਣਦਾ ਪਿਆਰ ਅਤੇ ਜਿੰਨਾ ਹੋ ਸਕੇ ਦੂਜਿਆਂ ਦੀ ਸਹਾਇਤਾ ਕੀਤੀ ਜਾਵੇ। ਸਿੱਖ ਧਰਮ ਦਾ ਸਿਧਾਂਤ ਹੈ ਕਿ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ। ਇਸ ਉਤੇ ਚੱਲ ਕੇ ਹੀ ਮਨੁੱਖ ਈਰਖਾ ਤੇ ਨਫਰਤ ਦੀ ਅੱਗ ਤੋਂ ਬਚ ਸਕਦਾ ਹੈ।

**ਮਾਸਟਰ ਨਿਰਮਲ ਸਿੰਘ ਲਾਲੀ**
530-777-0955

# ਜੇ ਮੈਂ ਵੀ ਤੁਰ ਗਿਆ ਪਰਦੇਸ ਨੂੰ

**ਜਗਰੂਪ ਕੌਰ**
ਪਿੰਡ:- ਧੁੰਨ (ਤਰਨਤਾਰਨ), +91 8847634854



ਜੇ ਮੈਂ ਵੀ ਤੁਰ ਗਿਆ ਪਰਦੇਸ ਨੂੰ ...

ਜੇ ਮੈਂ ਵੀ ਤੁਰ ਗਿਆ ਪਰਦੇਸ ਨੂੰ ,
ਕੌਣ ਸੰਭਾਲੇਗਾ ਮੇਰੇ ਦੇਸ ਨੂੰ ।

ਪਰਵਾਸੀ ਆ ਕੇ ਵੱਸਣਗੇ,
ਖਾਲੀ ਘਰ ਵੇਖ ਕੇ ਹੱਸਣਗੇ।

ਭਈਏ ਪ੍ਰਧਾਨਗੀ ਕਰਨਗੇ ਗੁਰਧਾਮਾਂ ਦੀ,
ਬਹੁਮਤ ਹੋਜੇਗੀ ਰਾਜੂ ਰਾਮੂ ਜਿਹੇ ਨਾਮਾਂ ਦੀ।

ਪੰਜਾਬ ਵਿੱਚ ਆ ਕੇ ਹਿੰਦੀ ਬੋਲੀ ਜਾਵੇਗੀ,
ਮਾਂ ਬੋਲੀ ਪੰਜਾਬੀ ਏਥੇ ਰੋਲੀ ਜਾਵੇਗੀ।

ਹਰ ਗਲੀ ਬੀੜੀ-ਤੰਬਾਕੂ ਦੇ ਖੋਖੇ ਹੋਣਗੇ,
ਪੰਜਾਬ ਪੰਜਾਬੀ ਪੰਜਾਬੀਅਤ ਨਾਲ ਧੋਖੇ ਹੋਣਗੇ।

# ਤਾਇਆ-ਛੱਪੜ ਤੇ ਗੰਗਾਜਲ

**ਜਨਮੇਜਾ ਸਿੰਘ ਜੌਹਲ**

ਖੌਰੇ ਤਾਏ ਦੇ ਮਨ ਵਿਚ ਕੀ ਆਈ, ਬਾਹਰਲੇ ਛੱਪੜ ਨਾਲ ਦੇ ਰੜੇ ਵਿਚ ਜੁਆਕਾਂ ਨੂੰ ਫੁੱਟਬਾਲ ਖੇਡਦੇ ਦੇਖਣ ਲੱਗ ਪਿਆ। ਸੈਂਕਲ ਨੂੰ ਟਾਹਲੀ ਨਾਲ ਲਾ ਕੇ ਖੜਾ ਕਰ ਦਿੱਤਾ। ਸਟੈਂਡ ਕਈ ਦਿਨਾਂ ਦਾ ਝੂਟਾ ਜਿਹਾ ਲੈਂਦਾ ਸੀ, ਬਸ ਘੌਲ ਕਰਕੇ ਠੀਕ ਨਹੀਂ ਸੀ ਕਰਾਇਆ। ਇਕ ਦਿਨ ਘਰੇ ਵੀ ਕੰਧ ਨਾਲ ਖੜਾ ਖੜਾ ਲੁੜਕ ਗਿਆ ਸੀ ਤੇ ਤਾਈ ਦਾ ਪਾਣੀ ਆਲਾ ਘੜਾ ਠੀਕਰ ਹੋ ਗਿਆ ਸੀ। ਤਾਏ ਨਾਲ ਜੋ ਬੀਤੀ, ਉਹਦਾ ਗਵਾਹ ਕੱਲਾ ਭਤੀਜ ਹੀ ਸੀ। ਅੱਜ ਤਾਇਆ ਸਟੈਂਡ ਠੀਕ ਕਰਾਉਣ ਹੀ ਤੁਰਿਆ ਸੀ ਕਿ ਰਾਹ ਵਿਚ ਜੁਆਕ ਖੇਡਦੇ ਦੇਖ, ਆਪਣੇ ਬਚਪਨ ਵਿਚ ਚਲੇ ਗਿਆ। ਤਾਏ ਦਾ ਕੱਦ ਲੰਮਾ ਹੋਣ ਕਰਕੇ ਛੱਪੜ 'ਚੋਂ ਗੇਂਦ ਹਰ ਵਾਰੀ, ਉਹਨੇ ਹੀ ਕੱਢਣੀ। ਹਾਲੇ ਉਹ ਬਚਪਨ ਦੀਆਂ ਯਾਦਾਂ ਵਿਚ ਹੀ ਸੀ ਕੇ, ਦੇਖਦੇ ਦੇਖਦੇ, ਜੁਆਕਾਂ ਦੀ ਗੇਂਦ ਵੀ ਛੱਪੜ 'ਚ ਜਾ ਪਈ।

"ਹਟ ਜੋ ਜੁਆਕੋ, ਮੈਂ ਕੱਢਦਾ, ਇਹ ਤਾਂ ਮੇਰੇ ਖੱਬੇ ਹੱਥ ਦੀ ਖੇਲ ਆ।"

ਗੇਂਦ ਸ਼ਾਇਦ ਦੂਰ ਚਲੇ ਗਈ ਸੀ, ਅੱਕ ਦੀ ਲੰਮੀ ਸੋਟੀ ਲੈ ਕੇ ਜਦ ਤਾਏ ਨੇ ਗੇਂਦ ਖਿੱਚਣ ਦੀ ਕੋਸ਼ਿਸ਼ ਕੀਤੀ ਤਾਂ ਤਾਇਆ ਆਪ ਵੀ ਲੋਟਣੀ ਖਾ ਗਿਆ। ਗੇਂਦ ਤਾਂ ਤਾਏ ਦੇ ਹੱਥ ਆ ਗੀ ਪਰ ਆਪ ਪੂਰਾ ਪਵਿੱਤਰ ਹੋ ਗਿਆ। ਜੁਆਕਾਂ ਨੇ ਕਿਸੇ ਤਰਾਂ ਨਲਕਾ ਗੇੜ ਕੇ ਤਾਏ ਦੀ ਪਵਿੱਤਰਤਾ ਭੰਗ ਕੀਤੀ। ਤਾਇਆ ਗਿਲਾ ਸੁੱਕਾ ਜਿਹਾ ਕੁਝ ਦੇਰ ਟਾਹਲੀ ਥੱਲੇ ਖੜਾ ਰਿਹਾ ਤੇ ਫੇਰ ਘਰ ਨੂੰ ਤੁਰ ਪਿਆ। ਮੂਹਰੇ ਤਾਈ ਦਰਾਂ ਚ ਹੀ ਮਿਲ ਪੀ।

"ਹਾਏ ਵੇ ਆ ਗਿੱਲਾ ਕਿਵੇਂ ਹੋਇਆ ਪਿਆਂ, ਨਾ ਮੀਂਹ ਨਾ ਕਣੀ?"

"ਕੁਸ਼ ਨੀ, ਆ ਪੰਡਤਾਂ ਆਲੇ ਪਾਸੇ ਗਿਆ ਸੀ, ਉਹ ਗਲੀ ਪਵਿੱਤਰ ਕਰਦੇ ਪਏ ਸੀ, ਗੰਗਾ ਜਲ ਨਾਲ, ਭੋਰਾ ਮੈਨੂੰ ਵੀ ਪਵਿੱਤਰ ਕਰਤਾ, ਅਖੇ ਤੇਰੇ ਵੀ ਕਸ਼ਟ ਮੁੱਕ ਜਾਣ।"

# ਇੱਕ ਵਾਰ ਮੁੜ ਕੇ ਜ਼ਰੂਰ ਦੇਖੋ

**ਇਕਵਾਕ ਸਿੰਘ ਪੱਟੀ**
(ਮੋ. 98150-24920)

ਅੱਜ-ਕੱਲ੍ਹ, ਭੱਜ-ਦੌੜ ਦੀ ਜਿੰਦਗੀ ਵਿੱਚ ਕਾਹਲੀ ਸਾਡੀ ਜਿੰਦਗੀ ਦਾ ਹਿੱਸਾ ਬਣ ਚੁੱਕੀ ਹੈ। ਕਾਹਲੀ ਜਾਂ ਜਲਦਬਾਜ਼ੀ ਵਿੱਚ ਅਕਸਰ ਅਸੀਂ ਘਰ ਤੋਂ ਦਫਤਰ ਜਾਣ ਵੇਲੇ, ਜਾਂ ਫਿਰ ਦਫ਼ਤਰ ਤੋਂ ਘਰ ਆਉਣ ਵੇਲੇ ਜਾਂ ਫਿਰ ਹੋਰ ਥਾਵਾਂ ਤੇ ਆਉਣ ਜਾਣ ਵੇਲੇ ਆਪਣੀਆਂ ਕੁਝ ਚੀਜ਼ਾਂ ਉੱਥੇ ਹੀ ਭੁੱਲ ਆਉਂਦੇ ਹਾਂ। ਵੈਸੇ ਇਸ ਤਰ੍ਹਾਂ ਸਾਡੇ ਨਾਲ ਆਟੋ-ਰਿਕਸ਼ਾ, ਟੈਕਸੀ, ਬੱਸ, ਰੇਲਗੱਡੀ ਜਾਂ ਹਵਾਈ ਜਹਾਜ਼ ਵਿੱਚ ਸਫ਼ਰ ਕਰਨ ਵੇਲੇ ਵੀ ਵਾਪਰ ਜਾਂਦਾ ਹੈ। ਕਿਸੇ ਥਾਂ ਦੀ ਯਾਤਰਾ ਦੌਰਾਨ ਕਈ ਵਾਰ ਅਸੀਂ ਆਪਣਾ ਰੁਮਾਲ, ਪੈੱਨ, ਐਨਕ, ਪਰਸ, ਹੈਂਡਬੈਗ, ਮੋਬਾਇਲ ਵਗੈਰਾ ਭੁੱਲ ਜਾਂਦੇ ਹਾਂ। ਕਿਉਂਕਿ ਸਾਡੀ ਕਈ ਵਾਰ ਆਦਤ ਵੀ ਹੁੰਦੀ ਹੈ ਕਿ ਅਸੀਂ ਜਿਸ ਥਾਂ ਤੇ ਜਾ ਕੇ ਬੈਠਦੇ ਹਾਂ ਉੱਥੇ ਨੇੜੇ ਹੀ ਪਏ ਕਿਸੇ ਮੇਜ਼ ਵਗੈਰਾ ਤੇ ਆਪਣਾ ਰੁਮਾਲ, ਮੋਬਾਇਲ, ਕਾਰ/ਸਕੂਟਰ ਦੀ ਚਾਬੀ, ਐਨਕ ਜਾਂ ਕੁਝ ਹੋਰ ਸਮਾਨ ਜੋ ਬੈਠਣ ਵੇਲੇ ਸਾਨੂੰ ਸਾਡੀਆਂ ਜੇਬ੍ਹਾਂ ਵਿੱਚ ਅੱਖਰਦਾ ਹੋਵੇ, ਰੱਖ ਦਿੰਦੇ ਹਾਂ ਅਤੇ ਤੁਰਨ ਵੇਲੇ ਆਪਣੇ ਸਮਾਨ ਨੂੰ ਚੁੱਕਣਾ ਭੁੱਲ ਜਾਂਦੇ ਹਾਂ। ਕਈ ਵਾਰ ਤਾਂ ਸਾਡੀ ਪੈਂਟ ਜਾਂ ਕਮੀਜ਼ ਦੀ ਜ਼ੇਬ ਵਿੱਚੋਂ ਵੀ ਕੁਝ ਕੱਢਣ ਲੱਗਿਆਂ ਸਾਡਾ ਪੈੱਨ, ਕੋਈ ਜ਼ਰੂਰੀ ਕਾਗਜ਼, ਸਾਡੇ ਵਾਹਨ ਦੀ ਚਾਬੀ ਵਗੈਰਾ ਭੁੰਝੇ ਡਿੱਗ ਜਾਂਦੀਆਂ ਹਨ ਅਤੇ ਸਾਡਾ ਖਿਆਲ ਨਹੀਂ ਹੰਦਾ। ਇਸ ਲਈ ਜ਼ਰੂਰੀ ਨਿਸ਼ਚਿਤ ਕਰੋ ਕਿ ਅਸੀਂ ਜਿੱਥੇ ਕਿਤੇ ਵੀ ਜਾਂਦੇ ਹਾਂ ਉੱਥੋਂ ਉੱਠਣ ਜਾਂ ਤੁਰਨ ਲੱਗਿਆ ਇੱਕ ਵਾਰ ਮੁੜ ਕੇ ਆਸੇ ਪਾਸੇ ਨਜ਼ਰ ਜ਼ਰੂਰ ਮਾਰ ਲਉ ਕਿ ਤੁਹਾਡੀ ਕੋਈ ਨਿੱਕੀ ਵੱਡੀ ਚੀਜ਼ ਉੱਥੇ ਤਾਂ ਨਹੀਂ ਰਹਿ ਗਈ ਜਾਂ ਡਿੱਗ ਪਈ। ਤਾਂ ਕਿ ਉਸ ਚੀਜ਼ ਨੂੰ ਗਵਾਚਣ ਤੋਂ ਬਚਾ ਸਕੀਏ ਅਤੇ ਵਾਪਸ ਉਸ ਚੀਜ਼ ਨੂੰ ਲਿਆਉਣ ਲਈ ਲੱਗਣ ਵਾਲੀ ਊਰਜਾ ਅਤੇ ਸਮਾਂ ਵੀ ਬਚਾ ਸਕੀਏ।




ਜ਼ਿੰਦਗੀ ਤਾਂ ਇਕ ਨਦੀ ਵਾਂਗਰਾਂ
ਓਵੇਂ ਹੀ ਹੈ ਵਗਦੀ।
ਇਹ ਕੈਸਾ ਬਦਲਾਅ ਹੈ ਆਇਆ?
ਪਹਿਲਾਂ ਜਿਹੀ ਨਾ ਲਗਦੀ।
ਹੰਢੇ ਹੰਭੇ ਗਏ ਪੁਰਾਣੇ
ਆ ਗਏ ਨਵੇਂ ਨਿਕੋਰ।
ਤੜਕਸਾਰ ਬਲਦਾਂ ਦੀਆਂ ਟੱਲੀਆਂ
ਲੈ ਗਏ ਕਾਲੇ ਚੋਰ!
ਨਾ ਘੋੜੀ ਨਾ ਡਾਚੀ ਦਿਸਦੀ
ਚਾਰ ਚੁਫੇਰੇ ਕਾਰਾਂ,
ਪਸ਼ੂਆਂ ਜਿਹਾ ਉਹ ਤਿਹੁ ਨਾ ਦਿਸਦਾ
ਕਿੰਞ ਕਾਰਾਂ ਬੁਸ਼ਕਾਰਾਂ?
ਸਾਉਣ ਨਾ ਧੀਆਂ ਪੇਕੇ ਆਵਣ
ਤੀਆਂ ਲੱਗਣੋਂ ਰਹੀਆਂ।
ਬੁੱਢੇ ਪਿੱਪਲ ਬੋਹੜ ਉਦਾਸੇ
ਪੀਂਘਾਂ ਕਿਉਂ ਨਹੀਂ ਪਈਆਂ।
ਕੱਚੇ ਕੋਠੇ ਪਿੱਤਲ-ਭਾਂਡੇ
ਕਿੱਧਰ ਤੁਰੇ ਵਿਚਾਰੇ
ਫੁੱਲੇ ਗੱਡੇ ਤੇ ਹਲ਼ ਪੰਜਾਲੀ
ਲੱਦੇ ਬਣ ਵਣਜਾਰੇ।
ਦੋਧੇ ਭੁੰਨਣੇ ਤੇ ਉਹ ਹੋਲ਼ਾਂ
ਕਿੱਥੇ ਖੀਰਾਂ ਪੂੜੇ?
ਲੰਮੀਆਂ ਗੁੱਤਾਂ ਕਿੱਧਰ ਗਈਆਂ
ਕਿਧਰ ਭਰਵੇਂ ਜੂੜੇ?
ਨਾ ਉਹ ਫਸਲਾਂ ਕੰਮ ਧੰਦੇ
ਕਿੱਧਰ ਗਏ ਭਰੱਖੇ!
ਬਿਰਧ ਆਸ਼ਰਮ ਮਾਪੇ ਰਹਿੰਦੇ
ਪਏ ਔਲਾਦੋਂ ਖੱਪੇ।
ਰੁੱਤਾਂ ਫਿਰੀਆਂ ਮੌਸਮ ਬਦਲੇ
ਗੁੱਡੀਆਂ ਨਵੇਂ ਪਟੋਲੇ।
ਰੱਬ ਕੁਦਰਤ ਵਰਤਾਏ ਕੀਕੂੰ
ਕੀਕੂੰ ਬੰਦਾ ਤੋਲੇ!

**-ਸ਼ੇਰ ਸਿੰਘ ਕੰਵਲ**
011-602-482-2276

# ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਸਿੰਘ ਤਾਰੂ



ਸਿੱਖੀ ਸਿਦਕ ਨਿਭਾਇਆ,
ਸਿੰਘ ਤਾਰੂ ਨੇ।
ਧਰਮ ਕੇਸਾਂ ਸਵਾਸਾਂ ਸੰਗ ਨਿਭਾਇਆ,
ਸਿੰਘ ਤਾਰੂ ਨੇ।
ਪਿੰਡ ਪੂਹਲੇ ਦਾ ਰਾਜ ਦੁਲਾਰਾ,
ਮਨ ਦੀ ਅੱਖ ਦਾ ਤਾਰਾ।
ਭੈਣ ਦਾ ਵੀਰ ਪਿਆਰਾ,
ਧਰਮੀਆਂ ਦਾ ਵੱਡਾ ਸਹਾਰਾ।
ਸੇਵਾ ਭਾਵ ਨਿਭਾਇਆ,
ਸਿੰਘ ਤਾਰੂ ਨੇ।
ਹਾਕਮਾਂ ਤੋਂ ਜ਼ਰਿਆ ਨਾ ਗਿਆ,
ਡਾਹਡਾ ਵੈਰ ਕਮਾਇਆ,
ਸਮੇਂ ਦੀਆਂ ਸਰਕਾਰਾਂ ਨੇ।
ਧਰਮ ਤੋਂ ਨਾ ਥਿੜਕਿਆ,
ਹਰ ਜ਼ੁਲਮ ਸਿਹਾ,
ਸਿੰਘ ਤਾਰੂ ਨੇ।
ਕੇਸਾਂ ਸੰਗ ਖੋਪਰ ਲੁਹਾਇਆ,
ਸਿੰਘ ਤਾਰੂ ਨੇ।
ਸਿੱਖੀ ਸਿਦਕ ਨਾ ਛੱਡਿਆ,
ਸਿੰਘ ਤਾਰੂ ਨੇ।
ਜ਼ਾਲਮ ਬਚ ਨਾ ਸਕਿਆ,
ਪਹਿਲਾਂ ਮੋਇਆ,
ਸਿੰਘ ਤਾਰੂ ਦੇ।
ਜ਼ਾਲਮ ਮੁੱਕਿਆ ਤਦ ਹੀ,
ਸ਼ਹੀਦੀ ਜਾਮ ਪੀਤਾ,
ਸਿੰਘ ਤਾਰੂ ਨੇ।
ਸਿੱਖੀ ਰਹੇ ਮੇਰੀ ਅਬਾਦ,
ਕਿਹਾ ਸਿੰਘ ਤਾਰੂ ਨੇ।
ਕੌਮ ਕਰੇਗੀ ਹਮੇਸ਼ਾ ਮਾਣ,
ਸਿੰਘ ਤਾਰੂ 'ਤੇ।

**ਪ੍ਰਮਿੰਦਰ ਸਿੰਘ ਪ੍ਰਵਾਨਾ**
(510-781-0487)

# ਚਿਰਾਗ ਬੁਝ ਜਾਊ, ਹਰ ਗਰਾਂ-ਸ਼ਹਿਰ ਵਿਚੋਂ

ਕਰਦੈਂ ਕੁਦਰਤਿ ਨਾਲ ਖਿਲਵਾੜ
ਉਸ ਦੀ ਤਾਕਤ ਦਾ ਤੈਨੂੰ ਅਹਿਸਾਸ ਨਹੀਂ,
ਤੂੰ ਸੱਚੇ ਰੱਬ ਦੀ ਹੋਂਦ ਨੂੰ ਜਾਣ ਲੈਂਦਾ,
ਜਿਹੜੇ ਰੱਬ ਨੂੰ ਲੋਕ ਪਏ ਲੱਭਦੇ ਹੀ,

ਕਿਵੇਂ ਪੁਣੋਂਗੇ ਪਾਣੀ ਜ਼ਹਿਰੀਲਿਆਂ ਨੂੰ,
ਕਿਵੇਂ ਟਾਲੋਂਗੇ ਸਿਰਾਂ ਤੋਂ ਹੋਣੀਆਂ ਨੂੰ,
ਖੈਰ ਰੱਬ ਦੀ ਦਿੱਤੀ ਬਰਬਾਦ ਕਰਕੇ।
ਤੂੰ ਹਾਲੇ ਵੀ ਬੰਦਿਆਂ ਜਾਗਿਆ ਨਾ,
ਹਵਾ-ਪਾਣੀ ਤੇ ਮਿੱਟੀ ਖਰਾਬ ਕਰਕੇ।

ਉਹੀ ਮਿਲੂ ਤੈਨੂੰ ਜੋ ਬੀਜਿਆ ਹੈ,
ਸੱਚ ਮਿਲੂ ਕਿਵੇਂ, ਝੂਠ ਦੀ ਲਹਿਰ ਵਿਚੋਂ।
ਜਿਹੜੇ ਕੁਦਰਤ 'ਚ ਦੇਖਦੇ ਕਾਦਰ ਵਸਦਾ
ਪਾ ਲੈਂਦੇ ਹਰ ਘੜੀ, ਪਲ, ਪਹਿਰ ਵਿਚੋਂ।

ਓਹ ਨਹੀਂ ਲੱਭਣਾ ਕਿਸੇ ਵੀ ਲਹਿਰ ਵਿਚੋਂ।
ਵੱਖ ਹੋਣੀ ਨਹੀਂ ਮਿਲੀ ਜੋ ਜ਼ਹਿਰ ਵਿਚੋਂ।
ਹੱਥੀਂ ਆਪ ਹੀ ਬੀਜੇ ਹੋਏ ਕਹਿਰ ਵਿਚੋਂ।
ਫਿਰ ਕੀ ਭਾਲੋਂਗੇ ਰੱਬ ਦੀ ਖੈਰ ਵਿਚੋਂ।
ਚਿਰਾਗ ਬੁਝ ਜਾਊ, ਹਰ ਗਰਾਂ-ਸ਼ਹਿਰ ਵਿਚੋਂ।

# ਹਾਸੇ ਦਾ ਫਰਕ

... ਹਾਸਿਆ, ਓਏ ਹਾਸਿਆ!
ਖੁਸ਼ੀ ਦੇ ਦਿਲਾਸਿਆ...!!
ਚੰਗਾ ਕਹਾਂ ਤੈਨੂੰ ਜਾਂ ਕਿ
ਬੁਰਾ ਕਹਾਂ ਤੈਨੂੰ....
ਕੀਹਦੇ ਕੀਹਦੇ ਪੱਲੇ ਕਿਵੇਂ ਪੈਂਦਾ,
ਤੂੰ ਤਮਾਸ਼ਿਆ...।
ਮਰਦਾਂ ਲਈ ਹਾਸਾ ਬਣੇਂ,
ਕਿਉਂ ਔਰਤ ਲਈ ਤਮਾਸ਼ਾ ਬਣੇਂ...।
ਮਰਦਾਂ ਦੇ ਚਿਹਰੇ ਤੈਨੂੰ,
ਆਂਚ ਵੀ ਨਹੀਂ ਆਉਂਦੀ..।
ਕਾਹਤੋਂ ਔਰਤ ਦੇ ਚਿਹਰੇ 'ਤੇ,
ਜਾਂਦਾ ਕਿਓਂ ਉਦਾਸਿਆ...।
ਹਾਸਿਆ, ਓਏ ਹਾਸਿਆ...!
ਖੁਸ਼ੀ ਦੇ ਦਿਲਾਸਿਆ!!

ਮਰਦ ਜੇ ਹੱਸੇ...
ਖੁਸ਼ੀ ਖੇੜਾ ਬਣ ਜਾਵੇਂ ਤੂੰ..।
ਜੇ ਔਰਤ ਕੋਈ ਹੱਸੇ,
ਕਾਹਤੋਂ ਮਾੜਾ ਅਖਵਾਵੇਂ ਤੂੰ...।
ਸ਼ਇਦ ਸਹਿਕਦਾ ਹੀ ਰਹਿੰਦਾ,
ਹਰ ਸੁੱਖ ਦੇ ਪਿਆਸਿਆ...।
ਹਾਸਿਆ, ਓਏ ਹਾਸਿਆ....!
ਖੁਸ਼ੀ ਦੇ ਦਿਲਾਸਿਆ... !!

**- ਜਗਰੂਪ ਕੌਰ ਗਰੇਵਾਲ**




# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


ਅੰਮ੍ਰਿਤਸਰ ਟਾਈਮਜ਼
AMRITSAR TIMES

# ਪਾਠਕਾਂ ਦਾ ਨਜ਼ਰੀਆ

## ਰੂੜੀਵਾਦੀ ਪ੍ਰੰਪਰਾਵਾਂ ਵਿਚ ਡੂੰਘਾ ਧਸਿਆ ਭਾਰਤ

ਭਾਰਤ ਦੇ ਬਹੁਤੇ ਹਿੱਸਿਆਂ ਵਿਚ ਭਿਆਨਕ ਸੋਕਾ ਪਿਆ ਹੋਇਆ ਹੈ। ਦੱਖਣੀ ਸੂਬੇ, ਖਾਸ ਤੌਰ 'ਤੇ ਚੇਨਈ (ਮਦਰਾਸ) ਦੇ ਲੋਕ ਬੂੰਦ ਬੂੰਦ ਪਾਣੀ ਲਈ ਤਰਸ ਰਹੇ ਹਨ। ਇਸ ਮੌਕੇ ਤੜਫ ਰਹੀ ਪਿਆਸੀ ਜਨਤਾ ਨੂੰ ਪਾਣੀ ਪਹੁੰਚਾਉਣ ਦਾ ਕੋਈ ਯਤਨ ਕਰਨ ਦੀ ਬਜਾਏ ਤਾਮਿਲਨਾਡੂ ਦਾ ਮੁੱਖ ਮੰਤਰੀ ਸਮੇਤ ਸਾਰੀ ਕੈਬਨਿਟ, ਰੱਬ ਅੱਗੇ ਮੀਂਹ ਪੁਆਉਣ ਦੀ ਬੇਨਤੀ ਕਰਨ ਲਈ ਇੱਕ ਮੰਦਿਰ ਵਿਚ ਪਹੁੰਚ ਗਿਆ। ਇਸ ਗੱਲ ਨੂੰ ਮੀਡੀਆ ਵਿਚ ਬਹੁਤ ਜ਼ੋਰ ਸ਼ੋਰ ਨਾਲ ਪ੍ਰਚਾਰਿਆ ਗਿਆ। ਤਾਮਿਲਨਾਡੂ ਦੇ ਲੋਕਾਂ ਨੂੰ ਇੱਕ ਵਾਰ ਤਾਂ ਭਰੋਸਾ ਹੋ ਹੀ ਗਿਆ ਹੋਵੇਗਾ ਕਿ ਹੁਣ ਬਾਰਸ਼ ਹੋਈ ਕਿ ਹੋਈ। ਇਹ ਗੱਲ ਵੱਖਰੀ ਹੈ ਕਿ ਇੰਦਰ ਦੇਵਤੇ ਨੂੰ ਮੁੱਖ ਮੰਤਰੀ ਦੀ ਪਛਾਣ ਕਰਨ ਵਿਚ ਕੁਝ ਭੁਲੇਖਾ ਲੱਗ ਗਿਆ। ਉਸ ਨੇ ਤਾਮਿਲਨਾਡੂ ਦੀ ਬਜਾਏ ਮਹਾਰਾਸ਼ਟਰ ਤੇ ਗੁਜਰਾਤ ਨੂੰ ਮੀਂਹ ਨਾਲ ਨਿਹਾਲੋ ਨਿਹਾਲ ਕਰ ਦਿੱਤਾ। ਹੈਰਾਨੀ ਦੀ ਗੱਲ ਹੈ ਕਿ ਇੱਕ ਜੂਨੀਅਰ ਅਭਿਨੇਤਰੀ (ਜ਼ਾਰਾ ਵਾਸੀਮ) ਦੇ ਧਰਮ ਦੇ ਨਾਮ ਉੱਤੇ ਫਿਲਮਾਂ ਛੱਡਣ ਦੇ ਐਲਾਨ ਤੋਂ ਬਾਅਦ ਵੱਡੇ-ਵੱਡੇ ਟਾਕ ਸ਼ੋਅ ਕਰਨ ਵਾਲੇ ਕਿਸੇ ਵੀ ਨਿਊਜ਼ ਚੈਨਲ ਨੇ ਇਸ ਅੰਧਵਿਸ਼ਵਾਸ ਨੂੰ ਲਾਹਨਤ ਨਹੀਂ ਪਾਈ। ਅੱਜ ਜਦੋਂ ਚੀਨ ਨਕਲੀ ਮੀਂਹ ਪੁਆਉਣ ਦੇ ਨਜ਼ਦੀਕ ਪਹੁੰਚ ਚੁੱਕਾ ਹੈ, ਤਾਂ ਰੂੜੀਵਾਦੀ ਭਾਰਤ ਵਿਚ ਡੱਡੂਆਂ ਦੇ ਵਿਆਹ ਕਰ ਕੇ, ਗੁੱਡੀਆਂ ਫੂਕ ਕੇ ਤੇ ਲੰਗਰ-ਛਬੀਲਾਂ ਲਗਾ ਕੇ ਮੀਂਹ ਪੁਆਉਣ ਦਾ ਯਤਨ ਕਰ ਰਹੇ ਹਨ।

ਕੁਝ ਦਿਨਾਂ ਪਹਿਲਾਂ ਸਾਰੇ ਨਿਊਜ਼ ਚੈਨਲ ਪ੍ਰਮੁੱਖਤਾ ਨਾਲ ਵਿਖਾ ਰਹੇ ਸਨ ਕਿ ਕਈ ਥਾਵਾਂ 'ਤੇ ਭਾਰਤੀ ਕ੍ਰਿਕਟ ਟੀਮ ਦੀ ਜਿੱਤ ਲਈ ਹਵਨ ਯੱਗ ਕਰਵਾਏ ਜਾ ਰਹੇ ਸਨ। ਸ਼ਾਇਦ ਹਵਨ ਵਿੱਚ ਨਕਲੀ ਘਿਉ ਸਾੜ ਦਿੱਤਾ ਗਿਆ, ਫਲਸਰੂਪ ਭਾਰਤੀ ਟੀਮ ਹਾਰ ਗਈ ਤੇ ਇੰਗਲੈਂਡ ਜਿੱਤ ਗਿਆ। ਪੱਕਾ ਹੈ ਕਿ ਇਸ ਕਿਰਿਆ ਕਰਮ ਕਾਰਨ ਭਾਰਤ ਭਰ ਵਿੱਚ ਸੈਂਕੜੇ ਕਵਿੰਟਲ ਘਿਉ ਤੇ ਹੋਰ ਸਮੱਗਰੀ ਫੂਕ ਦਿੱਤੀ ਗਈ ਹੋਵੇਗੀ। ਜੇ ਕਿਤੇ ਇਹ ਘਿਉ ਖਿਡਾਰੀਆਂ ਨੂੰ ਵੰਡ ਦਿੱਤਾ ਜਾਂਦਾ ਤਾਂ ਸ਼ਾਇਦ ਇੱਕ ਅੱਧ ਧੋਨੀ ਹੋਰ ਪੈਦਾ ਹੋ ਜਾਂਦਾ।

ਭਾਰਤ ਵਿਚ ਪਾਖੰਡਵਾਦ ਇੰਨਾ ਵਧ ਰਿਹਾ ਹੈ ਕਿ ਪਤਾ ਨਹੀਂ ਅੱਗੇ ਜਾ ਕੇ ਕੀ ਬਣੇਗਾ? ਨਵੇਂ-ਨਵੇਂ ਬਾਬੇ, ਤਾਂਤਰਿਕ, ਮਾਂਤਰਿਕ, ਜੋਤਸ਼ੀ, ਦੇਵੀਆਂ, ਦੇਵਤੇ ਪੈਦਾ ਹੋ ਰਹੇ ਹਨ। ਸਰਕਾਰੀ ਥਾਵਾਂ, ਪਾਰਕਾਂ, ਦਾਣਾ ਮੰਡੀਆਂ, ਸੜਕਾਂ ਅਤੇ ਖੇਡ ਗਰਾਊਂਡਾਂ ਉੱਤੇ ਧਰਮ ਦੇ ਨਾਮ 'ਤੇ ਕਬਜ਼ੇ ਕੀਤੇ ਜਾ ਰਹੇ ਹਨ। ਸੈਂਕੜੇ ਸਾਲਾਂ ਤੋਂ ਪ੍ਰਚਾਰਿਆ ਜਾ ਰਿਹਾ ਹੈ ਕਿ ਫਲਾਣੇ ਦੇਵਤੇ, ਦੇਵੀ, ਗੁਰੂ, ਸੰਤ ਅਤੇ ਭਗਤ ਆਦਿ ਨੇ ਪਿਛਲੇ ਜਨਮਾਂ ਵਿੱਚ ਹਿਮਾਲੀਆ ਪਰਬਤ ਦੀ ਫਲਾਣੀ ਚੋਟੀ ਉੱਤੇ ਤਪੱਸਿਆ ਕੀਤੀ ਸੀ, ਜਦਕਿ ਸੰਸਾਰ ਦੇ ਹੋਰ ਮਹਾਂਦੀਪਾਂ ਵਿਚ ਵੀ ਕਈ ਬਹੁਤ ਖ਼ੂਬਸੂਰਤ ਅਤੇ ਸ਼ਾਂਤ ਕਿਸਮ ਦੀਆਂ ਪਰਬਤ ਚੋਟੀਆਂ ਹਨ। ਉਹਨਾਂ ਨੇ ਤਪੱਸਿਆ ਕਰਨ ਲਈ ਭਾਰਤ ਦੇ ਪਰਬਤ ਹੀ ਕਿਉਂ ਚੁਣੇ? ਕੈਲਗਰੀ (ਕੈਨੇਡਾ) ਲਾਗੇ ਸੈਵਨ ਸਿਸਟਰਜ਼ ਨਾਮਕ ਸੱਤ ਪਹਾੜ ਹਨ ਜੋ ਦੂਰੋਂ ਬਿਲਕੁਲ ਅਲੱਗ ਹੀ ਦਿਸਦੇ ਹਨ। ਉਹ ਵੀ ਸਪਤ ਸ੍ਰਿੰਗ ਹੋ ਸਕਦੇ ਹਨ।

ਭਾਰਤ ਦੇ ਲੋਕ ਜਦੋਂ ਮ੍ਰਿਤਕ ਦੇ ਫੁੱਲ ਪਾਉਣ ਲਈ ਹਰਿਦੁਆਰ-ਕੀਰਤਪੁਰ ਸਾਹਿਬ ਜਾਂਦੇ ਹਨ ਤਾਂ ਕਾਰ ਦੀ ਇੱਕ ਸੀਟ ਖਾਲੀ ਰੱਖੀ ਜਾਂਦੀ ਹੈ। ਜੇ ਬੱਸ ਵਿਚ ਜਾਣ ਤਾਂ ਇੱਕ ਟਿਕਟ ਵੱਧ ਲਈ ਜਾਂਦੀ ਹੈ ਕਿ ਮਰਨ ਵਾਲੇ ਦੀ ਆਤਮਾ ਨਾਲ ਸਫਰ ਕਰ ਰਹੀ ਹੈ। ਪਰ ਜਦੋਂ ਕਿਸੇ ਮ੍ਰਿਤਕ ਦੇ ਫੁੱਲ ਕੈਨੇਡਾ, ਅਮਰੀਕਾ ਜਾਂ ਯੂਰਪ ਤੋਂ ਆਉਂਦੇ ਹਨ ਤਾਂ ਉਸ ਵੇਲੇ ਹਵਾਈ ਜਾਹਾਜ਼ ਦੀ ਸੀਟ ਖਾਲੀ ਨਹੀਂ ਰੱਖੀ ਜਾਂਦੀ, ਕਿਉਂਕਿ ਟਿਕਟ ਲੱਖ ਰੁਪਏ ਦੀ ਆਉਂਦੀ ਹੈ। ਮਰਨ ਵਾਲੇ ਦਾ ਸਨਮਾਨ ਪੈਸੇ ਨਾਲ ਤੋਲਿਆ ਜਾਂਦਾ ਹੈ। ਦੇਸ਼ ਦੀ ਹਰ ਸਮੱਸਿਆ ਦਾ ਹੱਲ ਅਲੌਕਿਕ ਸ਼ਕਤੀਆਂ ਨਾਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇ ਨਦੀ ਵਿੱਚ ਹੜ੍ਹ ਆ ਜਾਵੇ ਤਾਂ ਉਸ ਵਿਚ ਚੂੜੀਆਂ ਅਤੇ ਨੱਥ ਸੁੱਟੀ ਜਾਂਦੀ ਹੈ ਤੇ ਇਸ ਨਾਲ ਪਾਣੀ ਉਤਰ ਜਾਣ ਦਾ ਦਾਅਵਾ ਕੀਤਾ ਜਾਂਦਾ ਹੈ।

ਭਾਰਤ ਰੂੜੀਵਾਦੀ ਪ੍ਰੰਪਰਾਵਾਂ ਵਿਚ ਇੰਨਾ ਡੂੰਘਾ ਧਸ ਗਿਆ ਹੈ ਕਿ ਬਾਹਰ ਨਿਕਲਣਾ ਮੁਸ਼ਕਿਲ ਹੋ ਗਿਆ ਹੈ। ਜੇ ਕੋਈ ਇਹਨਾਂ ਪ੍ਰੰਪਰਾਵਾਂ ਦਾ ਵਿਰੋਧ ਕਰਦਾ ਹੈ ਤਾਂ ਉਸ ਨੂੰ ਤਰਕਸ਼ੀਲ ਨਰਿੰਦਰ ਦਾਭੋਲਕਰ, ਗੋਵਿੰਦ ਪਨਸਾਰੇ ਅਤੇ ਐੱਮ.ਐੱਮ. ਕਲਬੁਰਗੀ ਵਾਂਗ ਕਤਲ ਤਕ ਕਰ ਦਿੱਤਾ ਜਾਂਦਾ ਹੈ। ਸਕੂਲਾਂ ਦੀਆਂ ਇਮਾਰਤਾਂ ਟੁੱਟੀਆਂ ਪਈਆਂ ਹਨ, ਪੱਖੇ, ਬਲਬ, ਬਾਥਰੂਮ ਅਤੇ ਪਾਣੀ ਦਾ ਕੋਈ ਪ੍ਰਬੰਧ ਨਹੀਂ ਪਰ ਧਰਮ ਸਥਾਨਾਂ 'ਤੇ ਮਾਰਬਲ ਚੇਪਿਆ ਜਾ ਰਿਹਾ ਹੈ। ਬੇਹਿਸਾਬੇ ਪੱਖੇ, ਵਾਟਰ ਕੂਲਰ ਅਤੇ ਏਸੀ. ਲਗਾਏ ਗਏ ਹਨ। ਸਰਕਾਰੀ ਸਕੂਲਾਂ ਵਿਚ ਮਾਸਟਰ ਨਹੀਂ ਪਰ ਧਰਮ ਸਥਾਨਾਂ ਵਿਚ ਬਾਬਿਆਂ ਦੀਆਂ ਹੇੜ੍ਹਾਂ ਫਿਰਦੀਆਂ ਹਨ। ਮੁਸ਼ਟੰਡੇ ਸਾਧਾਂ ਨੂੰ ਕੈਬਨਿਟ ਮੰਤਰੀ ਦੇ ਅਹੁਦੇ ਨਾਲ ਨਿਵਾਜਿਆ ਜਾ ਰਿਹਾ ਹੈ। ਹਰ ਸਾਲ ਸੈਂਕੜੇ ਟਨ ਘਿਉ, ਚੰਦਨ, ਲੱਕੜ ਅਤੇ ਹੋਰ ਕੀਮਤੀ ਸਮੱਗਰੀ ਧਰਮ ਦੇ ਨਾਮ 'ਤੇ ਹਵਨਾਂ ਅਤੇ ਜੋਤਾਂ ਵਿਚ ਫੂਕ ਦਿੱਤੀ ਜਾਂਦੀ ਹੈ। ਇਹ ਸਿਰਫ ਭਾਰਤ ਦੇਸ਼ ਹੀ ਹੈ ਜਿੱਥੇ ਜੋਤਿਸ਼ ਨੂੰ ਵਿਗਿਆਨ ਮੰਨਿਆ ਜਾਂਦਾ ਹੈ।

ਪੱਛਮੀ ਦੇਸ਼ਾਂ ਦਾ ਅੱਗੇ ਲੰਘ ਜਾਣ ਦਾ ਕਾਰਨ ਸਿਰਫ ਇਹੀ ਹੈ ਕਿ ਉਹ ਮਿਹਨਤ ਕਰਨ ਵਿਚ ਵਿਸ਼ਵਾਸ ਰੱਖਦੇ ਹਨ ਤੇ ਭਾਰਤੀ ਹਰੇਕ ਕੰਮ ਵਿੱਚ ਦੈਵੀ ਮਦਦ ਭਾਲਦੇ ਹਨ। ਉਨ੍ਹਾਂ ਨੂੰ ਮਰਨ ਤੱਕ ਇਹ ਵਿਸ਼ਵਾਸ ਰਹਿੰਦਾ ਹੈ ਕਿ ਕੋਈ ਨਾ ਕੋਈ ਦੇਵੀ ਦੇਵਤਾ ਮਦਦ ਲਈ ਜ਼ਰੂਰ ਹੀ ਪਰਗਟ ਹੋਵੇਗਾ। ਇਸ ਵਿਸ਼ਵਾਸ, ਪੂਜਾ ਪਾਠ, ਧਰਮ ਅਸਥਾਨ ਬਣਾਉਣ, ਨਰ ਅਤੇ ਪਸ਼ੂ ਬਲੀਆਂ ਦੇਣ ਅਤੇ ਕਰੋੜਾਂ ਰੁਪਿਆਂ ਦਾ ਚੜ੍ਹਾਵਾ ਚੜ੍ਹਾਉਣ ਦੇ ਬਾਵਜੂਦ ਹਜ਼ਾਰਾਂ ਸਾਲਾਂ ਤੋਂ, ਨਾ ਕੋਈ ਦੇਵੀ ਦੇਵਤਾ ਮਦਦ ਲਈ ਆਇਆ ਤੇ ਨਾ ਹੀ ਕਿਸੇ ਨੇ ਆਉਣਾ ਹੈ। ਜੋ ਕਰਨਾ ਹੈ, ਉਹ ਇਨਸਾਨ ਨੇ ਖ਼ੁਦ ਕਰਨਾ ਹੈ।

**-ਬਲਰਾਜ ਸਿੰਘ ਸਿੱਧੂ**
ਸੀਨੀਅਰ ਪੁਲੀਸ ਅਧਿਕਾਰੀ

## ਪੰਜਾਬੀ ਦਾ ਮੌਲਿਕ ਚਿੰਤਨ

ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ ਸਾਹਿਬਾਨ ਤੇ ਸੂਫ਼ੀ ਸ਼ਾਇਰਾਂ (ਸੁਲਤਾਨ ਬਾਹੂ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਆਦਿ) ਤੋਂ ਬਾਅਦ ਪੰਜਾਬੀ ਚਿੰਤਨ ਦੇ ਇਤਿਹਾਸ ਵਿਚ ਡੂੰਘੇ ਖੱਪੇ ਦਿਖਾਈ ਦਿੰਦੇ ਹਨ। ਵੀਹਵੀਂ ਸਦੀ ਤਕ ਵਾਰਤਕ ਗੰਭੀਰ ਚਿੰਤਨ ਦਾ ਮਾਧਿਅਮ ਨਹੀਂ ਬਣਦੀ। ਪੰਜਾਬੀ ਵਿਚ ਚਿੰਤਨ ਪਰੰਪਰਾ ਦੀ ਆਜ਼ਾਦਾਨਾ ਹੋਂਦ ਕਾਇਮ ਨਹੀਂ ਹੁੰਦੀ ਅਤੇ ਇਹ ਜ਼ਿੰਮੇਵਾਰੀ ਪੰਜਾਬੀ ਸਾਹਿਤ ਦੇ ਆਲੋਚਕਾਂ, ਸ਼ਾਇਰਾਂ, ਨਾਵਲਕਾਰਾਂ ਤੇ ਵਾਰਤਕ ਲੇਖਕਾਂ ਦੇ ਹਿੱਸੇ ਆਉਂਦੀ ਹੈ। ਵੀਹਵੀਂ ਤੇ ਇੱਕੀਵੀਂ ਸਦੀ ਵਿਚ ਵੀ ਪੰਜਾਬੀ ਵਿਚ ਕੋਈ ਅਜਿਹਾ ਮੌਲਿਕ ਚਿੰਤਕ ਪੈਦਾ ਨਹੀਂ ਹੋਇਆ ਜੋ ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਨ ਦੇ ਨਾਲ ਨਾਲ ਵਿਸ਼ਵ-ਚਿੰਤਨ ਨਾਲ ਦੋ ਚਾਰ ਹੁੰਦਾ ਹੋਇਆ ਮੌਲਿਕ ਚਿੰਤਨ ਵੱਲ ਵਧ ਸਕਦਾ।

ਜਿਹੜੇ ਮਹਾਂਪੁਰਖਾਂ ਦੇ ਚਿੰਤਨ ਦਾ ਉਕਤ ਕਾਲਮ ਵਿਚ ਜ਼ਿਕਰ ਆਇਆ ਹੈ (ਨਾਨਕ, ਬੁੱਲ੍ਹਾ, ਕਬੀਰ ਸਮੇਤ) ਉਨ੍ਹਾਂ ਨੇ ਸੱਚਮੁੱਚ ਖੜੋਤੇ ਪਾਣੀਆਂ 'ਚ ਢੀਮ ਮਾਰੀ ਸੀ, ਇਕ ਜਮੂਦ ਤੋੜਨ ਦੀ ਜੁਅਰੱਤ ਕੀਤੀ ਸੀ; ਉਨ੍ਹਾਂ ਆਪੋ ਆਪਣੇ ਸਮੇਂ ਮੁਤਾਬਿਕ ਬੜਾ ਮਹਾਨ ਕੰਮ ਕੀਤਾ। ਸਾਹਿਤ ਦੋ ਤਰ੍ਹਾਂ ਦੀ ਗੱਲ ਕਰ ਸਕਦਾ ਹੈ- ਇਕ ਲੋਕਾਂ ਦੀ ਪਸੰਦ ਤੇ ਦੂਜਾ ਵਿਕਾਸਮੁਖੀ ਕਲਿਆਣਕਾਰੀ ਨਿਵੇਕਲੀ ਗੱਲ। ਲੋਕਾਂ ਦੀ ਪਸੰਦ ਦੀ ਕਲਾ ਨੂੰ ਪ੍ਰਵਾਨਗੀ ਤੇ ਸ਼ੁਹਰਤ ਛੇਤੀ ਮਿਲ ਜਾਂਦੀ ਹੈ; ਲੱਚਰ ਗੀਤ ਗਾਇਆਂ ਤੇ ਲੱਚਰ ਬਾਤਾਂ ਲਿਖਿਆਂ ਛੇਤੀ ਹੀ 'ਧੰਨ ਧੰਨ' ਹੋ ਜਾਂਦੀ ਹੈ। ਨਵੀਂ ਨਿਵੇਕਲੀ ਗੱਲ ਜੀਵਨ ਲਈ ਲਾਹੇਵੰਦ ਹੋ ਸਕਦੀ ਹੈ, ਪਰ ਉਹਨੂੰ ਸਮਝਣਾ, ਸੋਚਣਾ, ਮੰਨਣਾ, ਅਪਣਾਉਣਾ ਜ਼ਰਾ ਔਖਾ ਕੰਮ ਹੁੰਦਾ ਹੈ। 'ਵਿਰਲੇ ਕੇਈ ਕੇਇ' ਏਧਰ ਤੁਰਦੇ ਹਨ।

**-ਧਿਆਨ ਸਿੰਘ ਸ਼ਾਹ ਸਿਕੰਦਰ**

## ਅਤਿ ਕੇਂਦਰੀਕਰਨ ਦੇ ਦੌਰ 'ਚ ਸਿਆਸਤ ਦਾ ਭਵਿੱਖ

ਇੰਦਰਾ ਗਾਂਧੀ ਦੇ 'ਕੇਂਦਰੀਕਰਨ' ਦਾ ਜਵਾਬ ਮੋਦੀ-ਅਮਿਤ ਸ਼ਾਹ ਦਾ 'ਅਤਿ ਕੇਂਦਰੀਕਰਨ' ਹੈ। ਰਾਜੀਵ ਗਾਂਧੀ ਦੇ 'ਸੌਫਟ ਹਿੰਦੂਤਵ' ਕਾਰਡ ਦਾ ਜਵਾਬ ਮੋਦੀ-ਸ਼ਾਹ ਦਾ 'ਹਾਰਡ ਹਿੰਦੂਤਵ' ਹੈ? ਕੀ ਇਤਿਹਾਸ ਦੀ ਸਿਆਸੀ ਖੇਡ ਦੇ ਖਮਿਆਜ਼ੇ ਭਵਿੱਖ ਨੂੰ ਭੁਗਤਣੇ ਪੈ ਰਹੇ ਹਨ ਤੇ ਪੈਣਗੇ? ਉਂਜ ਵੀ ਇਤਿਹਾਸ ਤੋਂ ਖੱਬੀ ਤੇ ਸੱਜੀ ਵਿਚਾਰਧਾਰਾ ਕੇਂਦਰੀਕਰਨ ਨੂੰ ਵੱਡਾ ਹਥਿਆਰ ਮੰਨਦੀ ਰਹੀ ਹੈ। ਜੇ ਖੱਬੇਪੱਖੀ ਜਾਂ ਕਿਸੇ ਹੋਰ ਬਦਲਵੀਂ ਧਾਰਾ ਕੋਲ ਵੀ ਵਿਕੇਂਦਰੀਕਰਨ ਦਾ ਕੋਈ ਅਮਲੀ ਮਾਡਲ ਨਹੀਂ ਹੋਵੇਗਾ ਤਾਂ ਅਤਿ-ਸੱਜੀ ਸਿਆਸਤ ਲਈ ਵਿਆਖਿਆ ਕਰਨੀ ਬੇਹੱਦ ਸੌਖੀ ਹੈ। ਸਿਆਸਤ 'ਚ ਆਲੋਚਨਾ ਜ਼ਰੂਰੀ ਹੈ ਪਰ ਸਿਰਫ਼ ਨਾਂਹ-ਪੱਖੀ ਆਲੋਚਨਾ ਕਰਨ ਵਾਲਿਆਂ ਨੂੰ ਇਮਾਨਦਾਰ ਸਵੈ-ਆਲੋਚਨਾ ਤੇ ਅਮਲੀ ਬਦਲ ਦੇਣ ਦੀ ਵੀ ਜ਼ਰੂਰਤ ਹੈ।

ਹੁਣ ਅਗਲਾ ਸਵਾਲ ਇਹ ਹੈ ਕਿ ਕੀ ਦੇਸ਼ 'ਚ ਅਗਲੀ ਸਿਆਸਤ ਇਸੇ ਤਰੀਕੇ ਹੀ ਅੱਗੇ ਵਧੇਗੀ? ਕੀ ਹਰ ਦਲ ਭਾਜਪਾ ਦੇ ਸਿਆਸੀ ਕੌਕਟੇਲ 'ਚੋਂ ਹੀ ਕੋਈ ਰਾਹ ਲੱਭੇਗਾ ਜਾਂ ਇਸ ਸਿਆਸਤ ਦੀ ਕਾਟ ਕਰਦਾ ਨਵਾਂ ਮਾਡਲ ਜਾਂ ਨਜ਼ਰੀਆ ਵੀ ਕੋਈ ਪੇਸ਼ ਕਰ ਸਕਦਾ ਹੈ? ਵੱਡੇ ਪੱਧਰ 'ਤੇ ਪਾਰਟੀਆਂ 'ਚ ਨਵੇਂ ਰਾਹ ਲੱਭਣ ਦੇ ਮੰਥਨ ਸ਼ੁਰੂ ਹੋ ਚੁੱਕੇ ਹਨ।

ਪੰਜਾਬ ਦੇ ਸੰਦਰਭ 'ਚ ਇਸ ਨੂੰ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ। ਚੋਣ ਨਤੀਜਿਆਂ ਤੋਂ ਤੁਰੰਤ ਬਾਅਦ ਭਾਜਪਾ ਦੀ ਲੀਡਰਸ਼ਿਪ ਨੇ ਸੀਟਾਂ ਵਧਾਉਣ ਦੀ ਮੰਗ ਕੀਤੀ ਤਾਂ ਦੂਜੇ ਪਾਸੇ ਭਾਜਪਾ ਖ਼ਿਲਾਫ ਜਵਾਬੀ ਰਾਜਨੀਤੀ ਕਰਨ ਲਈ ਅਕਾਲੀ ਦਲ 'ਚ ਕੋਰ ਕਮੇਟੀ ਮੀਟਿੰਗਾਂ ਦੇ ਮੈਰਾਥਨ ਦੌਰ ਚੱਲੇ। ਫ਼ਿਕਰਮੰਦੀ ਮੋਦੀ ਤੇ ਭਾਜਪਾ ਦਾ ਵਧਦਾ ਪ੍ਰਭਾਵ ਸੀ। 'ਮੋਦੀ-ਮੋਦੀ' ਦੇ ਨਾਅਰੇ ਦਾ ਬਦਲ 'ਸੁਖਬੀਰ ਬਾਦਲ ਜ਼ਿੰਦਾਬਾਦ' ਲੱਭਿਆ ਗਿਆ। ਜੇ ਹਰਿਆਣਾ 'ਚ ਭਾਜਪਾ ਸਿਰਫ਼ ਤਿੰਨ ਸੀਟਾਂ ਤੋਂ ਬਾਅਦ ਇਕੱਲੀ ਅਗਲੀ ਸਰਕਾਰ ਬਣਾ ਸਕਦੀ ਹੈ ਤਾਂ ਪੰਜਾਬ 'ਚ ਤਾਂ 5-5 ਕੈਬਨਿਟ ਮੰਤਰੀ ਰਹੇ ਹਨ। ਪੰਜਾਬ 'ਚ ਇਸ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਭਾਜਪਾ ਦੇ ਏਜੰਡੇ ਨੂੰ ਭਲੀ ਭਾਂਤ ਸਮਝ ਚੁੱਕਾ ਹੈ। ਸਿੱਖ ਚਿਹਰੇ ਤਾਂ ਅਕਾਲੀ ਦਲ ਦੀ ਕੋਰ ਕਮੇਟੀ ਤਕ 'ਚੋਂ ਭਾਜਪਾ ਨਾਲ ਖੜ੍ਹੇ ਹੋਣ ਨੂੰ ਤਿਆਰ ਹਨ ਤੇ ਪੰਜਾਬ ਦੀ ਸਿਆਸਤ ਨੂੰ ਪ੍ਰਭਾਵਿਤ ਕਰਨ ਵਾਲੇ ਡੇਰੇ ਸਿੱਧੇ-ਅਸਿੱਧੇ ਤਰੀਕੇ ਨਾਲ ਕੇਂਦਰੀ ਏਜੰਸੀਆਂ ਤੇ ਭਾਜਪਾ ਦੇ ਸੰਪਰਕ 'ਚ ਪਹਿਲਾਂ ਹੀ ਹਨ।

ਸ਼ੁਰੂਆਤ ਤੋਂ ਹੀ ਭਾਜਪਾ ਨਾਲ ਨਹੁੰ-ਮਾਸ ਦਾ ਰਿਸ਼ਤਾ ਹੋਣ ਦਾ ਦਾਅਵਾ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਨਵੇਂ ਸਿਰਿਓਂ ਬੂਥ ਪੱਧਰ ਦੀ ਹਿੱਸੇਦਾਰੀ ਦੀ ਰਣਨੀਤੀ ਘੜਨੀ ਸ਼ੁਰੂ ਕੀਤੀ ਹੈ। ਲੰਮੇ ਸਮੇਂ ਬਾਅਦ ਸੁਖਬੀਰ ਸਿੰਘ ਬਾਦਲ ਵੱਲੋਂ ਇੰਦਰਾ ਗਾਂਧੀ ਦੀ ਐਮਰਜੈਂਸੀ 'ਤੇ ਵਿਸ਼ੇਸ਼ ਪ੍ਰੈੱਸ ਕਾਨਫਰੰਸ ਕਰਨਾ ਸ਼ਾਨਾਮਤੀ ਸੰਘਰਸ਼ਮਈ ਸਿਆਸਤ ਨੂੰ ਨਵੀਂ ਪੀੜ੍ਹੀ ਦੇ ਮਨਾਂ 'ਚ ਉਕੇਰਨ ਤੇ ਪੁਨਰ ਸੁਰਜੀਤ ਕਰਨ ਵੱਲ ਕਦਮ ਹੈ।

ਜੇ ਭਾਜਪਾ ਸੰਨ 2022 'ਚ ਪੰਜਾਬ 'ਚ ਇਕੱਲਿਆਂ ਮੈਦਾਨ 'ਚ ਉਤਰਦੀ ਹੈ ਤਾਂ ਅਕਾਲੀ ਦਲ ਦਾ 'ਸਿਆਸੀ ਬਲੂ ਪ੍ਰਿੰਟ' ਤਿਆਰ ਹੈ, ਪਰ ਸਵਾਲ ਇਹ ਹੈ ਕਿ ਕੀ 'ਹਿੰਦੂ ਧਰੁਵੀਕਰਨ' ਦਾ ਬਦਲ 'ਸਿੱਖ ਧਰੁਵੀਕਰਨ' ਦੀ ਸਿਆਸਤ ਹੈ? ਕੀ ਅਤਿ ਕੇਂਦਰੀਕਰਨ ਦਾ ਜਵਾਬ ਨਵ-ਕੇਂਦਰੀਕਰਨ ਜਾਂ ਨਵ ਖੇਤਰਵਾਦ ਹੈ? ਕੀ ਇਹ ਦੋਵੇਂ ਭਾਜਪਾ ਦੀ ਸਿਆਸਤ ਤੋਂ ਤਿੱਖੇ ਤੇ ਅਗਾਂਹ ਹੋਣੇ ਚਾਹੀਦੇ ਹਨ ਜਾਂ ਇਤਿਹਾਸ ਦੀ ਸੰਘਰਸ਼ਮਈ ਵਿਰਾਸਤ ਹੀ ਖੇਤਰੀ ਪਾਰਟੀਆਂ ਨੂੰ ਪਾਰ ਲੰਘਾਏਗੀ?

ਇਨ੍ਹਾਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਹਨੇਰੀ 'ਚ ਹੀ ਸਭ ਤੋਂ ਵੱਡੀ ਉਦਾਹਰਨ ਆਧਰਾਂ ਪ੍ਰਦੇਸ਼ 'ਚ ਜਗਨ ਮੋਹਨ ਰੈਡੀ ਦੀ ਸੰਘਰਸ਼ਮਈ ਸਿਆਸਤ ਨੇ ਪੇਸ਼ ਕੀਤੀ ਹੈ। ਰੈਡੀ ਨੇ ਆਂਧਰਾ 'ਚੋਂ ਭਾਜਪਾਈ ਤੇ ਕਾਂਗਰਸੀ ਬਿਸਤਰਾ ਗੋਲ ਕਰਕੇ ਦਿੱਲੀ ਭੇਜ ਦਿੱਤੇ। ਕਿਸੇ ਦੌਰ 'ਚ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਵੀ ਸੰਘਰਸ਼ ਦੀ ਇਸੇ ਜ਼ਮੀਨ 'ਤੇ ਖੜ੍ਹ ਕੇ ਰਾਜਨੀਤੀ ਕਰਦਾ ਸੀ, ਪਰ ਸੱਤਾ ਸੁੱਖ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਹ ਸਭ ਤੋਂ ਪਹਿਲਾਂ ਸਿਆਸਤ ਨੂੰ ਸੰਘਰਸ਼ ਤੋਂ ਤੋੜਦਾ ਹੈ। ਅਰਵਿੰਦ ਕੇਜਰੀਵਾਲ ਇਸ ਦੀ ਸਭ ਤੋਂ ਵੱਡੀ ਉਦਾਹਰਨ ਹੈ। ਸੱਤਾ ਮਿਲਦਿਆਂ ਦੀ ਸੰਘਰਸ਼ ਦੀ ਜ਼ਮੀਨ ਛੱਡ ਚੁੱਕੇ ਤੇ ਹੁਣ ਇਕ ਵਾਰ ਫਿਰ ਮੋਦੀ ਦਾ ਡਰ ਤੇ ਚੋਣਾਂ ਕੇਜਰੀਵਾਲ ਨੂੰ ਜਗਨ ਮੋਹਨ ਰੈਡੀ ਵਰਗੀ 'ਪਦ ਯਾਤਰਾ' 'ਤੇ ਲੈ ਆਈਆਂ। ਚੋਣਾਂ ਸਮੇਂ ਹੀ ਅਕਾਲੀ ਦਲ ਵੀ ਆਨੰਦਪੁਰ ਸਾਹਿਬ ਦੇ ਮਤੇ ਤੇ ਅੰਮ੍ਰਿਤਸਰ ਐਲਾਨਨਾਮੇ ਦੀਆਂ ਕੁਝ ਮੰਗਾਂ ਨੂੰ ਬਿਆਨਬਾਜ਼ੀ ਜ਼ਰੀਏ ਉਠਾਉਣਾ ਸ਼ੁਰੂ ਕਰ ਦਿੰਦਾ ਹੈ। ਇਹ ਵਕਤੀ ਸੰਘਰਸ਼ ਤੇ ਵਕਤੀ ਮੁੱਦੇ ਯਾਤਰਾਵਾਂ ਕੇਜਰੀਵਾਲ ਜਾਂ ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਦਰਿਆ 'ਚੋਂ ਪਾਰ ਨਹੀਂ ਲੰਘਾ ਸਕਦੀਆਂ।

ਲੋਕਤੰਤਰ ਖੜੋਤ ਦਾ ਵਰਤਾਰਾ ਨਹੀਂ ਹੈ। ਇਹ ਹਰ ਸਮੇਂ, ਹਰ ਦਿਨ ਨਵੇਂ ਤਰੀਕੇ ਨਾਲ ਢਹਿੰਦਾ ਤੇ ਵਿਗਸਦਾ ਹੈ। ਦੁਨੀਆਂ ਭਰ ਦੀਆਂ ਲੋਕਤੰਤਰੀ ਵਿਵਸਥਾਵਾਂ 'ਚ ਬਹੁਤ ਸਾਰੇ ਵਕਤੀ ਵਰਤਾਰੇ ਰਹੇ ਹਨ ਜੋ ਅੰਤਿਮ ਸੱਚ ਨਹੀਂ ਬਣ ਸਕੇ। ਹੁਣ ਸਵਾਲ ਇਹੀ ਹੈ ਕਿ ਕੀ 'ਸਭ ਦਾ ਵਿਸ਼ਵਾਸ' ਨਾਅਰਾ ਅਸਲੀ ਤੇ ਅਮਲੀ ਵਿਸ਼ਵਾਸ ਬਣ ਸਕੇਗਾ? ਜੇ ਨਹੀਂ ਬਣਦਾ ਤਾਂ ਭਾਰਤੀ ਉੱਪ ਮਹਾਂਦੀਪ 'ਚ ਹਾਸ਼ੀਏ 'ਤੇ ਪਏ ਵੱਖ ਵੱਖ ਸਮਾਜ ਆਪਣਾ ਕੀ ਸਿਆਸੀ ਰਾਹ ਲੱਭਣਗੇ? ਖੱਬੀ, ਖੇਤਰਵਾਦੀ ਤੇ ਵੱਖ ਵੱਖ ਜਾਤਾਂ ਧਰਮਾਂ ਦੀ ਪ੍ਰਤੀਨਿਧਤਾ ਕਰਦੀ ਸਿਆਸਤ ਦਾ ਹਾਸ਼ੀਏ 'ਤੇ ਜਾਣਾ ਭਾਰਤ ਜਿਹੇ ਵਿਭਿੰਨਤਾ ਭਰਪੂਰ ਲੋਕਤੰਤਰ ਲਈ ਸ਼ਗਨ ਨਹੀਂ ਹੈ। ਮੌਕੇ ਹੀ ਸੰਕਟ ਪੈਦਾ ਕਰਦੇ ਹਨ ਤੇ ਨਵੇਂ ਸੰਕਟ ਸਿਆਸੀ ਧਰਾਤਲ 'ਤੇ ਦਸਤਕ ਦੇਣ ਲਈ ਤਿਆਰ ਖੜ੍ਹੇ ਹਨ।

ਲੋਕਤੰਤਰ ਤੇ ਸਿਆਸਤ ਦਾ ਆਖ਼ਰੀ ਸੱਚ ਨਾ ਚੋਣਾਂ ਹਨ ਤੇ ਨਾ ਚੋਣਾਂ ਦੀ ਜਿੱਤ ਹੈ। ਇਸ ਲਈ ਚੋਣਾਂ ਤੋਂ ਬਾਹਰ ਵਿਚਰਦੀ ਆਰਥਿਕਤਾ, ਕੌਮੀਅਤ, ਘੱਟ ਗਿਣਤੀਆਂ, ਜਲ, ਜੰਗਲ, ਜ਼ਮੀਨ ਦੇ ਸਵਾਲ 'ਤੇ ਵੱਖ-ਵੱਖ ਜਾਤੀ ਧਰੁਵਕੀਰਨ ਦੀ ਸਿਆਸਤ ਕਿੱਧਰ ਨੂੰ ਜਾਵੇਗੀ? ਅਤਿ-ਕੇਂਦਰੀਕਰਨ ਦੇ ਦੌਰ 'ਚ ਭਵਿੱਖ ਦੀ ਰਾਜਨੀਤੀ 'ਚ ਸਭ ਤੋਂ ਵੱਡਾ ਸਵਾਲ ਇਹੀ ਹੈ ਕਿ ਖੇਤਰੀ ਤੇ ਜਾਤੀ ਪ੍ਰਤੀਨਿਧਤਾ ਕਰਦੇ ਸਿਆਸੀ ਖਿਡਾਰੀ ਦੀ ਜ਼ਮੀਨ ਸੰਘਰਸ਼ ਹੋਵੇਗਾ ਜਾਂ ਨਹੀਂ? ਸੰਘਰਸ਼ ਤੋਂ ਬਿਨਾਂ ਕੋਈ ਰਾਹ ਬਚਦਾ ਨਹੀਂ ਹੈ। ਲੋਕਤੰਤਰ ਸੰਘਰਸ਼ ਹੈ ਤੇ ਇਹ ਸੰਘਰਸ਼ ਦੇ ਆਸਰੇ ਹੀ ਬਦਲਦਾ ਤੇ ਮਜ਼ਬੂਤ ਹੁੰਦਾ ਹੈ।

**-ਯਾਦਵਿੰਦਰ ਕਰਫਿਊ**

## ਨਿਰਾਸ਼ਾ ਦਾ ਮਾਹੌਲ ਹੈ ਕਾਂਗਰਸ 'ਚ

ਕਰਨਾਟਕ ਵਿਚ ਹੁਕਮਰਾਨ ਗੱਠਜੋੜ ਦਾ ਸੰਕਟ ਖ਼ਤਮ ਹੋਣ ਦਾ ਨਾਂ ਨਹੀਂ ਲੈ ਰਿਹਾ ਹੈ। ਹੁਣ ਨਜ਼ਰਾਂ ਸੁਪਰੀਮ ਕੋਰਟ ਦੇ ਉਸ ਫ਼ੈਸਲੇ 'ਤੇ ਹਨ ਜੋ ਉਸ ਨੂੰ ਕਾਂਗਰਸ ਅਤੇ ਜਨਤਾ ਦਲ-ਐੱਸ ਵਿਧਾਇਕਾਂ ਦੇ ਅਸਤੀਫ਼ੇ ਅਤੇ ਕਰਨਾਟਕ ਵਿਧਾਨ ਸਭਾ ਦੇ ਸਪੀਕਰ ਦੇ ਵਤੀਰੇ ਸਬੰਧੀ ਦੇਣਾ ਹੈ। ਸੁਪਰੀਮ ਕੋਰਟ ਦਾ ਫ਼ੈਸਲਾ ਕੁਝ ਵੀ ਹੋਵੇ, ਇਸ ਵਿਚ ਸ਼ੱਕ ਹੈ ਕਿ ਕਰਨਾਟਕ ਸਰਕਾਰ ਨੂੰ ਕੋਈ ਵੱਡੀ ਰਾਹਤ ਮਿਲਣ ਵਾਲੀ ਹੈ ਕਿਉਂਕਿ ਅਸਤੀਫ਼ਾ ਦੇਣ ਵਾਲੇ ਜਨਤਾ ਦਲ-ਐੱਸ ਅਤੇ ਕਾਂਗਰਸ ਦੇ ਬਾਗੀ ਵਿਧਾਇਕ ਆਪਣੇ ਫ਼ੈਸਲੇ 'ਤੇ ਅੜੇ ਹੋਏ ਹਨ। ਹਾਲੇ ਤਕ ਜਿਨ੍ਹਾਂ 16 ਵਿਧਾਇਕਾਂ ਨੇ ਅਸਤੀਫ਼ੇ ਦਿੱਤੇ ਹਨ, ਉਨ੍ਹਾਂ ਵਿਚ 13 ਕਾਂਗਰਸ ਦੇ ਹਨ। ਦੋ ਆਜ਼ਾਦ ਵਿਧਾਇਕਾਂ ਨੇ ਵੀ ਸਰਕਾਰ ਤੋਂ ਹਮਾਇਤ ਵਾਪਸ ਲੈ ਲਈ ਹੈ। ਕਾਂਗਰਸ ਦੀ ਲੀਡਰਸ਼ਿਪ ਨੂੰ ਇਸ ਤੋਂ ਚਿੰਤਤ ਹੋਣਾ ਚਾਹੀਦਾ ਹੈ ਕਿ ਅਸਤੀਫ਼ਾ ਦੇਣ ਵਾਲੇ ਜ਼ਿਆਦਾਤਰ ਵਿਧਾਇਕ ਉਸ ਦੇ ਹੀ ਹਨ। ਇਹ ਅਜੀਬੋ-ਗ਼ਰੀਬ ਹੈ ਕਿ ਕਾਂਗਰਸੀ ਨੇਤਾ ਕਰਨਾਟਕ ਤੇ ਗੋਆ ਦੇ ਘਟਨਾਚੱਕਰ ਨੂੰ ਲੈ ਕੇ ਭਾਜਪਾ ਵਿਰੁੱਧ ਸੰਸਦ ਵਿਚ ਧਰਨਾ-ਪ੍ਰਦਰਸ਼ਨ ਕਰਨ ਵਿਚ ਲੱਗੇ ਹੋਏ ਹਨ। ਕਾਂਗਰਸ ਦੀ ਭਾਜਪਾ ਤੋਂ ਸ਼ਿਕਾਇਤ ਸਮਝ ਆਉਂਦੀ ਹੈ ਪਰ ਆਖਰ ਇਸ ਸੱਚ ਦੀ ਅਣਦੇਖੀ ਕਿੱਦਾਂ ਕੀਤੀ ਜਾ ਸਕਦੀ ਹੈ ਕਿ ਉਸ ਦੇ ਆਪਣੇ ਹੀ ਵਿਧਾਇਕ ਪਾਰਟੀ ਛੱਡਣ 'ਤੇ ਉਤਾਰੂ ਹਨ? ਕਾਂਗਰਸ ਲਈ ਇਹ ਕਿਸੇ ਫੱਟ ਤੋਂ ਘੱਟ ਨਹੀਂ ਕਿਉਂਕਿ ਕਰਨਾਟਕ ਦਾ ਸੰਕਟ ਸੁਲਝਣ ਤੋਂ ਪਹਿਲਾਂ ਹੀ ਗੋਆ ਵਿਚ ਉਸ ਦੇ ਵਿਧਾਇਕਾਂ ਨੇ ਬਗਾਵਤ ਕਰ ਦਿੱਤੀ। ਗੋਆ ਦੇ 15 ਵਿਚੋਂ 10 ਵਿਧਾਇਕ ਭਾਜਪਾ ਨਾਲ ਜਾ ਮਿਲੇ। ਹੁਣ ਉਨ੍ਹਾਂ 'ਚੋਂ ਕੁਝ ਸਰਕਾਰ ਵਿਚ ਸ਼ਾਮਲ ਵੀ ਹੋ ਗਏ ਹਨ। ਗੋਆ ਦਾ ਘਟਨਾਚੱਕਰ ਕਾਂਗਰਸ ਲਈ ਨਵਾਂ ਝਟਕਾ ਹੈ ਪਰ ਅਜਿਹੇ ਝਟਕੇ ਉਸ ਨੂੰ ਲੱਗਦੇ ਹੀ ਚਲੇ ਜਾ ਰਹੇ ਹਨ। ਹਾਲੇ ਕੁਝ ਹੀ ਦਿਨ ਪਹਿਲਾਂ ਗੁਜਰਾਤ ਵਿਚ ਉਸ ਦੇ ਦੋ ਵਿਧਾਇਕਾਂ ਨੇ ਬਗਾਵਤ ਕਰ ਦਿੱਤੀ ਸੀ। ਬਗਾਵਤ ਦਾ ਇਹ ਸਿਲਸਿਲਾ ਕਿਤੇ ਨਾ ਕਿਤੇ ਕਾਂਗਰਸ ਦੀ ਲੀਡਰਸ਼ਿਪ ਦੀ ਕਮਜ਼ੋਰੀ ਨੂੰ ਹੀ ਬਿਆਨ ਕਰਦਾ ਹੈ।

ਲੋਕ ਸਭਾ ਚੋਣਾਂ ਵਿਚ ਕਰਾਰੀ ਹਾਰ ਮਗਰੋਂ ਕਾਂਗਰਸ ਜਿਸ ਤਰ੍ਹਾਂ ਲੀਡਰਸ਼ਿਪ ਦੇ ਸਵਾਲ 'ਤੇ ਉਲਝੀ ਹੋਈ ਹੈ, ਉਸ ਦਾ ਅਸਰ ਉਸ ਦੀਆਂ ਸੂਬਾਈ ਇਕਾਈਆਂ 'ਤੇ ਵੀ ਪੈ ਰਿਹਾ ਹੈ। ਕਾਂਗਰਸ ਨੂੰ ਇਹ ਸਮਝਣਾ ਹੋਵੇਗਾ ਕਿ ਲੀਡਰਸ਼ਿਪ ਨੂੰ ਲੈ ਕੇ ਭੰਬਲਭੂਸੇ ਦਾ ਜੋ ਦੌਰ ਜਾਰੀ ਹੈ, ਉਸ ਤੋਂ ਆਮ ਕਾਂਗਰਸੀ ਨੇਤਾ ਅਤੇ ਕਾਰਕੁਨ ਆਪਣੇ ਭਵਿੱਖ ਨੂੰ ਲੈ ਕੇ ਨਿਰਾਸ਼ਾ ਵਿਚ ਘਿਰ ਰਹੇ ਹਨ। ਹੈਰਾਨੀ ਨਹੀਂ ਕਿ ਇਸੇ ਕਾਰਨ ਪਹਿਲਾਂ ਕਰਨਾਟਕ ਦੇ ਕਾਂਗਰਸੀ ਵਿਧਾਇਕਾਂ ਨੇ ਪਾਰਟੀ ਨੂੰ ਛੱਡਣਾ ਬਿਹਤਰ ਸਮਝਿਆ ਹੋਵੇ ਅਤੇ ਫਿਰ ਗੋਆ ਦੇ ਕਾਂਗਰਸੀ ਵਿਧਾਇਕਾਂ ਨੇ। ਇਸ ਦੀ ਵੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਵੱਖ-ਵੱਖ ਸੂਬਿਆਂ ਵਿਚ ਕਾਂਗਰਸ ਵਿਚ ਉਥਲ-ਪੁਥਲ ਜਾਰੀ ਹੈ। ਕੁਝ ਸੂਬਿਆਂ ਵਿਚ ਤਾਂ ਕਾਂਗਰਸੀ ਨੇਤਾਵਾਂ ਦੀ ਆਪਸੀ ਖਿੱਚੋਤਾਣ ਪੂਰੀ ਤਰ੍ਹਾਂ ਖੁੱਲ੍ਹ ਕੇ ਬਾਹਰ ਆ ਗਈ ਹੈ। ਕਾਂਗਰਸ ਕੋਲ ਆਪਣੀਆਂ ਸੂਬਾਈ ਇਕਾਈਆਂ ਦੀ ਇਸ ਖਿੱਚੋਤਾਣ ਨੂੰ ਸੁਲਝਾਉਣ ਦੀ ਫੁਰਸਤ ਨਹੀਂ ਕਿਉਂਕਿ ਉਹ ਖ਼ੁਦ ਹੀ ਲੀਡਰਸ਼ਿਪ ਦੇ ਮਸਲੇ 'ਤੇ ਕਾਟੋ-ਕਲੇਸ਼ ਦੀ ਸ਼ਿਕਾਰ ਹੈ।

ਲੋਕ ਸਭਾ ਚੋਣਾਂ ਮਗਰੋਂ ਹੀ ਕਾਂਗਰਸ ਦੇ ਮੁਖੀ ਰਾਹੁਲ ਗਾਂਧੀ ਨੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਪ੍ਰਧਾਨਗੀ ਛੱਡਣੀ ਚਾਹੁੰਦੇ ਹਨ ਪਰ ਪਾਰਟੀ ਕਿਸੇ ਨਤੀਜੇ 'ਤੇ ਨਹੀਂ ਪੁੱਜ ਸਕੀ। ਲਗਪਗ ਇਕ ਮਹੀਨੇ ਬਾਅਦ ਰਾਹੁਲ ਗਾਂਧੀ ਨੇ ਅਸਤੀਫ਼ਾ ਦੇ ਆਪਣਾ ਇਰਾਦਾ ਹੋਰ ਜ਼ਿਆਦਾ ਸਪੱਸ਼ਟ ਕਰ ਦਿੱਤਾ ਪਰ ਹਾਲੇ ਵੀ ਇਹ ਸਮਝਣਾ ਔਖਾ ਹੈ ਕਿ ਕਾਂਗਰਸ ਦੀ ਵਾਗਡੋਰ ਕੌਣ ਸੰਭਾਲੇਗਾ? ਪਾਰਟੀ ਦੀ ਅਗਵਾਈ ਦੇ ਮਸਲੇ ਨੂੰ ਲੈ ਕੇ ਕੋਈ ਆਮ ਸਹਿਮਤੀ ਬਣਦੀ ਦਿਖਾਈ ਨਹੀਂ ਦੇ ਰਹੀ ਹੈ। ਜੇ ਭੰਬਲਭੂਸੇ ਦਾ ਇਹ ਦੌਰ ਹੋਰ ਲੰਬਾ ਖਿੱਚਿਆ ਤਾਂ ਕਾਂਗਰਸ ਨੂੰ ਹੋਰ ਵੱਧ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਸ ਦੀਆਂ ਕੁਝ ਸੂਬਾਈ ਇਕਾਈਆਂ ਵਿਚ ਟੁੱਟ-ਭੱਜ ਹੋ ਸਕਦੀ ਹੈ। ਕਾਂਗਰਸੀ ਨੇਤਾ ਬਿਹਤਰ ਭਵਿੱਖ ਦੀ ਆਸ ਵਿਚ ਦੂਜੀਆਂ ਪਾਰਟੀਆਂ ਵੱਲ ਰੁਖ਼ ਕਰ ਸਕਦੇ ਹਨ। ਕਾਂਗਰਸ ਵਿਚ ਸ਼ਸ਼ੋਪੰਜ ਦੀ ਹਾਲਤ ਲਈ ਕਿਤੇ ਨਾ ਕਿਤੇ ਗਾਂਧੀ ਪਰਿਵਾਰ ਵੀ ਜ਼ਿੰਮੇਵਾਰ ਹੈ। ਇਹ ਤਾਂ ਸਾਫ਼ ਹੈ ਕਿ ਰਾਹੁਲ ਗਾਂਧੀ ਪ੍ਰਧਾਨ ਦੇ ਅਹੁਦੇ 'ਤੇ ਨਹੀਂ ਰਹਿਣਾ ਚਾਹੁੰਦੇ ਪਰ ਇਹ ਨਹੀਂ ਸਪੱਸ਼ਟ ਹੋ ਰਿਹਾ ਕਿ ਕਾਂਗਰਸ ਵਿਚ ਗਾਂਧੀ ਪਰਿਵਾਰ ਦੀ ਭੂਮਿਕਾ ਕੀ ਹੋਵੇਗੀ? ਭਾਵੇਂ ਹੀ ਰਾਹੁਲ ਗਾਂਧੀ ਨੇ ਕਾਂਗਰਸ ਦੇ ਮੁਖੀ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੋਵੇ ਪਰ ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਹੈ ਕਿ ਪ੍ਰਿਅੰਕਾ ਗਾਂਧੀ ਵਾਡਰਾ ਜਨਰਲ ਸਕੱਤਰ ਅਹੁਦੇ 'ਤੇ ਕਾਇਮ ਹੈ। ਉਸ ਦਾ ਜਨਰਲ ਸਕੱਤਰ ਦੇ ਅਹੁਦੇ 'ਤੇ ਬਰਕਰਾਰ ਰਹਿਣਾ ਇਸ ਲਈ ਸਵਾਲਾਂ ਨੂੰ ਜਨਮ ਦੇ ਰਿਹਾ ਹੈ ਕਿਉਂਕਿ ਜਯੋਤਿਰਾਦਿੱਤਿਆ ਸਿੰਧੀਆ ਜਨਰਲ ਸਕੱਤਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਚੁੱਕਾ ਹੈ। ਉਸ ਨੂੰ ਪੱਛਮੀ ਉੱਤਰ ਪ੍ਰਦੇਸ਼ ਦਾ ਚਾਰਜ ਮਿਲਿਆ ਸੀ ਅਤੇ ਪ੍ਰਿਅੰਕਾ ਨੂੰ ਪੂਰਬੀ ਉੱਤਰ ਪ੍ਰਦੇਸ਼ ਦਾ। ਦੋਵੇਂ ਹੀ ਨਾਕਾਮ ਰਹੇ ਪਰ ਅਸਤੀਫ਼ਾ ਸਿਰਫ਼ ਜਯੋਤਿਰਾਦਿੱਤਿਆ ਸਿੰਧੀਆ ਨੇ ਦਿੱਤਾ। ਕਾਂਗਰਸ ਵਿਚ ਇਕ ਅਜਿਹੇ ਸਮੇਂ ਟੁੱਟ-ਭੱਜ ਜਾਰੀ ਹੈ ਜਦ ਇਸ ਦੀ ਜ਼ਰੂਰਤ ਵਾਰ-ਵਾਰ ਦੁਹਰਾਈ ਜਾ ਰਹੀ ਹੈ ਕਿ ਦੇਸ਼ ਨੂੰ ਇਕ ਮਜ਼ਬੂਤ ਵਿਰੋਧੀ ਧਿਰ ਦੀ ਜ਼ਰੂਰਤ ਹੈ। ਬੇਸ਼ੱਕ ਇਸ ਜ਼ਰੂਰਤ ਦੀ ਪੂਰਤੀ ਹੋਣੀ ਚਾਹੀਦੀ ਹੈ। ਮੌਜੂਦਾ ਸਮੇਂ ਇਸ ਜ਼ਰੂਰਤ ਦੀ ਪੂਰਤੀ ਸਿਰਫ਼ ਕਾਂਗਰਸ ਹੀ ਕਰ ਸਕਦੀ ਹੈ ਕਿਉਂਕਿ ਉਹੀ ਇਕ ਅਜਿਹੀ ਕੌਮੀ ਪਾਰਟੀ ਹੈ ਜੋ ਆਪਣੀ ਤਮਾਮ ਕਮਜ਼ੋਰੀਆਂ ਦੇ ਬਾਵਜੂਦ ਪੂਰੇ ਦੇਸ਼ ਵਿਚ ਵਿਆਪਕ ਅਸਰ ਰੱਖਦੀ ਹੈ। ਅੱਜ ਦੇਸ਼ ਵਿਚ ਕੋਈ ਵੀ ਅਜਿਹੀ ਖੇਤਰੀ ਪਾਰਟੀ ਨਹੀਂ ਜੋ ਕੌਮੀ ਸਰੂਪ ਲੈ ਸਕੇ। ਇਨ੍ਹਾਂ ਹਾਲਾਤ ਵਿਚ ਇਹ ਹੋਰ ਜ਼ਰੂਰੀ ਹੋ ਜਾਂਦਾ ਹੈ ਕਿ ਕਾਂਗਰਸ ਆਪਣੀ ਦਿਸ਼ਾ ਤਲਾਸ਼ੇ ਅਤੇ ਅਗਵਾਈ ਦੇ ਮਸਲੇ ਨੂੰ ਜਿੰਨੀ ਜਲਦੀ ਹੋ ਸਕੇ, ਸੁਲਝਾ ਲਵੇ।

ਇਹ ਸਮੇਂ ਦੀ ਮੰਗ ਹੈ ਕਿ ਕਾਂਗਰਸ ਆਪਣੀ ਰੀਤੀ-ਨੀਤੀ 'ਤੇ ਨਵੇਂ ਸਿਰੇ ਤੋਂ ਵਿਚਾਰ ਕਰੇ ਕਿਉਂਕਿ ਉਸ ਕਾਰਨ ਹੀ ਪਾਰਟੀ ਵਿਚ ਨਿਰਾਸ਼ਾ ਦਾ ਮਾਹੌਲ ਹੈ। ਨਿਰਾਸ਼ਾ ਦਾ ਇਹ ਮਾਹੌਲ ਇਸ ਲਈ ਹੋਰ ਵੱਧ ਡੂੰਘਾ ਹੋ ਗਿਆ ਹੈ ਕਿਉਂਕਿ ਬੀਤੇ ਲਗਪਗ ਡੇਢ ਮਹੀਨੇ ਤੋਂ ਕਾਂਗਰਸ ਵਿਚ ਅਗਵਾਈ ਦਾ ਸਵਾਲ ਸੁਲਝਣ ਦੀ ਥਾਂ ਉਲਝਦਾ ਹੀ ਰਿਹਾ ਹੈ। ਇਸ ਉਲਝਣ ਲਈ ਕਾਂਗਰਸ ਦੀ ਲੀਡਰਸ਼ਿਪ ਆਪਣੇ ਇਲਾਵਾ ਹੋਰ ਕਿਸੇ ਨੂੰ ਦੋਸ਼ ਨਹੀਂ ਦੇ ਸਕਦੀ। ਇਹ ਕਾਂਗਰਸ ਅਤੇ ਨਾਲ ਹੀ ਦੇਸ਼ ਦੀ ਸਿਆਸਤ ਦੇ ਹਿੱਤ ਵਿਚ ਹੈ ਕਿ ਉਹ ਆਪਣੀਆਂ ਕਮਜ਼ੋਰੀਆਂ ਨੂੰ ਸਵੀਕਾਰ ਕਰ ਕੇ ਉਨ੍ਹਾਂ ਨੂੰ ਸੰਜੀਦਗੀ ਨਾਲ ਦੂਰ ਕਰਨ ਦਾ ਕੰਮ ਤਰਜੀਹ ਦੇ ਆਧਾਰ 'ਤੇ ਕਰੇ। ਇਹ ਠੀਕ ਨਹੀਂ ਕਿ ਕਾਂਗਰਸ ਕੌਮੀ ਵਿਰੋਧੀ ਪਾਰਟੀ ਦੇ ਤੌਰ 'ਤੇ ਕਮਜ਼ੋਰ ਹੋਣ ਮਗਰੋਂ ਸੂਬਿਆਂ ਵਿਚ ਵੀ ਆਪਣੀ ਤਾਕਤ ਗੁਆਉਂਦੀ ਜਾ ਰਹੀ ਹੈ।

**-ਸੰਜੇ**

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਦੇਵ ਜੀ ਦਾ ਚਿੰਤਨ ਤੇ ਨਾਰੀ ਚੇਤਨਾ

**ਪ੍ਰੋ. ਸੁਰਿੰਦਰ ਕੌਰ**

ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਬਹੁਤ ਉੱਚਾ ਦਰਜਾ ਦਿੱਤਾ ਹੈ। ਉਨ੍ਹਾਂ ਨੇ ਜਿਥੇ ਸਮਾਜਿਕ, ਭਾਈਚਾਰਕ ਅਤੇ ਆਰਥਿਕ ਵਿਤਕਰਿਆਂ ਵਿਰੁੱਧ ਸੁਚੇਤ ਕੀਤਾ, ਉਥੇ ਇਹ ਆਵਾਜ਼ ਵੀ ਪਹਿਲੀ ਵਾਰ ਉਠਾਈ ਕਿ ਪ੍ਰਭੂ ਦੇ ਰਾਹ 'ਤੇ ਤੁਰਨ ਤੇ ਪਾਉਣ ਲਈ ਔਰਤ ਦੇ ਗੁਣ ਧਾਰਨੇ ਜ਼ਰੂਰੀ ਹਨ। ਅਰਦਾਸ ਵਿਚ ਜਦ ਅਸੀਂ ਖੜ੍ਹੇ ਹੋ ਕੇ 'ਜਿਨ੍ਹਾਂ ਸਿੰਘਾਂ ਸਿੰਘਣੀਆਂ ਦੇ ਧਰਮ ਹੇਤ ਸੀਸ ਦਿੱਤੇ' ਆਖਦੇ ਹਾਂ ਤਾਂ ਇਹ ਗੱਲ ਉਦੋਂ ਹੀ ਸਪਸ਼ਟ ਹੋ ਜਾਂਦੀ ਹੈ ਕਿ ਔਰਤ ਕਿਸੇ ਪੱਖੋਂ ਨੀਵੀਂ ਨਹੀਂ, ਬਰਾਬਰ ਦੀ ਭਾਈਵਾਲ ਹੈ। ਗੁਰੂ ਸਾਹਿਬਾਨ ਨੇ ਇਕ ਨਵਾਂ ਰਾਹ ਦਰਸਾਇਆ ਜਿਸ ਵਿਚ ਕਿਹਾ :

'ਇਸ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਵਾਈ'
ਭਾਵੇਂ ਕੋਈ ਮਰਦ ਹੈ ਜਾਂ ਔਰਤ ਉਸ ਨੂੰ ਆਤਮਿਕ ਉਚਾਈ/ਪਰਮ-ਪਦ ਪਾਉਣ ਲਈ ਉਹ ਗੁਣ ਧਾਰਨੇ ਪੈਣਗੇ ਜੋ ਔਰਤ ਵਿਚ ਸੁਭਾਵਿਕ ਹੀ ਵਾਹਿਗੁਰੂ ਨੇ ਪਾਏ ਹਨ। ਔਰਤ ਨੂੰ ਬੱਤੀ ਸੁਲੱਖਣੀ ਕਹਿ ਬਾਣੀ ਵਿਚ ਸਤਿਕਾਰਿਆ ਗਿਆ ਹੈ।

ਅਜੋਕੇ ਯੁੱਗ ਵਿਚ ਨਾਰੀ ਚੇਤਨਾ ਦੀ ਗੱਲ ਕਰਦਿਆਂ ਖਿਆਲ ਆਉਂਦਾ ਹੈ ਕਿ ਕੋਈ ਸਮਾਂ ਸੀ ਜਦੋਂ ਔਰਤ ਨੂੰ 'ਪੈਰ ਦੀ ਜੁੱਤੀ' ਸਮਝਿਆ ਜਾਂਦਾ ਸੀ ਤੇ ਹੱਕਾਂ ਤੋਂ ਵਾਂਝਿਆਂ ਰੱਖਿਆ ਜਾਂਦਾ ਸੀ। ਦੁਨੀਆ ਵਿਚ ਕੋਈ ਵੀ ਸਥਾਨ ਨਹੀਂ ਜਿਥੇ ਔਰਤ ਦਾ ਜ਼ਿਕਰ ਨਹੀਂ ਆਉਂਦਾ। ਅਜਿਹਾ ਕੋਈ ਪੜਾਅ ਨਹੀਂ ਜਿਥੇ ਔਰਤ ਤੋਂ ਬਿਨਾਂ ਤਰੱਕੀ ਮਿਲੀ ਹੈ। ਹਰ ਮਨੁੱਖ ਦੀ ਸਫਲਤਾ ਪਿੱਛੇ ਇਕ ਔਰਤ ਹੀ ਹੁੰਦੀ ਹੈ ਪਰ ਮਨੁੱਖ ਨਾਰੀ ਨੂੰ ਬੁਰੀ ਨਜ਼ਰ ਨਾਲ ਵੇਖਦੇ ਹਨ, ਉਸ ਨੂੰ ਕਸ਼ਟ ਦਿੰਦੇ ਹਨ, ਉਸ 'ਤੇ ਜ਼ੁਲਮ ਢਾਉਂਦੇ ਹਨ। ਕਿਸੇ ਨੇ ਠੀਕ ਹੀ ਕਿਹਾ ਹੈ:

"ਜ਼ੋਰ ਦੇ ਕੇ ਕਹਿ ਰਹੀ ਪ੍ਰਕ੍ਰਿਤੀ ਸਾਰੀ
ਆਧੁਨਿਕ ਯੁੱਗ ਵਿਚ ਵੀ ਹੈ ਪੀੜਤ ਨਾਰੀ।"

ਵੱਡੇ-ਵੱਡੇ ਕਵੀਆਂ, ਮਹਾਨ ਯੋਧਿਆਂ ਗੁਰੂਆਂ, ਪੀਰਾਂ ਅਤੇ ਮਹਾਨ ਸ਼ਖਸੀਅਤਾਂ ਨੂੰ ਜਨਮ ਦੇਣ ਵਾਲੀ ਔਰਤ ਨੇ ਬਚਪਨ ਤੋਂ ਲੈ ਕੇ ਬੁਢਾਪੇ ਤਕ ਆਪਣੀ ਹਰ ਭੂਮਿਕਾ ਨੂੰ ਬਾਖੂਬੀ ਨਿਭਾਉਣ ਦਾ ਯਤਨ ਕੀਤਾ ਹੈ ਪਰ ਇਸ ਮਮਤਾ ਦੇ ਸਾਗਰ ਨੂੰ ਸਮਾਜ ਵਿਚ ਉਹ ਸਥਾਨ ਨਹੀਂ ਮਿਲ ਸਕਿਆ ਜਿਸ ਦੀ ਉਹ ਅਸਲੀ ਹੱਕਦਾਰ ਹੈ।

ਉਸ ਦੀ ਕੁਦਰਤੀ ਨਾਜ਼ੁਕ ਬਣਤਰ ਅਤੇ ਸੁਭਾਅ ਦੀ ਸਹਿਣਸ਼ੀਲਤਾ ਨੂੰ ਮਰਦ ਨੇ ਕਮਜ਼ੋਰੀ ਸਮਝਿਆ ਹੈ। ਮਾਤਾ ਗੁਜਰੀ ਜੀ ਨੇ ਆਪਣੀ ਕੌਮ ਦੀ ਹੋਂਦ ਬਰਕਰਾਰ ਰੱਖਣ ਲਈ ਆਪਣੇ ਪੋਤਿਆਂ ਨੂੰ ਜ਼ੁਲਮਾਂ ਅੱਗੇ ਨਾ ਝੁਕਣ ਦਾ ਸਬਕ ਸਿਖਾਇਆ। ਉਨ੍ਹਾਂ ਧਰਮ ਦੀ ਰਾਖੀ ਲਈ ਆਪਣੀ ਜਾਨ ਤਕ ਕੁਰਬਾਨ ਕਰ ਦਿੱਤੀ। ਕੀ ਉਹ ਕਮਜ਼ੋਰ ਸਨ? ਬਿਲਕੁਲ ਨਹੀਂ।




ਔਰਤ ਦੀ ਕੁੱਖੋਂ ਪੈਦਾ ਹੋਣ ਵਾਲਾ ਮਨੁੱਖ ਔਰਤ 'ਤੇ ਹੀ ਪਾਬੰਦੀਆਂ ਠੋਕਦਾ ਹੈ। ਔਰਤ ਦਾ ਸ਼ੋਸ਼ਣ ਹੁੰਦਾ ਆ ਰਿਹਾ ਹੈ। ਪਹਿਲਾਂ ਲੜਕੀ ਨੂੰ ਜੰਮਣ 'ਤੇ ਮਾਰ ਦਿੱਤਾ ਜਾਂਦਾ ਸੀ, ਉਸ ਨੂੰ ਸਤੀ ਹੋਣ ਲਈ ਮਜਬੂਰ ਕੀਤਾ ਜਾਂਦਾ ਸੀ, ਔਰਤ ਨੂੰ ਘਰ ਦੀ ਚਾਰਦੀਵਾਰੀ ਅੰਦਰ ਕੈਦ ਕਰਕੇ ਰੱਖਿਆ ਜਾਂਦਾ ਸੀ, ਸਮੇਂ ਦੇ ਨਾਲ-ਨਾਲ ਇਨ੍ਹਾਂ ਅਪਰਾਧਾਂ ਦੇ ਰੂਪ ਬਦਲ ਗਏ ਹੁਣ ਲੜਕੀ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ, ਸਤੀ ਕਰਨ ਦੀ ਥਾਂ ਬੜੇ ਤਰੀਕੇ ਨਾਲ ਸਟੋਵ ਜਾਂ ਗੈਸ ਸਿਲੰਡਰ ਫੱਟਣ ਦਾ ਨਾਟਕ ਕੀਤਾ ਜਾਂਦਾ ਹੈ। ਦੂਜੇ ਪਾਸੇ ਵਧ ਰਹੀ ਅਸ਼ਲੀਲਤਾ ਨੇ ਔਰਤ ਦੇ ਵਾਸਤਵ ਸਰੂਪ ਨੂੰ ਭੱਦਾ ਕਰ ਦਿੱਤਾ ਹੈ। ਗਲੈਮਰ ਦੀ ਦੁਨੀਆਂ ਵਿਚ ਔਰਤ ਦਾ ਚਰਿੱਤਰ ਬਦਲ ਦਿੱਤਾ ਗਿਆ ਹੈ। ਅੱਜ ਫੈਸ਼ਨ ਸ਼ੋਅ ਦੇ ਰੈਂਪ 'ਤੇ ਔਰਤ ਨੂੰ ਦਿਖਾਵੇ ਦੀ ਵਸਤੂ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਥੇ ਕਹਿਣ ਨੂੰ ਔਰਤ ਨੇ ਤਰੱਕੀ ਕਰ ਲਈ ਹੈ ਪਰ ਅਸਲ ਵਿਚ ਕਰਨਾ ਤਾਂ ਉਸ ਨੂੰ ਕਾਫੀ ਹੱਦ ਤਕ ਉਹ ਹੀ ਪੈਂਦਾ ਹੈ ਜੋ ਮਰਦ ਨੂੰ ਚੰਗਾ ਲਗਦਾ ਹੈ। ਮਰਦ ਨੇ ਘਰ ਦੀ ਚਾਰਦੀਵਾਰੀ ਤੋਂ ਆਜ਼ਾਦ ਕਰਕੇ ਔਰਤ ਨੂੰ ਟੀ.ਵੀ. ਅੰਦਰ ਕੈਦ ਕੀਤਾ ਹੈ। ਇਹ ਉਹ ਕੈਦ ਜੋ ਅਜੋਕੇ ਸਮੇਂ ਵਿਚ ਨਾਮ ਤੇ ਪੈਸਾ ਕਮਾਉਣ ਦਾ ਸਾਧਨ ਹੈ। ਕਿਸੇ ਲੇਖਕ ਨੇ ਲਿਖਿਆ ਹੈ ਕਿ ਜੰਗਲੀ ਤੋਂ ਮਨੁੱਖ ਉਦੋਂ ਬਣਿਆ ਸੀ ਜਦੋਂ ਉਸ ਨੇ ਆਪਣੇ ਤਨ ਨੂੰ ਢਕਣਾ ਸ਼ੁਰੂ ਕੀਤਾ ਭਾਵ ਉਹ ਕੱਪੜੇ ਪਾਉਣ ਲੱਗਾ। ਪਰ ਹੁਣ ਔਰਤ ਨੂੰ ਨਗਨ ਅਵਸਥਾ ਵਿਚ ਲਿਆਉਣ ਲਈ ਵੱਧ ਪੈਸਾ ਸੁੱਟਿਆ ਜਾ ਰਿਹਾ ਹੈ। ਕੀ ਇਹ ਔਰਤ ਦਾ ਸ਼ੋਸ਼ਣ ਨਹੀਂ ਹੈ। ਅੱਜ ਟੀ.ਵੀ. 'ਤੇ ਕੋਈ ਵੀ ਵਿਗਿਆਪਨ ਉਸ ਸਮੇਂ ਤਕ ਅਧੂਰਾ ਸਮਝਿਆ ਜਾਂਦਾ ਹੈ ਜਦੋਂ ਤਕ ਉਸ ਵਿਚ ਇਕ ਔਰਤ ਨੂੰ ਪੇਸ਼ ਨਾ ਕੀਤਾ ਜਾਵੇ ਭਾਵੇਂ ਵਿਗਿਆਪਨ ਮਰਦਾਂ ਦੀ ਬਨਿਆਨ ਦਾ ਹੀ ਹੋਵੇ।

ਅੱਜ ਔਰਤ ਜਦ ਮਰਦ ਨਾਲੋਂ ਕਿਸੇ ਗੱਲੋਂ ਘੱਟ ਨਹੀਂ ਤਾਂ ਉਸ ਨਾਲ ਵਿਤਕਰਾ ਕਿਉਂ ਕੀਤਾ ਜਾਂਦਾ ਹੈ? ਭਾਵੇਂ ਭਰੂਣ ਹੱਤਿਆ ਕਾਨੂੰਨੀ ਜੁਰਮ ਹੈ ਪਰ ਫਿਰ ਵੀ ਹੋ ਰਹੀ ਹੈ। ਅੱਜ ਸਮਾਜ ਵਿਚ ਅਨੇਕਾਂ ਕੁੜੀਆਂ ਦਾਜ ਦੀ ਬਲੀ ਚੜ੍ਹਦੀਆਂ ਹਨ। ਲਾਲਚੀ ਲੋਕਾਂ ਅਨੁਸਾਰ ਮੁੰਡੇ ਦਾ ਵਿਆਹ ਕੁੜੀ ਨਾਲ ਨਹੀਂ 'ਬੈਂਕ ਬੈਲੈਂਸ' ਨਾਲ ਹੁੰਦਾ ਹੈ।

ਇਤਿਹਾਸ ਵਿਚ ਪੜ੍ਹਿਆ ਕਿ ਇਸਤਰੀ ਬਹਾਦਰ ਹੈ, ਸ਼ਾਸਤਰਾਂ ਵਿਚ ਲਿਖਿਆ ਹੈ ਕਿ ਇਸਤਰੀ ਸ਼ਕਤੀ ਹੈ, ਅੱਖਾਂ ਨਾਲ ਵੇਖਿਆ ਕਿ ਇਸਤਰੀ ਮਮਤਾਮਈ ਹੈ ਤੇ ਨੇੜਿਉਂ ਵਾਚਿਆ ਤਾਂ ਮਹਿਸੂਸ ਹੋਇਆ ਕਿ ਇਸਤਰੀ ਆਪਣੇ ਆਪ ਨੂੰ ਹਰ ਘਾੜਤ ਵਿਚ ਢਾਲਣ ਵਾਲੀ ਹੈ। ਪਤਾ ਨਹੀਂ ਫੇਰ ਕਿਉਂ, ਧਾਰਮਿਕ ਗ੍ਰੰਥਾਂ ਵਿਚ ਇਸਤਰੀ ਨੂੰ ਹਮੇਸ਼ਾ ਨਿੰਦਿਆ ਕਿਉਂ ਗਿਆ ਹੈ। ਇਸ ਸਮਾਜ ਨੇ ਨਾਰੀ ਸ਼ਕਤੀ ਨੂੰ ਤਾਂ ਸਤਿਕਾਰਿਆ, ਪਰ ਔਰਤ ਦੀ ਹੋਂਦ ਦਾ ਹਮੇਸ਼ਾ ਹੀ ਤ੍ਰਿਸਕਾਰ ਕੀਤਾ ਗਿਆ। ਜੇ ਇਸ ਔਰਤ ਨੂੰ ਕਿਸੇ ਨੇ ਸਨਮਾਨ ਦੀ ਥਾਂ ਦਿੱਤੀ ਹੈ ਤਾਂ ਉਹ ਕੇਵਲ ਸਿੱਖ ਧਰਮ ਨੇ, ਗੁਰੂ ਘਰ ਨੇ। ਪੱਥਰ ਦੀ ਔਰਤ ਦੀ ਪੂਜਾ ਤਾਂ ਦੇਵੀ ਦੇ ਰੂਪ ਵਿਚ ਹਰੇਕ ਨੇ ਕੀਤੀ, ਪਰ ਹੱਡ-ਮਾਸ ਦੀ ਜਿਉਂਦੀ ਜਾਗਦੀ ਔਰਤ ਨੂੰ ਉੱਚਾ ਰੁਤਬਾ ਅਤੇ ਸਤਿਕਾਰ ਸਿਰਫ ਸਿੱਖ ਧਰਮ ਵਿਚ ਹੀ ਪ੍ਰਾਪਤ ਹੋਇਆ ਹੈ।

ਔਰਤ ਨੇ ਤਾਂ ਹਮੇਸ਼ਾ ਹੀ ਮਰਦ ਦੀ ਸੁੱਖ ਮੰਗੀ ਹੈ ਕਿਤੇ ਉਹ ਮਾਂ ਦੇ ਰੂਪ ਵਿਚ ਮਮਤਾ ਦਾ ਨਿੱਘ ਵਿਖੇਰਦੀ ਹੈ, ਕਿਤੇ ਪਤਨੀ ਦੇ ਰੂਪ ਵਿਚ ਲੰਮੀ ਉਮਰ ਲਈ ਦੁਆਵਾਂ ਮੰਗਦੀ ਹੈ ਤੇ ਕਿਤੇ ਉਹ ਭੈਣ ਦੇ ਰੂਪ ਵਿਚ ਰੱਬ ਕੋਲੋਂ ਵੀਰ ਦੀ ਮੰਗ ਕਰਦੀ ਹੈ। ਗੱਲ ਕੀ ਔਰਤ ਚਾਹੇ ਕਿਸੇ ਵੀ ਰੂਪ ਵਿਚ ਹੋਵੇ ਉਹ ਹਮੇਸ਼ਾ ਮਰਦ ਦੀ ਸੁੱਖ ਭਾਲਦੀ ਰਹੀ ਹੈ। ਪਰ ਇਹ ਸਮਾਜ, ਜਿਸ ਦੀ ਜਨਨੀ ਔਰਤ ਹੈ, ਨੂੰ ਹੀ ਨੀਵਾਂ ਸਮਝਦਾ ਹੈ।

ਦੂਜੇ ਪਾਸੇ ਜਦੋਂ ਇਤਿਹਾਸ ਨੂੰ ਗਹੁ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਸਮਾਜ ਵਿਚ ਔਰਤ ਦਾ ਕਿੰਨਾ ਯੋਗਦਾਨ ਰਿਹਾ ਹੈ। ਮਾਈ ਭਾਗੋ ਵੀ ਇਕ ਔਰਤ ਸੀ ਜਿਸ ਨੇ ਚਾਲੀ ਸਿੰਘਾਂ ਨੂੰ ਤਾਅਨਾ ਮਾਰ ਕੇ ਉਨ੍ਹਾਂ ਦੀ ਆਤਮਾ ਨੂੰ ਝੰਜੋੜਿਆ ਤੇ ਆਪ ਵੀ ਜੰਗ ਦੇ ਮੈਦਾਨ ਅੰਦਰ ਡਟ ਕੇ ਮੁਕਾਬਲਾ ਕੀਤਾ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਿਤ ਕਰਾਉਣ ਵਿਚ ਇਕ ਔਰਤ ਸਦਾ ਕੌਰ (ਰਣਜੀਤ ਸਿੰਘ ਦੀ ਸੱਸ) ਦਾ ਯੋਗਦਾਨ ਸੀ। ਅੱਜ ਇਹ ਗੱਲ ਬੜੇ ਅਫਸੋਸ ਨਾਲ ਕਹਿਣੀ ਪੈ ਰਹੀ ਹੈ ਕਿ ਇਤਨਾ ਨਿਵੇਕਲਾ ਤੇ ਉੱਚਾ ਦਰਜਾ ਹਾਸਲ ਕਰਕੇ ਵੀ ਅੱਜ ਦੀ ਔਰਤ ਆਪਣੇ ਫਰਜ਼ ਵੱਲੋਂ ਅਵੇਸਲੀ ਹੁੰਦੀ ਜਾ ਰਹੀ ਹੈ। ਔਰਤ ਦੀ ਇਸੇ ਅਣਗਹਿਲੀ ਕਾਰਨ ਹੀ ਸਿੱਖ ਧਰਮ ਨੂੰ ਢਾਹ ਲੱਗ ਰਹੀ ਹੈ, ਅੱਜ ਸਾਡੇ ਬੱਚੇ ਪਤਿਤ ਹੋ ਰਹੇ ਹਨ, ਪ੍ਰਮਾਤਮਾ ਦੀ ਹੋਂਦ ਤੋਂ ਇਨਕਾਰੀ ਹੁੰਦੇ ਜਾ ਰਹੇ ਹਨ। ਜੇ ਔਰਤ ਨੇ ਮਹਾਨ ਸਪੂਤ ਪੈਦਾ ਕੀਤੇ ਹਨ ਤਾਂ ਗਿਰਾਵਟ ਦੀ ਜ਼ਿੰਮੇਵਾਰ ਵੀ ਉਹ ਆਪ ਹੈ।

ਅੱਜ ਸਾਡੀਆਂ ਲੋਰੀਆਂ, ਉਹ ਬੇਹੂਦਾ ਗਾਣੇ ਹਨ, ਜੋ ਸਾਨੂੰ ਚਰਿੱਤਰਹੀਣ, ਕਮਜ਼ੋਰ ਤੇ ਡਰਪੋਕ ਬਣਾਉਂਦੇ ਹਨ। ਅੱਜ ਬੱਚੇ-ਬੱਚੇ ਦੀ ਜ਼ਬਾਨ 'ਤੇ ਲੋਰੀ ਹੈ:

"ਸੋ ਜਾ ਬਬੂਆ, ਮਾਣੋ ਬਿੱਲੀ ਆਈ ਏ।"

ਜ਼ਰਾ ਝਾਤੀ ਮਾਰੀਏ, ਉਸ ਸਮੇਂ ਤੇ, ਜਦੋਂ ਗ਼ੈਰ-ਸਿੱਖ ਮਾਵਾਂ ਆਪਣੇ ਬੱਚੇ ਨੂੰ ਡਰਾਉਣ ਲਈ ਕਹਿੰਦੀਆਂ ਸਨ, 'ਸੌਂ ਜਾ, ਨਹੀਂ ਤੇ ਨਲੂਆ ਆ ਜਾਏਗਾ। ਤੇ ਅੱਜ ਅਸੀਂ ਕਹਿੰਦੇ ਹਾਂ, 'ਸੌਂ ਜਾ, ਨਹੀਂ ਤਾਂ ਬਿੱਲੀ ਆ ਜਾਏਗੀ।' ਕਿੱਥੇ ਪਹੁੰਚ ਗਏ, ਵਿਚਾਰਨ ਦੀ ਲੋੜ ਹੈ ਤੇ ਇਥੇ ਪਹੁੰਚਾਉਣ ਲਈ ਜ਼ਿੰਮੇਵਾਰ ਹੈ ਔਰਤ ਤੇ ਕੇਵਲ ਔਰਤ।

ਔਰਤ, ਚਾਹੇ ਉਹ ਕਿਸੇ ਵੀ ਰੂਪ ਵਿਚ ਹੋਵੇ ਮਾਂ, ਭੈਣ ਜਾਂ ਦਾਦੀ, ਉਸ ਦੇ ਮੋਢਿਆਂ 'ਤੇ ਕੌਮ ਨੂੰ ਸਿਰਜਣ ਦਾ ਭਾਰ ਹੈ ਤੇ ਇਸ ਭਾਰ ਨੂੰ ਉਸ ਨੇ ਬਹੁਤ ਸੁਚੱਜਤਾ ਨਾਲ ਚੁਕਣਾ ਹੈ। ਉਸ ਨੇ ਪੱਥਰ ਨਹੀਂ, ਸਗੋਂ ਹੀਰਿਆਂ ਦੀ ਘਾੜਤ ਕਰਨੀ ਹੈ। ਸੋ ਲੋੜ ਹੈ, ਅੱਜ ਦੀ ਔਰਤ ਨੂੰ ਆਪਣੇ ਫਰਜ਼ ਨੂੰ ਪਹਿਚਾਨਣ ਦੀ ਤਾਂ ਕਿ ਜੇ ਅੱਜ ਅਸੀਂ ਆਪਣੀਆਂ ਪੁਰਾਤਨ ਇਸਤਰੀਆਂ 'ਤੇ ਮਾਣ ਕਰਦੇ ਹਾਂ ਤਾਂ ਕੱਲ੍ਹ ਨੂੰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਡੇ 'ਤੇ ਮਾਣ ਕਰ ਸਕਣ।

ਗੁਰੂ ਸਾਹਿਬਨ ਨੇ ਇਸਤਰੀ ਨੂੰ ਇਕ ਬਹੁਤ ਉਚਾ ਦਰਜਾ ਦੇ ਕੇ ਉਸ ਨੂੰ ਗੁਰਮਤਿ ਦੀ ਪਹਿਰੇਦਾਰ ਬਣਾਇਆ ਹੈ। ਪਹਿਰੇਦਾਰ ਦਾ ਫਰਜ਼ ਹੈ, ਚੇਤੰਨ ਰਹਿਣਾ, ਨਹੀਂ ਤਾਂ ਘਰ ਲੁੱਟਿਆ ਜਾਏਗਾ।

"ਕੁੱਖਾਂ ਪਰਖਣ ਵਾਲਿਓ ਲੋਕੋ
ਕੁੜੀਆਂ ਕਿੱਥੋਂ ਆਉਣਗੀਆਂ
ਕੀ ਇਸ ਧਰਤੀ ਦੇ ਮੁੰਡਿਆਂ ਨਾਲ
ਪਰੀਆਂ ਵਿਆਹ ਕਰਵਾਉਣਗੀਆਂ।"

# ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਹੈ ਨਿਸ਼ਾਨ-ਏ-ਸਿੱਖੀ ਇੰਸਟੀਚਿਊਟ

**ਅੰਮ੍ਰਿਤਸਰ ਟਾਈਮਜ਼ ਫੀਚਰ**

ਸੰਤ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੀ ਅਗਵਾਈ ਵਿਚ ਚੱਲ ਰਹੀਆਂ ਵਿਦਿਅਕ ਸੰਸਥਾਵਾਂ ਵਿਚ ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਪ੍ਰਮੁੱਖ ਹੈ। ਇਸ ਸੰਸਥਾ ਦੇ ਨਿਰਮਾਣ ਲਈ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿਸਟਰਡ) ਦੀ ਸਥਾਪਨਾ ਖਡੂਰ ਸਾਹਿਬ ਵੇਖੇ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸ਼ਤਾਬਦੀ ਸਮਾਗਮਾਂ ਦੇ ਅੰਗ ਵਜੋਂ ਸਾਲ 2004 ਵਿਚ ਕੀਤੀ ਗਈ ਸੀ। ਖਡੂਰ ਸਾਹਿਬ ਦੀ ਧਰਤੀ ਦਸ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ। ਨਿਸ਼ਾਨ-ਏ-ਸਿੱਖੀ ਦੀ ਇਮਾਰਤ ਦੀਆਂ 8 ਮੰਜ਼ਿਲਾਂ ਬਣਾਈਆਂ ਗਈਆਂ ਹਨ।

ਵਾਤਾਵਰਣ ਅਤੇ ਆਧੁਨਿਕ ਇਮਾਰਤਸਾਜ਼ੀ ਦੇ ਪੱਖ ਤੋਂ ਬਣੀ ਬੇਹੱਦ ਖ਼ੂਬਸੂਰਤ 'ਨਿਸ਼ਾਨ-ਏ-ਸਿੱਖੀ' ਇਮਾਰਤ ਵਿਚ ਪ੍ਰਮੁੱਖ ਤੌਰ 'ਤੇ ਸ੍ਰੀ ਗੁਰੂ ਅੰਗਦ ਦੇਵ ਜੀ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼, ਨਿਸ਼ਾਨ-ਏ ਸਿੱਖੀ ਇੰਸਟੀਚਿਊਟ ਆਫ ਸਾਇੰਸ ਸਟੱਡੀਜ਼, ਸ੍ਰੀ ਗੁਰੂ ਅੰਗਦ ਦੇਵ ਜੀ ਇੰਸਟੀਚਿਊਟ ਆਫ ਕੈਰੀਅਰ ਐਂਡ ਕੋਰਸਿਜ਼, ਨਿਸ਼ਾਨ-ਏ-ਸਿੱਖੀ ਪਰੈਪਾਰੇਟਰੀ ਕੋਰਸ (ਐਨ.ਡੀ.ਏ) ਚਲਾਏ ਜਾ ਰਹੇ ਹਨ।



ਇਥੇ ਆਪਾਂ ਇਸ ਸੰਸਥਾ ਵਿਚ ਚੱਲ ਰਹੇ ਇਕ ਮਹੱਤਵਪੂਰਨ ਕੋਰਸ ਦੀ ਚਰਚਾ ਕਰਾਂਗੇ ਜਿਸ ਤੋਂ 10ਵੀਂ ਅਤੇ+2 ਪਾਸ ਕਰਕੇ ਜਾ ਰਹੇ ਵਿਦਿਆਰਥੀ ਭਰਪੂਰ ਲਾਭ ਉਠਾ ਸਕਦੇ ਹਨ। ਇਸ ਕੋਰਸ ਅਧੀਨ ਪੁਲਿਸ ਅਤੇ ਨੀਮ ਫੌਜੀ ਦਲਾਂ ਵਿਚ ਭਰਤੀ ਲਈ ਇਕ ਤਿੰਨ ਮਹੀਨੇ ਦਾ ਤਿਆਰੀ ਕੋਰਸ ਕਰਵਾਇਆ ਜਾਂਦਾ ਹੈ।ਇਸ ਤਿਆਰੀ ਕੋਰਸ ਲਈ ਵਿਦਿਆਰਥੀਆਂ ਦਾ ਇਕ ਲਿਖਤੀ ਅਤੇ ਸਰੀਰਕ ਟੈਸਟ ਲਿਆ ਜਾਂਦਾ ਹੈ, ਜਿਸ ਤਹਿਤ ਕੈਂਡੀਡੇਟ ਦੀ ਚੰਗੀ ਸਿਹਤ ਹੋਣੀ ਜ਼ਰੂਰੀ ਹੈ। ਲੜਕੀਆਂ ਦਾ ਘੱਟੋ-ਘੱਟ ਕੱਦ 5 ਫੁੱਟ 3 ਇੰਚ ਅਤੇ ਲੜਕਿਆਂ ਦਾ ਕੱਦ 5 ਫੁੱਟ 7 ਇੰਚ ਹੋਣਾ ਚਾਹੀਦਾ ਹੈ। ਇਸ ਸੰਸਥਾ ਵਲੋਂ ਹੁਣ ਤਕ 7830 ਵਿਦਿਆਰਥੀਆਂ ਨੂੰ ਟਰੇਨਿੰਗ ਦਿੱਤੀ ਜਾ ਚੁੱਕੀ ਹੈ ਅਤੇ ਸੰਸਥਾ ਵਲੋਂ ਸਿੱਖਿਆ ਪ੍ਰਾਪਤ ੫੪੦ ਵਿਦਿਆਰਥੀ ਪੁਲਿਸ ਅਤੇ ਨੀਮ ਫੌਜੀ ਦਲਾਂ ਵਿਚ ਵਿਚ ਭਰਤੀ ਹੋ ਚੁੱਕੇ ਹਨ।ਇਨ੍ਹਾਂ ਵਿਚੋਂ 9 ਵਿਦਿਆਰਥੀ ਸਿੱਧੇ ਸਬ-ਇੰਸਪੈਕਟਰ ਭਰਤੀ ਹੋਏ ਹਨ। ਇਥੇ ਇਹ ਤੱਥ ਵੀ ਜ਼ਿਕਰਯੋਗ ਹੈ ਕਿ ਸਰਕਾਰ ਵਲੋਂ ਭਰਤੀ ਦੇ ਸੀਮਤ ਅਤੇ ਘੱਟ ਮੌਕਿਆਂ ਕਾਰਨ ਥੋੜੀ ਗਿਣਤੀ ਵਿਚ ਹੀ ਬੱਚੇ ਪੁਲਿਸ ਅਤੇ ਨੀਮ ਫੌਜੀ ਦਲਾਂ ਵਿਚ ਭਰਤੀ ਹੋ ਪਾਉਂਦੇ ਹਨ। ਸਰਕਾਰ ਜੇ ਭਰਤੀ ਦੇ ਜ਼ਿਆਦਾ ਮੌਕੇ ਪੈਦਾ ਕਰੇ ਤਾਂ ਵੱਡੀ ਗਿਣਤੀ ਵਿਚ ਬੱਚੇ ਇਨ੍ਹਾਂ ਫੋਰਸਾਂ ਵਿਚ ਭਰਤੀ ਹੋ ਸਕਦੇ ਹਨ।

ਯਾਦ ਰਹੇ ਕਿ ਹਰ ਸਾਲ ਜਨਵਰੀ ਮਹੀਨੇ ਵਿਚ ਸ਼ੁਰੂ ਹੋਣ ਵਾਲਾ ਇਹ ਤਿਆਰੀ ਕੋਰਸ ਤਿੰਨ ਮਹੀਨੇ ਦਾ ਹੁੰਦਾ ਹੈ। ਇਸ ਕੋਰਸ ਦੇ ਤਹਿਤ ਬੱਚਿਆਂ ਨੂੰ ਸਰੀਰਕ ਫਿੱਟਨੈਸ ਲਈ ਵੱਖ-ਵੱਖ ਤਰ੍ਹਾਂ ਦੀਆਂ ਸਰੀਰਕ ਸਰਗਰਮੀਆਂ ਅਤੇ ਅਭਿਆਸ ਕਰਵਾਏ ਜਾਂਦੇ ਹਨ। ਇੰਸਟੀਚਿਊਟ ਆਫ ਕੈਰੀਅਰ ਕੋਰਸਿਜ਼ ਦੇ ਡਾਇਰੈਕਟਰ ਸ. ਬਲਦੇਵ ਸਿੰਘ ਸੰਧੂ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਜਦੋਂ ਕਿਸੇ ਨੀਮ ਫੌਜੀ ਦਲ ਦੀ ਭਰਤੀ ਚੱਲ ਰਹੀ ਹੋਵੇ, ਉਦੋਂ ਉਸ ਭਰਤੀ ਲਈ ਅਪਲਾਈ ਕਰਨ ਵਾਲੇ ਬੱਚਿਆਂ ਨੂੰ ਧਿਆਨ ਵਿਚ ਰੱਖ ਕੇ ਅਤੇ ਸਬੰਧਤ ਭਰਤੀ ਦੀਆਂ ਲੋੜਾਂ ਅਨੁਸਾਰ ਵਿਸੇਸ਼ ਤਿਆਰੀ ਕਰਵਾਈ ਜਾਂਦੀ ਹੈ।ਇਥੋਂ ਤੱਕ ਕਿ ਕੋਰਸ ਦੀ ਸਮਾਂ-ਸੀਮਾ ਵੀ ਵਧਾ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸੰਸਥਾ ਵਿਚ ਸਾਰੇ ਪੰਜਾਬ ਵਿਚੋਂ ਬੱਚੇ ਆਉਂਦੇ ਹਨ ਅਤੇ ਬਹੁਤੇ ਬੱਚੇ ਗਰੀਬ ਪਰਿਵਾਰਾਂ ਨਾਲ ਸਬੰਧਤ ਹੁੰਦੇ ਹਨ।ਇਸ ਤਿਆਰੀ ਕੋਰਸ ਲਈ ਇਨ੍ਹਾਂ ਬੱਚਿਆਂ ਕੋਲੋਂ ਕੋਈ ਫੀਸ ਨਹੀਂ ਲਈ ਜਾਂਦੀ। ਉਨ੍ਹਾਂ ਲਿਖਤੀ ਅਤੇ ਫਿਜ਼ੀਕਲ ਟੈਸਟ ਸਬੰਧੀ ਵਿਸ਼ੇਸ਼ ਜਾਣਕਾਰੀ ਦਿੰਦਿਆਂ ਦੱਸਿਆ ਕਿ ਲਿਖਤੀ ਟੈਸਟ ਲਈ ਬੱਚਿਆਂ ਨੇ ਜਨਰਲ ਨੌਲਿਜ਼, ਕਰੰਟ ਅਫੇਅਰਜ਼, ਰੀਜ਼ਨਿੰਗ ਅਤੇ ਮੈਥੇਮੈਟਕਿਸ ਦੀ ਸਿੱਖਿਆ ਹਾਸਲ ਕਰਨੀ ਹੁੰਦੀ ਹੈ। ਫਿਜ਼ੀਕਲ ਟੈਸਟ ਦੇ ਪੱਧਰ ਵੱਖ-ਵੱਖ ਨੀਮ ਫੌਜੀ ਦਲਾਂ ਲਈ ਵੱਖ-ਵੱਖ ਹੁੰਦੇ ਹਨ। ਬੱਚਿਆਂ ਦੀ ਮਿਆਰੀ ਸਿੱਖਿਆ ਨੂੰ ਧਿਆਨ ਵਿਚ ਰੱਖਦਿਆਂ ਨਿਸ਼ਾਨ-ਏ-ਸਿੱਖੀ ਕੈਰੀਅਰ ਐਂਡ ਕੋਰਸਿਜ਼ ਇੰਸਟੀਚਿਊਟ ਵਲੋਂ ਤਜਰਬੇਕਾਰ ਸਟਾਫ ਦਾ ਪ੍ਰਬੰਧ ਕੀਤਾ ਗਿਆ ਹੈ।ਸ. ਸੰਧੂ ਨੇ ਕਿਹਾ ਕਿ ਪੰਜਾਬ ਦੇ ਲੋੜਵੰਦ ਬੱਚਿਆਂ ਨੂੰ ਇਸ ਸੰਸਥਾ ਵਲੋਂ ਮੁਫਤ ਕਰਵਾਏ ਜਾ ਰਹੇ ਇਸ ਕੋਰਸ ਦਾ ਭਰਪੂਰ ਲਾਭ ਉਠਾਉਣਾ ਚਾਹੀਦਾ ਹੈ।ਨਿਸ਼ਾਨ ਏ ਸਿੱਖੀ ਇਮਾਰਤ ਦੀ ਉਸਾਰੀ ਵਿਚ ਵੱਡਾ ਯੋਗਦਾਨ ਦੇਣ ਵਾਲੇ ਸਿੰਗਾਪੁਰ ਦੇ ਪੰਜਾਬੀ ਮੂਲ ਦੇ ਕਾਰੋਬਾਰੀ ਸ. ਕਰਤਾਰ ਸਿੰਘ ਠੁਕਰਾਲ ਦੀ ਇੱਛਾ ਹੈ ਕਿ ਪੰਜਾਬੀ ਲੜਕੀਆਂ ਵਿਸ਼ੇਸ਼ ਤੌਰ ਤੇ ਇਸ ਸੰਸਥਾ ਤੋਂ ਸਿੱਖਿਆ ਹਾਸਲ ਕਰਨ ਲਈ ਅੱਗੇ ਆਉਣ।

# ਬਖਸ਼ੀਸ਼ ਸਿੰਘ ਏਸ਼ੀਅਨ ਪੈਸਿਫਕ ਅਮਰੀਕਨ ਡੈਮੋਕਰੇਟਜ਼ ਮੈਰੀਲੈਂਡ ਦੇ ਚੇਅਰਮੈਨ ਨਿਯੁਕਤ

**ਮੈਰੀਲੈਂਡ/ਰਾਜ ਗੋਗਨਾ :** ਏਸ਼ੀਅਨ ਪੈਸਿਫਕ ਅਮਰੀਕਨ ਡੈਮੋਕਰੇਟਜ਼ (ਸੀ.ਏ.ਪੀ.ਏ.ਡੀ.) ਵੱਲੋਂ ਸ. ਬਖਸ਼ੀਸ਼ ਸਿੰਘ ਨੂੰ ਮੈਰੀਲੈਂਡ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਤਾਜਪੋਸ਼ੀ ਕਰਨ ਲਈ ਉਨ੍ਹਾਂ ਦੇ ਹੀ ਨਿਵਾਸ ਅਸਥਾਨ 'ਤੇ ਇਕ ਪ੍ਰਭਾਵਸ਼ਾਲੀ ਤੇ ਵੱਡਾ ਸਮਾਰੋਹ ਰੱਖਿਆ ਗਿਆ। ਇਸ ਸਮਾਰੋਹ ਵਿਚ ਸੈਨੇਟਰ ਕ੍ਰਿਸਵਾਨ ਹੋਲੇਨ, ਕਾਂਗਰਸ ਆਗੂ ਡੇਵਿਡ ਟਰੋਨ, ਕਾਂਗਰਸ ਦੇ ਜੈਮੀ ਰਾਸਕੀਨ ਵਰਗੇ ਬਹੁਤ ਸਾਰੇ ਲੋਕ ਹਾਜ਼ਰ ਸਨ। ਇਸ ਸਮਾਗਮ ਵਿਚ 25 ਹੋਰ ਚੁਣੇ ਹੋਏ ਆਹੁਦੇਦਾਰ ਵੀ ਸ਼ਾਮਿਲ ਸਨ। ਜਿੱਥੇ ਡੈਮੋਕਰੇਟਿਕ ਕੋਲੀਸ਼ਨ ਨੇ ਸ. ਬਖਸ਼ੀਸ਼ ਸਿੰਘ ਨੂੰ ਬੋਰਡ ਦਾ ਚੇਅਰ ਬਣਾਇਆ ਅਤੇ ਉੱਥੇ ਹੀ ਮੈਰੀਲੈਂਡ ਦੇ ਸਿੱਖ ਭਾਈਚਾਰੇ ਨਾਲ ਤਾਲਮੇਲ ਲਈ ਨੁਮਾਇੰਦੇ ਵਜੋਂ ਵੀ ਜ਼ਿੰਮੇਵਾਰੀ ਦਿੱਤੀ।ਮੈਰੀਲੈਂਡ ਦੇ ਸੈਨੇਟਰ ਸੁਸਾਨ ਲੀ ਅਤੇ ਜੱਜ ਚੁੰਗ ਪਾਕ ਨੇ ਇਸ ਸਮਾਗਮ ਦੀ ਅਗਵਾਈ ਕੀਤੀ ਅਤੇ ਤਕਰੀਬਨ 200 ਦੇ ਕਰੀਬ ਵਿਅਕਤੀ ਇਸ ਵਿੱਚ ਸ਼ਾਮਿਲ ਹੋਏ। ਇਸ ਵੱਡੇ ਇਕੱਠ ਨੂੰ ਸੰਬੋਧਨ ਕਰਨ ਲਈ ਅਟਾਰਨੀ ਜਨਰਲ ਬਰਾਅ ਫਰੋਸ਼ ਵੀ ਵਿਸ਼ੇਸ਼ ਤੌਰ 'ਤੇ ਪੁੱਜੇ। ਮੈਰੀਲੈਂਡ ਡੈਮੋਕ੍ਰੇਟਿਕ ਪਾਰਟੀ ਦੇ ਪ੍ਰਧਾਨ ਮਾਇਆ ਕਮਿਗਜ਼ ਨੇ ਬਖਸ਼ੀਸ਼ ਸਿੰਘ ਨੂੰ ਮੈਰੀਲੈਂਡ ਡੈਮੋਕਰੇਟਿਕ ਬੋਰਡ ਲਈ ਸਲਾਹਕਾਰ ਵੀ ਚੁਣਿਆ। ਸੈਨੇਟਰ ਵਾਨ ਹੌਲਨ ਅਤੇ ਕਾਂਗਰਸ ਦੇ ਮੈਂਬਰ ਟਰੋਨ ਨੇ ਦੱਸਿਆ ਕਿ ਕਿਵੇਂ ਡੈਮੋਕਰੇਟਿਕ ਪ੍ਰਕਿਰਿਆ ਵਿੱਚ ਘੱਟ ਗਿਣਤੀ ਸਮੂਹਾਂ ਦੀ ਅਹਿਮੀਅਤ ਹੈ। ਸੈਨੇਟਰ ਵਾਨ ਹੌਲਨ ਨੇ ਕਿਹਾ ਕਿ ਸਾਡੀ ਵਿਭਿੰਨਤਾ ਅਮਰੀਕਾ ਨੂੰ ਦੁਨੀਆ ਦਾ ਸਭ ਤੋਂ ਮਜ਼ਬੂਤ ਦੇਸ਼ ਬਣਾਉਂਦੀ ਹੈ। ਸਿੱਖ ਭਾਈਚਾਰੇ ਦੇ ਇੱਕ ਲੰਮੇ ਸਮੇਂ ਦੇ ਸਹਿਯੋਗੀ, ਮਿਟਗੁਮਰੀ ਕਾਉਂਟੀ ਦੇ ਕਾਰਜਕਾਰੀ ਮਾਰਕ ਐਲਰਿਚ ਨੇ ਇਸ ਉਪਲਬਧੀ 'ਤੇ ਸ. ਬਖਸ਼ੀਸ਼ ਸਿੰਘ ਨੂੰ ਵਧਾਈ ਦਿੱਤੀ ਅਤੇ ਸਿੱਖ ਮੁੱਦਿਆਂ ਨੂੰ ਤਰਜੀਹ ਦੇਣ ਦੀ ਆਸ ਪ੍ਰਗਟਾਈ। ਬਖਸ਼ੀਸ਼ ਸਿੰਘ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਸਭ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਮੇਰੇ ਲਈ ਇਹ ਲੰਮੀ ਯਾਤਰਾ ਦੀ ਸਿਰਫ ਸ਼ੁਰੂਆਤ ਹੈ। ਨੌਜਵਾਨਾਂ ਨੂੰ ਇਸ ਵਿਚ ਸ਼ਾਮਿਲ ਕਰਨਾ ਅੱਜ ਦੇ ਸਮੇਂ ਦੀ ਵੱਡੀ ਜ਼ਰੂਰਤ ਹੈ। ਸਿੱਖਾਂ ਨੂੰ ਇਕ ਮੰਚ ਪ੍ਰਦਾਨ ਕਰਨਾ ਜ਼ਰੂਰੀ ਹੈ ਤਾਂ ਜੋ ਸਾਡੀ ਆਵਾਜ਼ ਪ੍ਰਦੇਸਾਂ 'ਚ ਸੁਣਾਈ ਦੇਵੇ ਅਤੇ ਸਾਡੇ ਮੁੱਦਿਆਂ ਨੂੰ ਵਿਚਾਰਿਆ ਜਾਵੇ। ਇਕ ਦੂਜੇ ਨੂੰ ਸ਼ਕਤੀ ਦੇਣ ਲਈ ਸਾਨੂੰ ਸਾਰੇ ਘੱਟ-ਗਿਣਤੀ ਸਮੂਹਾਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ।



# ਡਾਇਵਰਸਿਟੀ ਐਂਡ ਇਨਕਲੂਜ਼ਨ ਕਮਿਸ਼ਨ ਦੀ ਅਹਿਮ ਮੀਟਿੰਗ ਹੋਈ

**ਸੈਕਰਾਮੈਂਟੋ/ਏਟੀ ਨਿਊਜ਼ :** ਐਲਕ ਗਰੋਵ ਸਿਟੀ ਦੇ ਡਾਇਵਰਸਿਟੀ ਐਂਡ ਇਨਕਲੂਜ਼ਨ ਕਮਿਸ਼ਨ ਦੀ ਇਕ ਅਹਿਮ ਮੀਟਿੰਗ ਸਿਟੀ ਹਾਲ ਵਿਖੇ ਹੋਈ, ਜਿਸ ਵਿਚ ਕਮਿਸ਼ਨਰ ਗੁਰਜਤਿੰਦਰ ਸਿੰਘ ਰੰਧਾਵਾ, ਅਰਜੁਮੰਡ ਅਜ਼ੀਮੀ, ਜਿੰਕੀ ਡਾਲਰ, ਮਹਿੰਦਰ ਸਿੰਘ, ਜੈਸਿਕਾ ਕਾਰਟਰ, ਡਾ. ਅਸ਼ੋਕ ਸ਼ੰਕਰ, ਡਾ. ਭਾਵਿਨ ਪਾਰਿਖ, ਡਾ. ਰੇਅਮੰਡ ਹੈਸ, ਸਕਾਟ ਮੈਤਸੂਮੋਟੋ ਅਤੇ ਕ੍ਰਿਸਟੋਫਰ ਟੈਨ ਸ਼ਾਮਲ ਸਨ। ਮੀਟਿੰਗ ਦੌਰਾਨ ਚਾਇਨਾ ਦੇ ਇਕ ਸ਼ਹਿਰ ਗੁਆਂਗਜੋਊ ਨੂੰ ਐਲਕ ਗਰੋਵ ਨਾਲ ਸਿਸਟਰ ਸਿਟੀ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ ਗਈ ਅਤੇ ਇਸ ਬਾਰੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਹੋਇਆ। ਗੁਆਂਗਜੋਊ ਦੇ ਗਵਰਨਰ ਜਲਦ ਹੀ ਐਲਕ ਗਰੋਵ ਆ ਕੇ ਇਸ ਕਮਿਸ਼ਨ ਨਾਲ ਮੁਲਾਕਾਤ ਕਰਨਗੇ ਅਤੇ ਆਉਣ ਵਾਲੇ ਸਮੇਂ ਵਿਚ ਦੋਵਾਂ ਸ਼ਹਿਰਾਂ ਦਰਮਿਆਨ ਆਦਾਨ-ਪ੍ਰਦਾਨ ਬਾਰੇ ਗੱਲਬਾਤ ਹੋਵੇਗੀ। ਮੀਟਿੰਗ ਦੌਰਾਨ ਅਗਲੇ ਮਹੀਨੇ 24 ਅਗਸਤ ਨੂੰ ਸਿਟੀ ਵੱਲੋਂ ਕਰਵਾਏ ਜਾਣ ਵਾਲੇ ਸਾਲਾਨਾ ਮਲਟੀਕਲਚਰਲ ਮੇਲੇ ਬਾਰੇ ਵੀ ਵਿਚਾਰਾਂ ਹੋਈਆਂ ਅਤੇ ਉਸ ਨੂੰ ਕਾਮਯਾਬ ਕਰਨ ਲਈ ਕਮਿਸ਼ਨਰਾਂ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਇਸ ਮੀਟਿੰਗ ਦੌਰਾਨ ਆਮ ਜਨਤਾ ਵੀ ਹਾਜ਼ਰ ਸੀ, ਜਿਨ੍ਹਾਂ ਨੇ ਕਮਿਸ਼ਨਰਾਂ ਸਾਹਮਣੇ ਆਪਣੇ ਵਿਚਾਰ ਪੇਸ਼ ਕੀਤੇ। ਜ਼ਿਕਰਯੋਗ ਹੈ ਕਿ ਅਗਸਤ ਮਹੀਨੇ ਨੂੰ ਐਲਕ ਗਰੋਵ ਸਿਟੀ ਵੱਲੋਂ ਡਾਇਵਰਸਿਟੀ ਮਹੀਨੇ ਵਜੋਂ ਮਨਾਇਆ ਜਾ ਰਿਹਾ ਹੈ।



# ਸਿਆਟਲ ਵਿਚ 'ਫੁਲਕਾਰੀ ਤੀਆਂ ਦਾ ਮੇਲਾ' ਦੀਆਂ ਤਿਆਰੀਆਂ ਜ਼ੋਰਾਂ 'ਤੇ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** "ਫੁੱਲਕਾਰੀ ਤੀਆਂ ਦਾ ਮੇਲਾ-2019" ਸਥਾਨਕ ਵਿਲਸਨ ਪਲੇਅ ਫੀਲਡਜ਼ ਕੈਂਟ ਦੇ ਖੁੱਲ੍ਹੇ ਮੈਦਾਨ ਵਿਚ 11 ਅਗਸਤ ਐਤਵਾਰ ਨੂੰ ਸ਼ਾਮ 3.30 ਤੋਂ 8.30 ਵਜੇ ਤੱਕ ਬੜੀ ਸ਼ਾਨੋ ਸ਼ੌਕਤ ਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਇਸ ਵਾਸਤੇ ਤਿਆਰੀਆਂ ਜ਼ੋਰਾਂ ਨਾਲ ਚੱਲ ਰਹੀਆਂ ਹਨ। ਮੁੱਖ ਪ੍ਰਬੰਧਕਾਂ ਰਾਜਪ੍ਰੀਤ ਕੌਰ ਮੱਲ੍ਹੀ ਅਤੇ ਗੁਰਦੀਪ ਕੌਰ ਝੱਲੀ ਨੇ ਦੱਸਿਆ ਕਿ ਤੀਆਂ ਦੇ ਮੇਲੇ ਲਈ ਦਾਖ਼ਲਾ ਤੇ ਪਾਰਕਿੰਗ ਮੁਫ਼ਤ ਹੋਵੇਗੀ ਅਤੇ ਖਾਣ ਪੀਣ ਦਾ ਇੰਤਜ਼ਾਮ ਵੀ ਮੁਫ਼ਤ ਹੋਵੇਗਾ। ਉਨ੍ਹਾਂ ਦੱਸਿਆ ਕਿ ਫੁਲਕਾਰੀ ਤੀਆਂ ਦੇ ਮੇਲੇ ਨੂੰ ਆਯੋਜਿਤ ਕਰਨ ਲਈ ਕੇ ਕੇ ਮਾਰਕੀਟ, ਤਾਜ ਜਿਊਲਰਜ਼, ਇੰਡੀਆ ਵਿਲਿਜ਼, ਰੇਡੀਓ ਪੰਜਾਬ, ਗੁਰਦੀਪ ਕੌਰ ਝੱਲੀ ਰੀਅਲ ਅਸਟੇਟ, ਸਾਹੀ ਟਰੈਵਲਜ਼, ਸੀਟੇਕ ਗੈਸਟ ਮੋਟਲ ਅਤੇ ਏ.ਸੀ. ਜਿਊਲਰਜ਼ ਵਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ। ਰਾਜਪ੍ਰੀਤ ਕੌਰ ਅਤੇ ਗੁਰਦੀਪ ਕੌਰ ਨੇ ਦੱਸਿਆ ਕਿ ਸਿਰਫ਼ ਔਰਤਾਂ ਵਾਸਤੇ ਦਾਖ਼ਲਾ ਹੋਵੇਗਾ ਅਤੇ ਡੀ.ਜੇ. ਨਾਲ ਬੋਲੀਆਂ, ਗਿੱਧਾ, ਭੰਗੜਾ ਅਤੇ ਕਈ ਪ੍ਰਕਾਰ ਦੀਆਂ ਵੰਨਗੀਆਂ ਵੇਖਣ ਨੂੰ ਮਿਲਣਗੀਆਂ। ਉਨ੍ਹਾਂ ਦੱਸਿਆ ਕਿ ਫੁਲਕਾਰੀ ਮੇਲੇ ਲਈ ਬੀਬੀਆਂ, ਮਾਤਾਵਾਂ ਅਤੇ ਬੱਚੀਆਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।

## ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਸਾਬਕਾ ਪ੍ਰਧਾਨ ਸੁੱਚਾ ਸਿੰਘ ਰੰਧਾਵਾ ਦੀ ਦੁਰਘਟਨਾ 'ਚ ਮੌਤ

**ਫੋਟੋ : ਸਵ. ਸੁੱਚਾ ਸਿੰਘ ਰੰਧਾਵਾ**

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸਿਆਟਲ ਦੀ ਜਾਣੀ ਪਛਾਣੀ ਸ਼ਖ਼ਸੀਅਤ, ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਸਾਬਕਾ ਪ੍ਰਧਾਨ ਤੇ ਗੁਰਦੁਆਰਾ ਸਿੰਘ ਸਭਾ ਦੀ ਉਸਾਰੀ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਸੁੱਚਾ ਸਿੰਘ ਰੰਧਾਵਾ (72 ਸਾਲ) ਦੀ ਤੜਕੇ 4:50 ਵਜੇ ਐਕਸੀਡੈਂਟ ਹੋਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ। ਪੰਜਾਬ ਦੇ ਮਹਿਤਾ ਚੌਕ ਦੇ ਨੇੜੇ ਪਿੰਡ ਉਦੋਕੇ ਦੇ ਜੰਮਪਲ ਸੁੱਚਾ ਸਿੰਘ ਰੰਧਾਵਾ ਸੰਨ 1975 ਤੋਂ ਸਿਆਟਲ ਵਿਚ ਰਹਿ ਰਹੇ ਸਨ ਅਤੇ ਲੰਮੇ ਸਮੇਂ ਤੋਂ ਸਿਆਟਲ ਹਵਾਈ ਅੱਡੇ 'ਤੇ ਟੈਕਸੀ ਚਲਾਉਂਦੇ ਸਨ। ਉਹ ਹਰੇਕ ਦੇ ਮਦਦਗਾਰ, ਸਾਊ ਅਤੇ ਮਿਲਣਸਾਰ ਇਨਸਾਨ ਸਨ। ਉਹ ਲੰਮਾ ਸਮਾਂ ਸਿਆਟਲ ਤੋਂ ਰੇਡੀਓ ਵੀ ਚਲਾਉਂਦੇ ਰਹੇ ਅਤੇ ਪੰਜਾਬੀ ਭਾਈਚਾਰੇ ਦੇ ਸਾਂਝੇ ਕੰਮਾਂ, ਖਾਸ ਕਰਕੇ ਖੇਡਾਂ ਵਿਚ ਰੁਚੀ ਰੱਖਦੇ ਸਨ। ਮਰਹੂਮ ਸ. ਰੰਧਾਵਾ ਦੇ ਲੜਕੇ ਵਿੰਨੀ ਰੰਧਾਵਾ ਵਕੀਲ ਨੇ ਦੱਸਿਆ ਕਿ ਉਨ੍ਹਾਂ ਦਾ ਅੰਤਿਮ ਸੰਸਕਾਰ ਅਤੇ ਅੰਤਿਮ ਅਰਦਾਸ ੨੦ ਜੁਲਾਈ, ਦਿਨ ਸ਼ਨਿਚਰਵਾਰ ਨੂੰ ਹੋਵੇਗੀ।



ਸ. ਰੰਧਾਵਾ ਦੀ ਮੌਤ ਉਤੇ ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਪਹਿਲੇ ਪ੍ਰਧਾਨ ਬਲਜੀਤ ਸਿੰਘ ਸੋਹਲ, ਦਯਿਆਬੀਰ ਸਿੰਘ ਪਿੰਟੂ ਬਾਠ, ਜਸਬੀਰ ਸਿੰਘ ਰੰਧਾਵਾ, ਪੰਮੀ ਕੰਗ, ਬਲਹਾਰ ਸਿੰਘ, ਹਰਦੀਪ ਸਿੰਘ ਗਿੱਲ, ਮਨਜੀਤ ਸਿੰਘ ਕੀ ਇਸ਼ਰੈਂਸ, ਦਲਜੀਤ ਸਿੰਘ ਗਿੱਲ, ਬਾਬਾ ਬੁੱਢਾ ਸੰਸਥਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ, ਉਪ ਪ੍ਰਧਾਨ ਅਮਰਪਾਲ ਸਿੰਘ ਕਾਹਲੋਂ, ਗੁਰਦੀਪ ਸਿੰਘ ਸਿੱਧੂ, ਨਿਰਮਲ ਸਿੰਘ ਪੰਨੂੰ, ਸੁਖਵਿੰਦਰ ਸਿੰਘ ਸਿੱਧੂ, ਤਰਸੇਮ ਸਿੰਘ, ਸੋਮ ਵਿਰਕ, ਰਾਜਦੀਪ ਸ਼ਾਹੀ ਟਰੈਵਲ, ਰਾਮ ਸਿੰਘ ਸੰਧੂ, ਭਜਨ ਸਿੰਘ ਗਿੱਲ ਸਮੇਤ ਸਿਆਟਲ ਦੀਆਂ ਨਾਮਵਰ ਸ਼ਖ਼ਸੀਅਤਾਂ ਅਤੇ ਭਾਰਤ ਤੋਂ ਸੁਖਜਿੰਦਰ ਸਿੰਘ ਰੰਧਾਵਾ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ।

# ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਕੈਲੀਫੋਰਨੀਆ ਦੇ ਟਰੱਸਟੀਜ਼ ਦੀ ਚੋਣ ਲਖਵਿੰਦਰ ਕੌਰ ਪ੍ਰਧਾਨ ਤੇ ਸੰਧੂ ਉਪ ਪ੍ਰਧਾਨ ਚੁਣੇ ਗਏ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਕਰੀਬ ਇਕ ਦਹਾਕੇ ਤੋਂ ਸਥਾਪਿਤ ਪੰਜਾਬੀਆਂ ਦੀ ਵਿਦੇਸ਼ ਵੈਲੀ ਅਮਰੀਕਨ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ ਦੇ ਟਰੱਸਟੀਜ਼ ਦੀ ਚੋਣ ਸਰਬਸੰਮਤੀ ਨਾਲ ਹੋਈ। ਇਸ ਦੌਰਾਨ ਨਵੇਂ ਬੋਰਡ ਦਾ ਗਠਨ ਕੀਤਾ ਗਿਆ, ਜਿਸ ਵਿਚ ਬੀਬੀ ਲਖਵਿੰਦਰ ਕੌਰ ਨੂੰ ਪ੍ਰਧਾਨ, ਸ. ਦਲਜੀਤ ਸਿੰਘ ਸੰਧੂ ਜੋ ਐਲਕ ਗਰੋਵ ਸ਼ਹਿਰ ਦੇ ਕਮਿਸ਼ਨਰ ਵੀ ਹਨ, ਨੂੰ ਵਾਇਸ ਪ੍ਰਧਾਨ ਚੁਣ ਲਿਆ ਗਿਆ। ਇਸ ਤੋਂ ਇਲਾਵਾ ਸੰਸਥਾ ਦਾ ਫਾਊਂਡਰ ਸੁਖਚੈਨ ਸਿੰਘ ਨੂੰ ਸੈਕਟਰੀ ਚੁਣਿਆ ਗਿਆ। ਖਜ਼ਾਨਚੀ ਕੇਵਲ ਕ੍ਰਿਸ਼ਨ ਬੋਲੀਨਾ ਤੇ ਅਮਰਜੀਤ ਸਿੰਘ ਬੇਦੀ ਬਾਹਰਲੇ ਕਾਰਜਾਂ ਦੇ ਪ੍ਰਧਾਨ ਚੁਣੇ ਗਏ। ਇਹ ਨਿਯੁਕਤੀਆਂ ਐਲਕ ਗਰੋਵ ਦੇ ਮੇਅਰ ਸਟੀਵ ਲੀ ਦੀ ਹਾਜ਼ਰੀ ਵਿਚ ਹੋਈਆਂ ਜੋ ਕਿ ਇਸ ਮੌਕੇ ਮੁੱਖ ਮਹਿਮਾਨ ਤੇ ਮੁੱਖ ਬੁਲਾਰੇ ਸਨ ਮੇਅਰ ਸਟੀਵ ਲੀ ਨੇ ਅਹੁਦੇਦਾਰਾਂ ਨੂੰ ਸਰਟੀਫਿਕੇਟ ਵੀ ਤਕਸੀਮ ਕੀਤੇ। ਇਸ ਸਮਾਗਮ ਦਾ ਆਯੋਜਨ ਫਲਮੀਂਗੋ ਪਲੇਸ ਫਲੋਰਿਨ ਰੋਡ ਸੈਕਰਾਮੈਂਟੋ ਵਿਖੇ ਹੋਇਆ। ਇਸ ਮੌਕੇ ਦੇਵ ਟਮਾਓ ਚੇਅਰ ਆਫ਼ ਸਮੌਡ ਬੋਰਡ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਅੰਤ ਵਿਚ ਸੈਕਟਰੀ ਸੁਖਚੈਨ ਸਿੰਘ ਨੇ ਨਵੇਂ ਅਹੁਦੇਦਾਰਾਂ, ਬਾਕੀ ਬੋਰਡ ਮੈਂਬਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ।



## ਖਡੂਰ ਸਾਹਿਬ ਵਾਲੇ ਬਾਬੇ ਦਾ ਚਮਤਕਾਰ

### *20 ਸਾਲਾਂ ਵਿਚ 4 ਸੂਬਿਆਂ ਵਿਚ ਲਾਏ 4,00,000 ਬੂਟੇ*

**ਚੰਡੀਗੜ੍ਹ/ਏਟੀ ਨਿਊਜ਼ ;** ਖਡੂਰ ਸਾਹਿਬ ਸਮੇਤ ਪੰਜਾਬ ਦੇ ਕਈ ਸਥਾਨਾਂ ਦੀ ਕੁਦਰਤੀ ਰੂਪ ਨਾਲ ਕਾਇਆ ਕਲਪ ਕਰਨ ਵਾਲੇ ਬਾਬਾ ਸੇਵਾ ਸਿੰਘ ਦੋ ਦਹਾਕਿਆਂ ਤੋਂ ਲਗਾਤਾਰ ਬੂਟੇ ਲਾ ਰਹੇ ਹਨ। 20 ਸਾਲਾਂ ਦਰਮਿਆਨ ਚਾਰ ਸੂਬਿਆਂ ਵਿਚ ਉਨ੍ਹਾਂ ਚਾਰ ਲੱਖ ਬੂਟੇ ਲਾਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਦਰੱਖ਼ਤ ਬਣ ਚੁੱਕੇ ਹਨ। ਬਾਬਾ ਸੇਵਾ ਸਿੰਘ ਪੰਜਾਬ ਦੇ ਘਟਦੇ ਪਾਣੀ ਦੇ ਪੱਧਰ ਤੋਂ ਫਿਕਰਮੰਦ ਹਨ। ਇਸ ਦੇ ਹੱਲ ਵਜੋਂ ਉਨ੍ਹਾਂ ਵਿਸ਼ੇਸ਼ ਮਾਡਲ ਵੀ ਵਿਕਸਤ ਕੀਤਾ ਹੋਇਆ ਹੈ। ਖਡੂਰ ਸਾਹਿਬ ਨੂੰ ਤਰਨ ਤਾਰਨ, ਜੰਡਿਆਲਾ, ਰਈਆ ਤੇ ਖਿਲਚੀਆਂ ਤੋਂ ਜਾਣ ਵਾਲੀਆਂ ਸੜਕਾਂ 'ਤੇ ਬਾਬਾ ਸੇਵਾ ਸਿੰਘ ਨੇ ਤਕਰੀਬਨ ਸਾਢੇ 25 ਹਜ਼ਾਰ ਦਰੱਖ਼ਤ ਲਾਏ। ਹੁਣ ਉਹ ਬਿਆਸ-ਅੰਮ੍ਰਿਤਸਰ ਕੌਮੀ ਸ਼ਾਹਰਾਹ 'ਤੇ ਵੀ ਦਰੱਖ਼ਤ ਲਾ ਰਹੇ ਹਨ। ਬਾਬਾ ਸੇਵਾ ਸਿੰਘ ਦੇ ਇਸੇ ਵਾਤਾਵਰਨ ਪ੍ਰੇਮ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ ਸਾਲ 2010 ਵਿੱਚ ਉਨ੍ਹਾਂ ਨੂੰ ਪਦਮਸ਼੍ਰੀ ਐਵਾਰਡ ਨਾਲ ਸਨਮਾਨਤ ਵੀ ਕੀਤਾ ਗਿਆ। ਉਨ੍ਹਾਂ ਨੂੰ ਰਾਜਸਥਾਨ, ਮੱਧ ਪ੍ਰਦੇਸ਼ ਤੇ ਮਹਾਰਾਸ਼ਟਰ ਸੂਬਿਆਂ ਵਿੱਚ ਵੀ ਸੱਦਾ ਦਿੱਤਾ ਗਿਆ ਹੈ।

## ਸਿੱਖ ਯੂਥ ਯੂਕੇ ਦੇ ਮੁਖੀ ਦੀ ਗ੍ਰਿਫਤਾਰੀ ਲਈ ਭਾਰਤੀ ਪ੍ਰਾਪੇਗੰਡਾ ਜ਼ਿੰਮੇਵਾਰ : ਯੂਨਾਈਟਿਡ ਖਾਲਸਾ ਦਲ ਯੂਕੇ

**ਲੰਡਨ/ਏਟੀ ਨਿਊਜ਼ :** ਬਰਤਾਨਵੀ ਪੁਲਿਸ ਦੇ ਅੱਤਵਾਦ ਵਿਰੋਧੀ ਦਸਤੇ ਵਲੋਂ ਸਿੱਖ ਯੂਥ ਯੂਕੇ ਦੇ ਮੁਖੀ ਭਾਈ ਦੀਪਾ ਸਿੰਘ ਦੀ ਗ੍ਰਿਫਤਾਰੀ ਲਈ ਭਾਰਤ ਸਰਕਾਰ ਦਾ ਝੂਠਾ ਪ੍ਰਾਪੇਗੰਡਾ ਜ਼ਿੰਮੇਵਾਰ ਹੈ। ਇਹ ਦੋਸ਼ ਲਾਉਂਦਿਆਂ ਯੂਨਾਈਟਿਡ ਖਾਲਸਾ ਦਲ ਯੂਕੇ ਦੇ ਆਗੂਆਂ ਨੇ ਕਿਹਾ ਹੈ ਕਿ ਇਸ ਵਾਸਤੇ ਭਾਈ ਦੀਪਾ ਸਿੰਘ ਦੀ ਦ੍ਰਿੜਤਾ ਅਤੇ ਕੌਮਪ੍ਰਸਤੀ ਨੂੰ ਖਤਮ ਕਰਨ ਲਈ ਚਾਣਕਿਆ ਨੀਤੀ ਅਨੁਸਾਰ ਉਨ੍ਹਾਂ ਨੂੰ ਬਦਨਾਮ ਕਰਨ ਅਤੇ ਡਰਾਉਣ ਵਾਲੇ ਪਹਿਲੂਆਂ ਨੂੰ ਅਮਲ ਵਿੱਚ ਲਿਆਂਦਾ ਗਿਆ, ਜਦ ਕਿ ਭਾਈ ਦੀਪਾ ਸਿੰਘ ਨੇ ਪਾਰਦਰਸ਼ਤਾ ਦਾ ਪ੍ਰਗਟਾਵਾ ਕਰਦਿਆਂ ਸਿੱਖ ਜਥੇਬੰਦੀਆਂ ਦੇ ਆਗੂਆਂ ਸਾਹਮਣੇ ਹਰ ਗੱਲ ਨੂੰ ਫਰਾਖਦਿਲੀ ਨਾਲ ਸਾਂਝਾ ਕਰਦਿਆਂ ਆਪਣੇ ਵਲੋਂ ਕੀਤੇ ਜਾ ਰਹੇ ਕੌਮੀ ਕਾਰਜਾਂ ਨੂੰ ਪਾਰਦਰਸ਼ੀ ਤਰੀਕੇ ਨਾਲ ਜਾਹਰ ਕੀਤਾ। ਇਸ ਕਰ ਕੇ ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਮਹਿਸੂਸ ਕੀਤਾ ਗਿਆ ਕਿ ਸਿੱਖ ਯੂਥ ਯੂਕੇ ਦੀਆਂ ਗਤੀਵਿਧੀਆਂ ਨੂੰ ਰੋਕਣ ਲਈ ਲਈ ਭਾਰਤ ਸਰਕਾਰ ਦਾ ਸਿੱਖ ਵਿਰੋਧੀ ਪ੍ਰਾਪੇਗੰਡਾ ਅਤੇ ਸ਼ਰੀਕਾਂ ਦਾ ਮੁਖਬਰਪੁਣਾ ਜ਼ਿੰਮੇਵਾਰ ਹੈ। ਯੂਨਾਈਟਿਡ ਖਾਲਸਾ ਦਲ ਯੂਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਸਿੱਖ ਯੂਥ ਯੂਕੇ ਦਾ ਡਟ ਕੇ ਸਮਰਥਨ ਕਰਦਿਆਂ ਉਹਨਾਂ ਵਲੋਂ ਕੀਤੇ ਜਾ ਰਹੇ ਕੌਮੀ ਕਾਰਜਾਂ ਦੀ ਹਾਰਦਿਕ ਪ੍ਰਸ਼ੰਸਾ ਕੀਤੀ ਗਈ ਹੈ। ਉਨ੍ਹਾਂ ਕਿਹਾ ਹੈ ਕਿ ਪਿਛਲੇ ਸਾਲ ਸਿੱਖ ਯੂਥ ਯੂਕੇ ਵਲੋਂ ਸੰਨ 1961 ਤੋਂ ਲੈ ਕੇ 2018 ਤੱਕ ਸਿੱਖ ਬੱਚੀਆਂ ਦੇ ਮੁਸਲਮਾਨਾਂ ਵਲੋਂ ਕੀਤੇ ਜਾ ਰਹੇ ਸ਼ੋਸ਼ਣ ਦੀ 84 ਸਫਿਆਂ ਦੀ ਰਿਪੋਰਟ ਜਾਰੀ ਕੀਤੀ ਗਈ ਸੀ, ਜਿਸ ਨੇ ਸਮਾਜਿਕ, ਧਾਰਮਿਕ ਅਤੇ ਰਾਜਸੀ ਹਲਕਿਆਂ ਨੂੰ ਹੈਰਾਨ ਕਰ ਦਿੱਤਾ ਸੀ। ਇਸ ਰਿਪੋਰਟ ਨੂੰ ਇਨਸਾਫ ਪਸੰਦ ਵਿਅਕਤੀਆਂ ਵਲੋਂ ਬਹੁਤ ਹੀ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਇਸ ਹੀ ਕਾਰਜ ਨੂੰ ਅੱਗੇ ਵਧਾਉਂਦਿਆਂ ਸਮਾਰਟ ਸੈਂਟਰ ਦੀ ਆਜ਼ਾਦਾਨਾ ਤੌਰ 'ਤੇ ਸਥਾਪਨਾ ਕੀਤੀ ਗਈ ਜੋ ਕਿ ਬਹੁਤ ਵਧੀਆ ਤਰੀਕੇ ਨਾਲ ਕੰਮ ਕਰ ਰਿਹਾ ਹੈ। ਪਿਛਲੇ ਸਾਲ ਵੀ ਪੰਜ ਸਿੱਖਾਂ ਦੇ ਘਰਾਂ ਵਿੱਚ ਛਾਪੇਮਾਰੀ ਕੀਤੀ ਗਈ ਸੀ। ਦੁਨੀਆ ਭਰ ਦੇ ਇਨਸਾਫ ਪਸੰਦ ਲੋਕ ਜਾਣਦੇ ਹਨ ਅਤੇ ਇਤਿਹਾਸ ਅਤੇ ਸਿੱਖ ਸਿਧਾਂਤ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਸਿੱਖ ਅੱਤਵਾਦੀ ਨਹੀਂ ਹੁੰਦੇ ਅਤੇ ਅੱਤਵਾਦੀ ਸਿੱਖ ਨਹੀਂ ਹੁੰਦੇ, ਪਰ ਆਪਣਾ ਹੱਕ ਜ਼ਰੂਰ ਲੈਂਦੇ ਹਨ। ਵਿਦੇਸ਼ਾਂ ਵਿੱਚ ਖਾਲਿਸਤਾਨ ਦੀ ਲਹਿਰ ਆਏ ਦਿਨ ਜ਼ੋਰ ਫੜ ਰਹੀ ਹੈ ਅਤੇ ਸਿੱਖ ਨੌਜਵਾਨ ਸਮੇਂ ਦੇ ਹਾਣੀ ਬਣਦੇ ਹੋਏ ਕੌਮੀ ਆਜ਼ਾਦੀ ਦੇ ਇਸ ਪਾਕ ਪਵਿੱਤਰ ਕਾਰਜ ਦਾ ਵੱਡੀ ਪੱਧਰ 'ਤੇ ਪ੍ਰਚਾਰ ਕਰ ਰਹੇ ਹਨ ਜੋ ਕਿ ਦੁਨੀਆ ਭਰ ਦੇ ਹਰ ਇਨਸਾਨ ਦਾ ਮੁੱਢਲਾ ਹੱਕ ਹੈ। ਇਸ ਹੱਕ ਤੋਂ ਕਿਸੇ ਨੂੰ ਵਾਂਝਾ ਨਹੀਂ ਰੱਖਿਆ ਜਾ ਸਕਦਾ। ਇਹ ਸਾਰਾ ਵਰਤਾਰਾ ਭਾਰਤ ਦੀ ਹਿੰਦੂਤਵੀ ਲਾਬੀ ਵਲੋਂ ਵਿਦੇਸ਼ੀ ਸਰਕਾਰ ਕੋਲ ਕੀਤੀਆਂ ਮੁਖਬਰੀਆਂ ਅਤੇ ਗਲਤ ਜਾਣਕਾਰੀ ਨਾਲ ਵਾਪਰ ਰਿਹਾ ਹੈ ਪਰ ਭਾਰਤ ਸਰਕਾਰ ਅਜਿਹੇ ਕੋਝੇ ਯਤਨਾਂ ਨਾਲ ਖਾਲਿਸਤਾਨ ਦੇ ਸੰਘਰਸ਼ ਨੂੰ ਖਤਮ ਨਹੀਂ ਕਰ ਸਕੇਗੀ ਕਿਉਂਕਿ ਇਹ ਹੱਕ-ਸੱਚ, ਇਨਸਾਫ ਅਤੇ ਧਰਮ 'ਤੇ ਅਧਾਰਿਤ ਹੈ ਅਤੇ ਇਸ ਦੀ ਸਿਰਜਣਾ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਲਾਸਾਨੀ ਸ਼ਹਾਦਤ ਨਾਲ ਹੋਈ ਹੈ। ਕੈਪਟਨ, ਸੁਖਬੀਰ ਅਤੇ ਚੀਮੇ ਵਰਗੇ ਸਿਆਸੀ ਬਟੇਰਿਆਂ ਨੂੰ ਯਾਦ ਰੱਖਣ ਦੀ ਲੋੜ ਹੈ ਕਿ ਉਹ ਖਾਲਿਸਤਾਨ ਦੇ ਸੰਘਰਸ਼ ਨੂੰ ਰੋਕਣ ਦੀ ਔਕਾਤ ਨਹੀਂ ਰੱਖਦੇ।

# Sir Speedy Tustin
*Printers to the Community*




**Outdoor 3'x11' Promo Flag**
**Only $29/-**
Pole & Spike $55/-

**GURU NANAK SIKH TEMPLE** FAIRFIELD Visit Our Website: www.FairfieldGurudwara.com

**Outdoor 3'x6' Durable Banner**
All weather, durable to sunlight, rain and wear & tear. Text only.
**Only $69/-**

**Receipt Books**
Customized with your information and design. 2 part carbonless with numbering and perforation.
**Call for Price**




**Retractable 33"x 80" Banner**
Includes stand and carry bag. Hi-res imaging, durable and Brilliant colors!
**Only $225/-**

OPEN 24 HOURS | OPEN HOUSE! Welcome Century 21 Call Toll Free: 855 360-HOME

**All Weather 18"x24" Yard Signs**
Includes H-stakes. Single sided, durable to sunlight and rain. Reusable!
**$49/- for 4**




**11" Printed Balloons**
Printed with your logo and info. One color, one location. Min. qty 1000
**19¢ each**




White T-Shirts, 1 color screen printing in 1 position. Min Qty. 100

**Your Printed T-Shirts**
**Only $4.99**




1 color in 1 position. Min Qty. 100

**Your Printed Caps**
**Only $4.99**

DAILY TRIP ENVELOPE

**Trip Envelopes** Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin



Jagjit Singh Bains

**CUSTOMIZED SWEET BOXES**

*South Asian Wedding Cards*

CALL NOW

## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਵੱਲੋਂ ਸ਼ਹੀਦ ਭਾਈ ਮਨੀ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

ਦੇ ਜੀਵਨ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦਾਂ ਨੂੰ ਸਮਰਪਿਤ 'ਮੈਦਾਨ-ਏ-ਜੰਗ' ਟਾਈਟਲ ਹੇਠ ਕਰਵਾਏ ਗੱਤਕੇ ਦੇ ਮੁਕਾਬਲਿਆਂ 'ਚ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ ਤੇ ਸ. ਗੁਰਦੇਵ ਸਿੰਘ ਕੰਗ ਸਾਬਕਾ ਪ੍ਰਧਾਨ ਦੀ ਅਗਵਾਈ ਹੇਠ ਪਹੁੰਚ ਕੇ ਗੱਤਕੇ ਦੇ ਜੌਹਰ ਦਿਖਾਉਣ ਵਾਲੇ ਨੌਜਵਾਨਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ।

ਸੰਗਤਾਂ ਨੇ ਇਹ ਵਿਸ਼ੇਸ਼ ਪ੍ਰੋਗਰਾਮ ਕਰਨ 'ਤੇ ਗੁਰੂ ਘਰ ਦੀ ਕਮੇਟੀ ਦੀ ਭਰਪੂਰ ਸ਼ਲਾਘਾ ਕਰਦਿਆਂ ਜਿੱਥੇ ਕਥਾ-ਕੀਰਤਨ ਦਾ ਆਨੰਦ ਮਾਣਿਆ, ਉਥੇ ਗੱਤਕੇ ਦੇ ਜੌਹਰ ਵੇਖਦਿਆਂ ਭਰਪੂਰ ਖ਼ੁਸ਼ੀ ਮਹਿਸੂਸ ਕੀਤੀ।

ਸੰਗਤਾਂ ਨੇ ਗੁਰੂ ਘਰ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਦੇ ਹੈੱਡ ਗਰੰਥੀ ਭਾਈ ਭੁਪਿੰਦਰ ਸਿੰਘ ਜੀ ਦਾ ਧੰਨਵਾਦ ਕੀਤਾ ਅਤੇ ਅੱਗੇ ਤੋਂ ਵੀ ਇਹੋ ਜਿਹੇ ਪ੍ਰੋਗਰਾਮ ਕਰਨ ਦੀ ਬੇਨਤੀ ਕੀਤੀ।

## ਫਰਿਜ਼ਨੋ ਵਿਖੇ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਸਮਾਗਮ 28 ਜੁਲਾਈ ਨੂੰ

ਦੁਪਿਹਰ 2 ਵਜੇ ਤੋਂ 5 ਵਜੇ ਤੱਕ ਹੋਵੇਗਾ। ਮੁਕਾਬਲੇ ਵਿਚ ਭਾਗ ਲੈਣ ਦੇ ਚਾਹਵਾਨ ਪਹਿਲਾਂ ਆਪਣੀ ਰਜਿਸਟ੍ਰੇਸ਼ਨ ਕਰਵਾ ਲੈਣ। ਰਜਿਸਟਰੇਸ਼ਨ ਲਈ ਸਪੀਚ ਕੰਪੀਟੀਸ਼ਨ ਸਬਜੈਕਟ ਲਿਖ ਕੇ ਈਮੇਲ ਐਡਰੈਸ IAHForum@Gmail.com 'ਤੇ ਆਪਣਾ ਨਾਮ, ਗਰੁੱਪ ਅਤੇ ਸੰਪਰਕ ਜਾਣਕਾਰੀ ਭੇਜੀ ਜਾਵੇ। ਇਸ ਦੌਰਾਨ ਚਾਹ ਅਤੇ ਸਨੈਕਸ ਦਾ ਪ੍ਰਬੰਧ ਹੋਵੇਗਾ। ਸ਼ਹੀਦੀ ਸਮਾਗਮ ਵਿਚ ਉਚ ਕੋਟੀ ਦੇ ਬੁਲਾਰੇ ਆਪਣੇ ਵਿਚਾਰ ਰੱਖਣਗੇ ਤੇ ਗੀਤ ਸੰਗੀਤ ਵੀ ਹੋਵੇਗਾ।

## ਪੰਜਾਬ ਦੀ ਤਬਾਹੀ ਰੋਕਣ ਲਈ ਸਾਂਝੇ ਯਤਨਾਂ ਦੀ ਲੋੜ : ਬਲਤੇਜ ਪਨੂੰ

ਸ਼ਿਕਵੇ ਲਾਂਭੇ ਰੱਖ ਕੇ ਸਾਂਝੇ ਹੰਭਲੇ ਮਾਰਨ ਦਾ ਸੱਦਾ ਦਿੱਤਾ।

ਸਿੰਘ ਸਭਾ ਮਿਲਪੀਟਸ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਰਵਾਏ ਸੈਮੀਨਾਰ 'ਚ ਸੰਗਤਾਂ ਦਾ ਹੁੰਗਾਰਾ ਇੰਨਾ ਭਰਵਾਂ ਸੀ ਕਿ ਸੈਮੀਨਾਰ ਹਾਲ ਖਚਾਖਚ ਭਰਿਆ ਹੋਣ ਦੇ ਨਾਲ-ਨਾਲ ਲੋਕ ਬਾਹਰ ਵੀ ਖੜ੍ਹੇ ਸਨ। ਇਸ ਮੌਕੇ ਹਾਜ਼ਰ ਸ਼ਖ਼ਸ਼ੀਅਤਾਂ ਵਿੱਚ ਉੱਘੇ ਸਿੱਖ ਆਗੂ ਭਾਈ ਜਸਵਿੰਦਰ ਸਿੰਘ ਜੰਡੀ, ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾ. ਪ੍ਰਿਤਪਾਲ ਸਿੰਘ, ਜਸਵੰਤ ਸਿੰਘ ਹੋਠੀ, ਜਸਜੀਤ ਸਿੰਘ, ਅਜਮੇਰ ਸਿੰਘ ਬਿੱਟੂ ਨਿੱਜਰ, ਪ੍ਰੋ. ਬਲਵਿੰਦਰਪਾਲ ਸਿੰਘ ਲਾਲੀ ਧਨੋਆ ਅਤੇ ਹੋਰ ਸ਼ਾਮਲ ਸਨ।

ਇਨ੍ਹੀਂ ਦਿਨ੍ਹੀਂ ਕਨੇਡਾ ਆਏ ਹੋਏ ਬਲਤੇਜ ਪਨੂੰ, ਜਿਹੜੇ ਪੰਜਾਬੀ ਰੇਡੀਓ ਯੂਐੱਸਏ. ਦੀ ਪੱਤਰਕਾਰ ਟੀਮ ਦੇ ਸੀਨੀਅਰ ਮੈਂਬਰ ਹਨ, ਨੇ ਕੈਲੀਫੋਰਨੀਆ ਦੇ ਆਪਣੇ ਸੰਖੇਪ ਜਿਹੇ ਦੌਰੇ ਦੌਰਾਨ ਸੈਕਰਾਮੈਂਟੋ ਅਤੇ ਫਰਿਜ਼ਨੋ ਵਿਖੇ ਵੀ ਦੋ ਦਿਨ ਵੱਖ ਵੱਖ ਸੈਮੀਨਾਰਾਂ ਨੂੰ ਸੰਬੋਧਨ ਕੀਤਾ।

ਪੰਜਾਬ ਅਤੇ ਪੰਜਾਬੀਅਤ ਨੂੰ ਦਰਪੇਸ਼ ਗੰਭੀਰ ਖਤਰਿਆਂ ਬਾਰੇ ਫਿਕਰਮੰਦ ਅਤੇ ਚੇਤੰਨ ਪੰਜਾਬੀ ਸਭਨੀਂ ਥਾਈਂ ਪਨੂੰ ਦੇ ਵਿਚਾਰ ਸੁਨਣ ਲਈ ਆਪਣੇ ਜ਼ਰੂਰੀ ਕੰਮ ਕਾਜ ਛੱਡ ਕੇ ਵੱਡੀ ਗਿਣਤੀ ਵਿੱਚ ਪੁੱਜੇ। ਇਨ੍ਹਾਂ ਸਾਰੇ ਪ੍ਰੋਗਰਾਮਾਂ ਨੂੰ ਉਲੀਕਣ ਅਤੇ ਸਫ਼ਲ ਬਣਾਉਣ ਲਈ ਪੰਜਾਬੀ ਰੇਡੀਓ ਯੂਐੱਸਏ. ਅਤੇ ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਫਰਿਜ਼ਨੋ ਦੀ ਸਮੁੱਚੀ ਟੀਮ ਨੇ ਸਰਗਰਮ ਭੂਮਿਕਾ ਨਿਭਾਈ।

## ਜਾਂਚ-ਅਦਾਲਤਾਂ, ਸਿਆਸਤ ਅਤੇ ਸਿੱਖ

ਵਿਚ ਸੀਬੀਆਈ ਬਾਦਲਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿਉਂਕਿ ਬਾਦਲ ਸੌਦਾ ਸਾਧ ਨੂੰ ਮਾਫੀ ਦਿਵਾਉਣ ਲਈ ਜ਼ਿੰਮੇਵਾਰ ਸਨ। ਇਸ ਮਾਮਲੇ ਵਿਚ ਇਹ ਕਾਂਗਰਸੀ ਅਤੇ ਬਾਦਲ ਦਰਅਸਲ 'ਮੌਸੇਰੇ ਭਾਈ' ਹੀ ਹਨ ਕਿਉਂਕਿ ਸੁਖਜਿੰਦਰ ਸਿੰਘ ਰੰਧਾਵਾ ਸਮੇਤ ਸਾਰੇ ਕਾਂਗਰਸੀਆਂ ਨੇ ਇਸ ਮਾਮਲੇ ਦਾ ਕੋਈ ਜ਼ਿਕਰ ਨਹੀਂ ਕੀਤਾ ਕਿ ਜਦੋਂ ਪੰਜਾਬ ਸਰਕਾਰ ਨੇ ਬੇਅਦਬੀ ਮਾਮਲਿਆਂ ਦੀ ਜਾਂਚ ਸੀਬੀਆਈ ਕੋਲੋਂ ਵਾਪਸ ਮੰਗੀ ਸੀ ਤਾਂ ਫਿਰ ਇਹ ਜਾਂਚ ਵਾਪਸ ਕਿਉਂ ਨਹੀਂ ਆਈ ਤੇ ਇਸ ਉੱਤੇ ਉਨ੍ਹਾਂ ਦੀ ਸਰਕਾਰ ਨੇ ਕੋਈ ਕਾਰਵਾਈ ਕਿਉਂ ਨਹੀਂ ਕੀਤੀ ?

ਸਿਰਫ ਇੰਨਾ ਹੀ ਨਹੀਂ ਇਨ੍ਹਾਂ ਆਗੂਆਂ ਨੂੰ ਸ਼ਾਇਦ ਇਹ ਲੱਗਦਾ ਹੈ ਕਿ ਬਾਦਲਾਂ ਦੀ ਨਿਖੇਧੀ ਕਰਨ ਨਾਲ ਉਨ੍ਹਾਂ ਦਾ ਆਪਣਾ ਝੂਠ ਵੀ ਸੱਚ ਬਣ ਕੇ ਲੋਕਾਂ ਤਕ ਚਲਿਆ ਜਾਵੇਗਾ।

ਹਕੀਕਤ ਇਹ ਹੈ ਕਿ ਕੋਟਕਪੂਰਾ ਤੇ ਬਹਿਬਲ ਕਲਾਂ ਪੁਲਿਸ ਗੋਲੀਬਾਰੀ ਦੇ ਮਾਮਲੇ ਕਦੀ ਵੀ ਸੀਬੀਆਈ ਨੂੰ ਜਾਂਚ ਕਰਨ ਲਈ ਸੌਂਪੇ ਹੀ ਨਹੀਂ ਸਨ ਗਏ ਅਤੇ ਬਰਗਾੜੀ ਬੇਅਦਬੀ ਨਾਲ ਜੁੜੇ ਜਿਹੜੇ ਤਿੰਨ ਮਾਮਲੇ ਸੀਬੀਆਈ ਨੂੰ ਸੌਂਪੇ ਗਏ ਸਨ, ਉਹ ਪੰਜਾਬ ਸਰਕਾਰ ਦੇ ਵਾਪਸ ਮੰਗਣ ਦੇ ਬਾਵਜੂਦ ਵਾਪਸ ਨਹੀਂ ਕੀਤੇ ਗਏ, ਸਗੋਂ ਸੀਬੀਆਈ ਨੇ ਇਨ੍ਹਾਂ ਮਾਮਲਿਆਂ ਨੂੰ ਬੰਦ ਕਰਨ ਲਈ ਅਦਾਲਤ ਵਿਚ ਅਰਜ਼ੀ ਵੀ ਦਾਖਲ ਕਰ ਦਿੱਤੀ ਹੈ। ਇਸ ਕਾਰਵਾਈ ਨਾਲ ਪੰਜਾਬ ਸਰਕਾਰ, ਪੰਜਾਬ ਦੇ ਮੁੱਖ ਮੰਤਰੀ ਤੇ ਪੰਜਾਬ ਦੇ ਮੰਤਰੀਆਂ, ਜਿਨ੍ਹਾਂ ਵਲੋਂ ਬੇਅਦਬੀ ਮਾਮਲਿਆਂ ਵਿਚ ਕਾਰਵਾਈ ਕਰਨ ਬਾਰੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਸਨ, ਦਾ ਪਾਜ ਉਘੇੜ ਦਿੱਤਾ ਹੈ ਕਿ ਇਸ ਮਾਮਲੇ ਵਿਚ ਕਾਰਵਾਈ ਕਰਵਾ ਸਕਣ ਦੀ, ਉਨ੍ਹਾਂ ਵਿਚ ਕਿੰਨੀ ਕੁ ਸਮਰੱਥਾ ਹੈ। ਸਿੱਖਾਂ ਨੂੰ ਬੇਅਦਬੀ ਮਾਮਲਿਆਂ ਵਿਚ ਭਾਰਤੀ ਅਦਾਲਤਾਂ ਤੋਂ ਠੋਸ ਅਤੇ ਬਣਦੀ ਕਾਰਵਾਈ ਦੀ ਉਮੀਦ ਹੀ ਨਹੀਂ ਸੀ। ਭਾਰਤੀ ਕਾਨੂੰਨ ਦੀਆਂ ਮੱਦਾਂ ਤਹਿਤ ਦਿੱਤੀ ਜਾ ਸਕਣ ਵਾਲੀ ਸਜ਼ਾ ਵੀ ਇਸ ਘੋਰ ਪਾਪ ਦਾ ਦੰਡ ਬਣਨ ਯੋਗ ਨਹੀਂ ਹੈ ਪਰ ਸੀਬੀਆਈ ਦੀ ਇਹ ਮਾਮਲੇ ਹੀ ਬੰਦ ਕਰ ਦੇਣ ਲਈ ਅਦਾਲਤ ਨੂੰ ਕਹਿਣ ਵਾਲੀ ਕਾਰਵਾਈ ਤੋਂ ਬਾਅਦ ਹੁਣ ਇਸ ਬਾਰੇ ਬੋਲ ਕੇ ਦੱਸਣ ਦੀ ਲੋੜ ਵੀ ਨਹੀਂ ਰਹਿ ਗਈ।

ਇਸ ਮਾਮਲੇ ਵਿਚ ਸਿੱਖ ਆਗੂਆਂ ਦੀ ਕਾਰਵਾਈ ਵੀ ਸਵਾਲਾਂ ਦੇ ਘੇਰੇ ਵਿਚ ਹੈ। ਬਰਗਾੜੀ ਵਾਲੇ ਧਰਨੇ ਨੂੰ ਸਿੱਖ ਸੰਗਤਾਂ ਵੱਲੋਂ ਵੱਡਾ ਹੁੰਗਾਰਾ ਮਿਲਿਆ ਸੀ ਪਰ ਉਸ ਵੇਲੇ ਧਰਨੇ ਨੂੰ ਦੂਜੇ ਪੜਾਅ ਦੇ ਨਾਂ ਹੇਠ ਵੋਟਾਂ ਦੇ ਮੋਰਚੇ ਵਿਚ ਬਦਲ ਲੈਣ ਦੀ ਕੋਸ਼ਿਸ਼ ਕੀਤੀ ਗਈ। ਗੁਰੂ ਸਾਹਿਬ ਦੀ ਬੇਅਦਬੀ ਸਿੱਖ ਲਈ ਅਸਹਿ ਪੀੜ ਹੈ। ਇਸ ਪੀੜ ਨਾਲ ਵਲੂੰਧਰਿਆ ਸਿੱਖ ਮਨ ਲਾਵੇ ਦੇ ਉਬਾਲ ਵਾਂਙ ਪਰਗਟ ਹੁੰਦਾ ਹੈ। ਇਸ ਸਮੁੱਚੀ ਹਾਲਤ ਨੂੰ ਸਿੱਖਾਂ ਦੀ ਅੰਦਰੂਨੀ ਅਤੇ ਬਾਹਰੀ ਹਾਲਤ ਨਾਲ ਜੋੜ ਕੇ ਵੇਖਣ ਦੀ ਲੋੜ ਹੈ। ਇਨ੍ਹਾਂ ਮਾਲਿਆਂ ਵਿਚ ਉੱਠਦੇ ਉਭਾਰਾਂ ਮੌਕੇ ਵੇਖਣ ਵਿਚ ਆਇਆ ਹੈ ਕਿ ਸਿੱਖ ਧਿਰਾਂ ਇਨ੍ਹਾਂ ਉਭਾਰਾਂ ਨੂੰ ਆਪਣੀ ਸਿਆਸੀ ਹੋਂਦ ਬਚਾਉਣ ਜਾਂ ਪ੍ਰਗਟਾਉਣ ਲਈ ਵਰਤਣ ਦੀ ਕੋਸ਼ਿਸ਼ ਕਰਦੀਆਂ ਹਨ। ਸੰਗਤਾਂ ਦੀਆਂ ਭਾਵਨਾਵਾਂ ਨੂੰ ਵਾਰ-ਵਾਰ ਉਬਾਲਾ ਦਿਵਾ ਕੇ ਅਖੀਰ ਅੰਞਾਈ ਜਾਣ ਦਿੱਤਾ ਜਾਂਦਾ ਹੈ। ਅਜਿਹੇ ਮੌਕੇ ਉੱਤੇ ਸਿੱਖ ਸਮਾਜ ਦੇ ਅੰਦਰੂਨੀ ਅਤੇ ਬਾਹਰੀ ਹਾਲਾਤ ਮੁਤਾਬਕ ਮੁੜ ਲੀਹਾਂ-ਤਰਜੀਹਾਂ ਤੇ ਰਣਨੀਤੀ ਵਿਚਾਰਨ ਤੇ ਵਿਓਂਤਣ ਦੀ ਲੋੜ ਹੈ, ਤਾਂ ਹੀ ਇਨ੍ਹਾਂ ਮਾਮਲਿਆਂ ਬਾਰੇ ਕੋਈ ਠੋਸ ਤੇ ਕਾਰਗਰ ਕਦਮ ਚੁੱਕੇ ਜਾ ਸਕਣਗੇ। ਵਾਹਿਗੁਰੂ ਭਲੀ ਕਰੇ।

(ਲੇਖਕ "ਸਿੱਖ ਸਿਆਸਤ" ਵੈਬ ਪੋਰਟਲ ਦੇ ਮੁੱਖ ਸੰਪਾਦਕ ਹਨ)।

## ਪੰਜਾਬ ਦਾ ਪਾਣੀ ਖੋਹਣ ਦੀ ਮੁੜ ਤਿਆਰੀ

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਕ ਅਫਸਰਾਂ ਦੀ ਕਮੇਟੀ ਦਾ ਗਠਨ ਕਰਨ ਦੀ ਕਵਾਇਦ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਆਸ ਜਤਾਈ ਕਿ ਹਰਿਆਣਾ ਸਰਕਾਰ ਵੀ ਉਨ੍ਹਾਂ ਦੀ ਪਾਣੀ ਦੀ ਸਮੱਸਿਆ ਨੂੰ ਸਮਝੇਗੀ। ਪੰਜਾਬ ਦਾ ਸਟੈਂਡ, ਸਿਧਾਂਤ ਤੇ ਬਰਾਬਰਤਾ 'ਤੇ ਆਧਾਰਿਤ ਹੈ। ਖ਼ਦਸ਼ਾ ਹੈ ਕਿ ਪੰਜਾਬ ਵਿੱਚ ਘੱਟਦਾ ਪਾਣੀ ਦਾ ਪੱਧਰ ਸੂਬੇ ਦੇ ਰੇਗਿਸਤਾਨ ਵੱਲ ਵੱਧਣ ਦੀ ਨਿਸ਼ਾਨੀ ਹੈ। ਆਸ ਹੈ ਕਿ ਹਰਿਆਣਾ ਇਸ ਮਜਬੂਰੀ ਨੂੰ ਸਮਝੇਗਾ।

ਦੂਜੇ ਪਾਸੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਬਣਦੇ ਹਿੱਸੇ ਦਾ ਪਾਣੀ ਮਿਲਣ ਦੀ ਪੂਰੀ ਉਮੀਦ ਹੈ। ਖੱਟਰ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਸੁਪਰੀਮ ਕੋਰਟ 'ਤੇ ਪੂਰਾ ਭਰੋਸਾ ਹੈ ਤੇ ਹਰਿਆਣਾ ਨੂੰ ਉਸ ਦਾ ਹੱਕ ਜਲਦੀ ਹੀ ਮਿਲੇਗਾ। ਹਰਿਆਣਾ ਦੇ ਮੰਤਰੀ ਅਨਿਲ ਵਿੱਜ ਨੇ ਕਿਹਾ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਸੁਪਰੀਮ ਕੋਰਟ ਤੋਂ ਉਪਰ ਨਹੀਂ ਹੈ ਤੇ ਇਹ ਫੈਸਲਾ ਲਾਗੂ ਕਰਨਾ ਹੀ ਪਏਗਾ। ਇੱਥੇ ਜ਼ਿਕਰਯੋਗ ਹੈ ਕਿ ਦੇਸ਼ ਵਿਚ ਜ਼ਮੀਨ ਹੇਠਲਾ ਪਾਣੀ ਖ਼ਤਰਨਾਕ ਹੱਦ ਤੱਕ ਹੇਠਾਂ ਜਾ ਰਿਹਾ ਹੈ ਤੇ ਇਸ ਸਬੰਧ ਵਿਚ 1592 ਬਲਾਕਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ, ਉਨ੍ਹਾਂ ਵਿਚ 110 ਪੰਜਾਬ ਦੇ ਹਨ। ਇਹੀ ਵਜ੍ਹਾ ਹੈ ਕਿ ਹੁਣ ਕਿਸਾਨ ਯੂਨੀਅਨਾਂ ਕਈ ਦਹਾਕਿਆਂ ਤੋਂ ਬੰਦ ਹੋਏ ਨਹਿਰੀ ਪਾਣੀ ਦੇ ਸੂਇਆਂ ਤੇ ਹੋਰ ਚੈਨਲਾਂ ਨੂੰ ਮੁੜ ਸੁਰਜੀਤ ਕਰਨ ਦੀ ਆਵਾਜ਼ ਉਠਾ ਰਹੀਆਂ ਹਨ। ਪੰਜਾਬ ਦਾ 27 ਫ਼ੀਸਦ ਹਿੱਸਾ ਹੀ ਨਹਿਰੀ ਪਾਣੀ ਰਾਹੀਂ ਸਿੰਜਿਆ ਜਾਂਦਾ ਹੈ ਅਤੇ ਬਾਕੀ ਦੇ 73 ਫ਼ੀਸਦ ਹਿੱਸੇ ਦੀ ਲੋੜ ਲਗਭੱਗ 14 ਲੱਖ ਟਿਊਬਵੈਲਾਂ ਰਾਹੀਂ ਪੂਰੀ ਹੁੰਦੀ ਹੈ।

### ਪੰਜਾਬ ਦੇ ਪਾਣੀਆਂ ਦੇ ਡਾਕੇ ਦਾ ਇਤਿਹਾਸ-

ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਦਾ ਮੁੱਦਾ ਪੰਜਾਬੀ ਸੂਬੇ ਦੇ ਪੁਨਰਗਠਨ ਜਿੰਨਾ ਹੀ ਪੁਰਾਣਾ ਹੈ। ਐਮਰਜੈਂਸੀ ਦੌਰਾਨ 24 ਮਾਰਚ 1976 ਨੂੰ ਪੰਜਾਬ ਅਤੇ ਹਰਿਆਣਾ ਦਰਮਿਆਨ ਪਾਣੀ ਦੀ ਵੰਡ ਕਰ ਦਿੱਤੀ ਗਈ ਸੀ। ਪੰਜਾਬ ਸਰਕਾਰ ਨੇ 1979 ਵਿਚ ਕੇਂਦਰ ਸਰਕਾਰ ਵੱਲੋਂ ਕੀਤੇ ਨੋਟੀਫਿਕੇਸ਼ਨ ਦੇ ਖ਼ਿਲਾਫ਼ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 78,79 ਅਤੇ 80 ਨੂੰ ਚੁਣੌਤੀ ਦਿੰਦੀ ਪਟੀਸ਼ਨ ਸੁਪਰੀਮ ਕੋਰਟ ਵਿਚ ਦਾਖ਼ਲ ਕੀਤੀ ਪ੍ਰੰਤੂ 31 ਦਸੰਬਰ 1981 ਨੂੰ ਕੇਂਦਰ ਸਰਕਾਰ ਨੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਦਰਮਿਆਨ ਸਮਝੌਤਾ ਕਰਵਾ ਦਿੱਤਾ ਅਤੇ ਸੁਪਰੀਮ ਕੋਰਟ ਤੋਂ ਕੇਸ ਵਾਪਸ ਲੈਣ ਉੱਤੇ ਸਹਿਮਤੀ ਬਣ ਗਈ। ਇਸੇ ਸਮਝੌਤੇ ਤਹਿਤ 8 ਅਪਰੈਲ 1982 ਨੂੰ ਐੱਸਵਾਈਐੱਲ ਨਹਿਰ ਦੇ ਨਿਰਮਾਣ ਦੀ ਸ਼ੁਰੂਆਤ ਕਰਨ ਲਈ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਕਪੂਰੀ ਪਿੰਡ ਆਏ। ਅਕਾਲੀ ਦਲ ਨੇ ਪਾਣੀਆਂ ਦੀ ਵੰਡ ਸਬੰਧੀ ਮੋਰਚਾ ਲਗਾ ਦਿੱਤਾ ਜਿਸ ਨੇ ਬਾਅਦ ਵਿਚ ਧਰਮ ਯੁੱਧ ਦਾ ਰੂਪ ਲੈ ਲਿਆ। ਇਸ ਨਾਲ ਹੀ ਪੰਜਾਬ ਦੇ ਇਤਿਹਾਸ ਦੇ ਇਕ ਹੋਰ ਦਰਦਨਾਕ ਕਾਂਡ ਦੀ ਸ਼ੁਰੂਆਤ ਹੋਈ।

ਸੁਪਰੀਮ ਕੋਰਟ ਨੇ ਪਾਣੀ ਦੇ ਫ਼ੈਸਲੇ ਤੋਂ ਅਲੱਗ ਕਰਕੇ ਐੱਸਵਾਈਐੱਲ ਦੀ ਖੁਦਾਈ ਮੁਕੰਮਲ ਕਰਨ ਦਾ ਫ਼ੈਸਲਾ ਸੁਣਾਇਆ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪਿਛਲੀ ਸਰਕਾਰ ਦੇ ਸਮੇਂ (ਜੂਨ 2004 ਵਿਚ) ਵਿਧਾਨ ਸਭਾ ਨੇ ਸਾਰੇ ਜਲ ਸਮਝੌਤੇ ਰੱਦ ਕਰਨ ਦਾ ਕਾਨੂੰਨ ਪਾਸ ਕੀਤਾ। ਪਰ ਗਲਤੀ ਇਹ ਕੀਤੀ ਕਿ ਜੋ ਪਾਣੀ ਪਹਿਲਾਂ ਜਾ ਰਿਹਾ ਹੈ, ਉਹ ਲਗਾਤਾਰ ਜਾਂਦਾ ਰਹੇਗਾ, ਨਵਾਂ ਪਾਣੀ ਨਹੀਂ ਦਿੱਤਾ ਜਾਵੇਗਾ। ਇਹ ਫੈਸਲਾ ਪੰਜਾਬ ਵਿਰੁੱਧ ਗਿਆ। ਇਸ ਤੋਂ ਕੁਝ ਸਮਾਂ ਬਾਅਦ ਫੈਸਲਾ ਸੁਪਰੀਮ ਕੋਰਟ ਨੇ ਮੁੜ ਪੰਜਾਬ ਦੇ ਖ਼ਿਲਾਫ਼ ਫਤਵਾ ਦੇ ਦਿੱਤਾ। ਤਤਕਾਲੀ ਅਕਾਲੀ-ਭਾਜਪਾ ਸਰਕਾਰ ਨੇ ਐੱਸਵਾਈਐੱਲ ਲਈ ਖ਼ਰੀਦੀ ਜ਼ਮੀਨ ਪੁਰਾਣੇ ਮਾਲਕਾਂ ਨੂੰ ਵਾਪਸ ਕਰਨ ਦਾ ਫ਼ੈਸਲਾ ਕਰਕੇ ਮਾਮਲਾ ਟਾਲਣ ਦੀ ਕੋਸ਼ਿਸ਼ ਕੀਤੀ।

ਇਸ ਤਰ੍ਹਾਂ ਪਾਣੀ ਦਾ ਇਹ ਮਾਮਲਾ ਸੰਵਿਧਾਨਕ ਤਰੀਕੇ ਨਾਲ ਹੱਲ ਕਰਨ ਦੀ ਥਾਂ ਸਿਆਸੀ ਸਵਾਰਥਾਂ ਦੇ ਆਲੇ-ਦੁਆਲੇ ਘੁੰਮ ਰਿਹਾ ਹੈ। ਕੇਂਦਰ ਅਤੇ ਸਬੰਧਿਤ ਰਾਜਾਂ ਵਿਚ ਇਕੋ ਪਾਰਟੀ ਜਾਂ ਭਾਈਵਾਲ ਪਾਰਟੀਆਂ ਦੀਆਂ ਸਰਕਾਰਾਂ ਰਹੀਆਂ ਹਨ ਪਰ ਇਸ ਮੁੱਦੇ ਨੂੰ ਕਦੇ ਵੀ ਸੁਹਿਰਦਤਾ ਨਾਲ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਪਾਣੀ ਉੱਤੇ ਕੇਵਲ ਰਾਇਪੇਰੀਅਨ ਪ੍ਰਾਂਤਾਂ ਦਾ ਹੱਕ ਹੁੰਦਾ ਹੈ। ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਦੇ ਹਿੱਤਾਂ 'ਤੇ ਡਾਕਾ ਵੱਜ ਰਿਹਾ ਹੈ।

ਹੁਣ ਪੰਜਾਬ ਦੇ ਕੁਦਰਤੀ ਸਰੋਤ "ਪਾਣੀ" ਉੱਤੇ ਕੇਂਦਰ ਸਰਕਾਰ ਦੀ ਲਾਲਚੀ ਅੱਖ ਅਤੇ ਲੋਟੂ ਬਿਰਤੀ ਇਕ ਵਾਰ ਫੇਰ ਕਹਿਰਵਾਨ ਹੋਣ ਦਾ ਮਾਹੌਲ ਸਿਰਜਣ ਲੱਗੀ ਹੈ। ਇਸ ਦਾ ਮੁੱਢ ਕਾਗਜ਼ੀ ਤੌਰ 'ਤੇ ਬੰਨ੍ਹਿਆ ਜਾ ਚੁੱਕਾ ਹੈ ਅਤੇ ਭਾਰਤ ਦੇ "ਰਾਸ਼ਟਰੀ ਪ੍ਰੋਜੈਕਟ" ਵਜੋਂ ਇਸ ਹਮਲੇ ਨੂੰ ਸਿਰੇ ਚੜ੍ਹਾਇਆ ਜਾਵੇਗਾ। ਪਿਛਲੇ ਦਿਨੀਂ ਭਾਰਤ ਦੇ ਜਲ ਸਰੋਤਾਂ ਬਾਰੇ ਮੰਤਰੀ ਨਿਤਿਨ ਗਡਕਰੀ ਨੇ ਉੱਤਰ ਪ੍ਰਦੇਸ਼ ਦੇ ਬਾਗਪਤ ਵਿਚ ਕਿਹਾ ਸੀ, "ਯਮੁਨਾ ਦਰਿਆ ਨੂੰ ਸ਼ੁੱਧ ਕਰਨ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਹੁਣ ਤਿੰਨ ਪ੍ਰਾਜੈਕਟਾਂ 'ਤੇ ਕੰਮ ਸ਼ੁਰੂ ਹੋਣ ਨਾਲ ਪਾਣੀ ਦਾ ਵਹਾਅ ਯਮੁਨਾ ਦਰਿਆ ਵੱਲ ਕਰ ਦਿੱਤਾ ਜਾਵੇਗਾ। ਪਾਕਿਸਤਾਨ ਨੂੰ ਜਾ ਰਿਹਾ ਵਾਧੂ ਪਾਣੀ ਰੋਕ ਕੇ ਹਰਿਆਣੇ ਨੂੰ ਦਿੱਤਾ ਜਾਵੇਗਾ।"

ਇਹ ਬਿਆਨ ਪਾਕਿਸਤਾਨ ਖਿਲਾਫ ਨਫਰਤ ਅਤੇ ਭਾਰਤੀ ਦੇਸ਼ ਭਗਤੀ ਦੀ ਆੜ ਵਿਚ ਦਿੱਤਾ ਗਿਆ ਤਾਂ ਕਿ ਪੰਜਾਬ ਵਿਚੋਂ ਇਸ ਦਾ ਕੋਈ ਵਿਰੋਧ ਨਾ ਹੋਵੇ। ਉਂਝ ਵੀ ਭਾਰਤ ਵਿਚ ਦੇਸ਼ ਭਗਤੀ ਦੇ ਨਾਂ 'ਤੇ ਜ਼ੁਲਮ ਕਰਨ ਦਾ ਸਰਕਾਰੀ ਲਾਇਸੈਂਸ ਮਿਲ ਜਾਂਦਾ ਹੈ ਅਤੇ ਜੇ ਕੋਈ ਇਸ ਜ਼ੁਲਮ ਦਾ ਵਿਰੋਧ ਕਰੇ ਤਾਂ ਉਸ ਨੂੰ ਸਖਤ ਸਜ਼ਾਵਾਂ ਮਿਲਦੀਆਂ ਹਨ। ਅਜਿਹਾ ਹੀ ਕੁਝ ਹੁਣ ਪੰਜਾਬ ਦੇ ਪਾਣੀਆਂ ਦੀ ਨਵੀਂ ਲੁੱਟ ਲਈ ਕੀਤੇ ਜਾ ਰਹੇ ਜੁਗਾੜ ਵਿਚ ਕੀਤਾ ਜਾ ਰਿਹਾ ਹੈ।

ਭਾਰਤ ਸਰਕਾਰ ਰਾਵੀ ਦਰਿਆ ਰਾਹੀਂ ਲਹਿੰਦੇ ਪੰਜਾਬ ਵਿਚ ਜਾਂਦੇ ਪਾਣੀ ਨੂੰ ਰੋਕਣ ਦਾ ਐਲਾਨ ਕਰਕੇ ਤਿੰਨ ਪ੍ਰੋਜੈਕਟਾਂ 'ਤੇ ਕੰਮ ਕਰ ਰਹੀ ਹੈ। ਇਹ ਤਿੰਨ ਪ੍ਰੋਜੈਕਟ ਹਨ- ਸ਼ਾਹਪੁਰ ਕੰਢੀ ਡੈਮ ਪ੍ਰੋਜੈਕਟ (ਪੰਜਾਬ), ਦੂਜਾ ਰਾਵੀ-ਬਿਆਸ ਲਿੰਕ ਪ੍ਰੋਜੈਕਟ, ਉੱਝ ਡੈਮ ਪ੍ਰੋਜੈਕਟ (ਜੰਮੂ ਕਸ਼ਮੀਰ)। ਇਹਨਾਂ ਤਿੰਨਾਂ ਪ੍ਰੋਜੈਕਟਾਂ ਵਿਚੋਂ ਸਭ ਤੋਂ ਵਿਵਾਦਿਤ ਦੂਜਾ ਰਾਵੀ-ਬਿਆਸ ਲਿੰਕ ਪ੍ਰੋਜੈਕਟ ਹੈ ਜਿਸ ਰਾਹੀਂ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਨ ਦੀ ਨਵੀਂ ਵਿਉਂਤਬੰਦੀ ਕੀਤੀ ਗਈ ਹੈ।

ਦੂਜਾ ਰਾਵੀ-ਬਿਆਸ ਲਿੰਕ ਪ੍ਰੋਜੈਕਟ ਹਰਿਆਣਾ ਸਰਕਾਰ ਵਲੋਂ ਸੰਨ 2008 ਵਿਚ ਭਾਰਤ ਸਰਕਾਰ ਸਾਹਮਣੇ ਪੇਸ਼ ਕੀਤਾ ਗਿਆ ਸੀ ਜਿਸ ਨੂੰ ਬਣਾਉਣ 'ਤੇ ਉਸ ਸਮੇਂ 784 ਕਰੋੜ ਰੁਪਏ ਰਕਮ ਖਰਚ ਹੋਣ ਦਾ ਦਾਅਵਾ ਕੀਤਾ ਗਿਆ ਸੀ। ਭਾਰਤ ਸਰਕਾਰ ਨੇ ਹਰਿਆਣਾ ਸਿੰਚਾਈ ਵਿਭਾਗ ਵਲੋਂ ਪੇਸ਼ ਕੀਤੇ ਗਏ ਇਸ ਪ੍ਰੋਜੈਕਟ ਨੂੰ ਬਿਨਾ ਕਿਸੇ ਝਿਜਕ ਤੋਂ ਪ੍ਰਵਾਨਗੀ ਦੇ ਦਿੱਤੀ। ਇਸ ਪ੍ਰੋਜੈਕਟ ਨੂੰ ਭਾਰਤ ਦੇ 14 ਰਾਸ਼ਟਰੀ ਪ੍ਰੋਜੈਕਟਾਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਜਿਹਨਾਂ 'ਤੇ ਕੁੱਲ 53, 200 ਕਰੋੜ ਰੁਪਇਆ ਖਰਚ ਕੀਤਾ ਜਾਣਾ ਸੀ। ਇਸ ਪ੍ਰੋਜੈਕਟ ਰਾਹੀਂ ਪੰਜਾਬ ਦੇ ਰਾਵੀ ਦਰਿਆ ਵਿਚੋਂ ਹਰਿਆਣੇ ਨੂੰ ਪਾਣੀ ਦਿੱਤਾ ਜਾਣਾ ਹੈ। ਰਾਵੀ ਦਰਿਆ ਵਿਚ ਪੈਂਦੀ ਉੱਝ ਨਦੀ ਦਾ ਪਾਣੀ ਉੱਝ ਡੈਮ ਵਿਚ ਰੋਕ ਕੇ ਉਸ ਤੋਂ ਹੇਠਲੇ ਪਾਸੇ ਸੁਰੰਗ ਬਣਾਈ ਜਾਵੇਗੀ ਜਿਸ ਰਾਹੀਂ ਰਾਵੀ ਦਰਿਆ ਦਾ ਪਾਣੀ ਬਿਆਸ ਵਿਚ ਪਾ ਕੇ ਹਰੀ ਕੇ ਪੱਤਣ ਤੋਂ ਹਰਿਆਣੇ ਵਿਚ ਭੇਜਿਆ ਜਾਵੇਗਾ। ਭਾਰਤ ਸਰਕਾਰ ਦੀ ਬਦਨੀਤੀ ਉਸ ਸਮੇਂ ਹੀ ਸਾਹਮਣੇ ਆ ਗਈ ਸੀ ਜਦੋਂ ਸਾਲ 2008 ਵਿਚ ਪੰਜਾਬ ਨੂੰ ਬਿਨਾ ਪੁੱਛੇ ਜਾ ਸੂਚਿਤ ਕੀਤੇ ਭਾਰਤ ਸਰਕਾਰ ਨੇ ਇਸ ਪ੍ਰੋਜੈਕਟ ਨੂੰ ਹਰੀ ਝੰਡੀ ਦੇ ਦਿੱਤੀ ਸੀ, ਜਦਕਿ ਭਾਰਤ ਦੇ ਸੰਵਿਧਾਨ ਮੁਤਾਬਿਕ ਪਾਣੀ 'ਤੇ ਸੂਬਿਆਂ ਦਾ ਹੱਕ ਹੈ ਤੇ ਸੂਬਾ ਸਰਕਾਰ ਦੀ ਮਰਜ਼ੀ ਤੋਂ ਬਿਨਾ ਪਾਣੀਆਂ ਦੀ ਵੰਡ ਸਬੰਧੀ ਕੇਂਦਰ ਸਰਕਾਰ ਕੋਈ ਫੈਸਲਾ ਨਹੀਂ ਕਰ ਸਕਦੀ। ਪਹਿਲਾਂ ਹੀ ਹਰਿਆਣੇ, ਰਾਜਸਥਾਨ ਅਤੇ ਦਿੱਲੀ ਵਲੋਂ ਕੀਤੀ ਜਾਂਦੀ ਪਾਣੀਆਂ ਦੀ ਲੁੱਟ ਦਾ ਸ਼ਿਕਾਰ ਪੰਜਾਬ ਵਲੋਂ ਇਸ ਫੈਸਲੇ 'ਤੇ ਇਤਰਾਜ਼ ਕੀਤਾ ਗਿਆ ਪਰ ਪੰਜਾਬ ਦੀ ਮਾੜੀ ਲੀਡਰਸ਼ਿਪ (ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ) ਪੰਜਾਬ ਦੇ ਹੱਕਾਂ ਲਈ ਡਟ ਕੇ ਨਾ ਖੜ੍ਹ ਸਕੀ ਤੇ ਹੁਣ ਤਕ ਇਸ ਪ੍ਰੋਜੈਕਟ ਦਾ ਕਿਸੇ ਵਲੋਂ ਕੋਈ ਸਖਤ ਵਿਰੋਧ ਨਹੀਂ ਕੀਤਾ ਗਿਆ। ਵਿਰੋਧ ਤੋਂ ਉਲਟ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਭਾਰਤ ਸਰਕਾਰ ਨੂੰ ਇਹਨਾਂ ਪ੍ਰੋਜੈਕਟਾਂ ਨੂੰ ਜਲਦ ਪੂਰਾ ਕਰਨ ਦੀਆਂ ਸਲਾਹਾਂ ਦੇ ਰਹੇ ਹਨ।

### ਵਿਰੋਧੀ ਧਿਰਾਂ ਕੈਪਟਨ ਦੀ ਪਿੱਠ 'ਤੇ

ਪ੍ਰਸਿੱਧ ਸਿੱਖ ਚਿੰਤਕ ਗੁਰਤੇਜ ਸਿੰਘ ਆਈਏਐਸ ਦਾ ਕਹਿਣਾ ਹੈ ਕਿ ਕੈਪਟਨ ਸਰਕਾਰ ਨੂੰ ਪੰਜਾਬ ਦੇ ਪਾਣੀਆਂ ਬਾਰੇ ਨਵਾਂ ਕੇਸ ਪਾਉਣਾ ਚਾਹੀਦਾ ਹੈ ਕਿ ਕੇਂਦਰ ਸਰਕਾਰ ਤੇ ਹਰਿਆਣੇ ਨੇ ਰਾਇਪੇਰੀਅਨ ਕਾਨੂੰਨ ਵਿਰੁੱਧ ਜਾ ਕੇ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਿਆ ਹੈ। ਹਰਿਆਣਾ, ਰਾਜਸਥਾਨ ਰਾਇਪੇਰੀਅਨ ਸੂਬੇ ਨਹੀਂ, ਤਾਂ ਇਹ ਕਿਵੇਂ ਪੰਜਾਬ ਦੇ ਪਾਣੀਆਂ ਦੇ ਅਧਿਕਾਰੀ ਹਨ ? ਕੀ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਕੋਈ ਕਾਨੂੰਨ ਤੇ ਵਿਧਾਨ ਹੈ ? ਸੁਪਰੀਮ ਕੋਰਟ ਨਹਿਰ ਬਣਾਉਣ ਦੀ ਥਾਂ ਇਸ ਬਾਰੇ ਫੈਸਲਾ ਦੇਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ 78, 79, 80 ਧਾਰਾ ਨੂੰ ਚੈਲਿੰਜ ਕਰਨਾ ਚਾਹੀਦਾ ਹੈ, ਜੋ ਪੰਜਾਬੀਆਂ ਦੇ ਪਾਣੀ ਲੁੱਟਣ ਦਾ ਅੰਨਾ ਕਾਨੂੰਨ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਕੇਸ ਇਥੇ ਲੜਨ ਦੀ ਲੋੜ ਹੈ ਨਾ ਕਿ ਇਹ ਕਹੀਏ ਕਿ ਪੰਜਾਬ ਕੋਲ ਪਾਣੀ ਨਹੀਂ ਹੈ। ਜੇ ਹੋਵੇ ਵੀ ਤਾਂ ਪਾਣੀਆਂ ਦਾ ਹੱਕ ਪੰਜਾਬ ਦਾ ਹੈ, ਲੁਟੇਰੀ ਸਟੇਟ ਦਾ ਨਹੀਂ। ਇਸ ਸਬੰਧ ਵਿਚ ਕੈਪਟਨ ਸਰਕਾਰ ਪੰਜਾਬੀਆਂ ਤੇ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਦੀ ਸਾਂਝੀ ਰਾਇ ਬਣਾਉਣ ਵਲ ਕਦਮ ਪੁੱਟੇ। ਇਹ ਵੀ ਪੁਣਛਾਣ ਕਰਨ ਦੀ ਲੋੜ ਹੈ ਕਿ ਹਿਮਾਚਲ ਤੋਂ ਵਗ ਰਿਹਾ ਕਾਨੂੰਨੀ ਪਾਣੀ ਕਿਥੇ ਰੋਕਿਆ ਜਾ ਰਿਹਾ, ਜੋ ਪੰਜਾਬ ਵਿਚ ਨਹੀਂ ਆ ਰਿਹਾ ਤੇ ਪੰਜਾਬ ਦੇ ਦਰਿਆ ਸੁੱਕੇ ਪਏ ਹਨ। ਜੇਕਰ ਅਜਿਹਾ ਹੈ ਤਾਂ ਇਹ ਵੀ ਰਾਇਪੇਰੀਅਨ ਕਾਨੂੰਨ ਦੇ ਉਲਟ ਹੈ ਤੇ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਿਆ ਜਾ ਰਿਹਾ ਹੈ।

## ਪੰਜਾਬ 'ਚ ਜ਼ਿਮਨੀ ਚੋਣਾਂ ਲਈ ਅੰਦਰਖਾਤੇ ਤਿਆਰੀਆਂ

ਹਾਲ ਦੀ ਘੜੀ ਕਾਂਗਰਸ ਤੇ ਅਕਾਲੀ ਉਮੀਦਵਾਰਾਂ ਬਾਰੇ ਅੰਦਰ-ਅੰਦਰ ਤਾਂ ਘੁਸਰ-ਮੁਸਰ ਚੱਲ ਰਹੀ ਹੈ। ਖੁੱਲ੍ਹੇਆਮ ਚਰਚਾ ਸ਼ੁਰੂ ਹੋਣ ਦੀ ਬਜਾਏ ਅਕਾਲੀ ਤੇ ਕਾਂਗਰਸੀ ਇਕ-ਦੂਜੇ ਦੇ ਉਮੀਦਵਾਰ ਬਾਰੇ ਕਨਸੋਆਂ ਲੈਣ ਲੱਗੇ ਹੋਏ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਅਸਤੀਫ਼ਾ ਦੇ ਗਏ ਪ੍ਰਧਾਨ ਸ੍ਰੀ ਸੁਨੀਲ ਜਾਖੜ ਨੂੰ ਵੀ ਉਮੀਦਵਾਰ ਬਣਾਏ ਜਾਣ ਬਾਰੇ ਕਈ ਕਾਂਗਰਸੀ ਹਲਕਿਆਂ 'ਚ ਚਰਚਾ ਹੈ। ਫਗਵਾੜਾ ਹਲਕੇ 'ਚ ਇਸ ਵਾਰ ਕਾਂਗਰਸ ਵਲੋਂ ਸਭ ਤੋਂ ਵਧੇਰੇ ਆਗੂ ਭੱਜ-ਨੱਠ ਕਰ ਰਹੇ ਹਨ। ਸਾਬਕਾ ਮੰਤਰੀ ਸ. ਜੋਗਿੰਦਰ ਸਿੰਘ ਮਾਨ ਤੋਂ ਇਲਾਵਾ ਪੰਜਾਬ ਸਰਕਾਰ 'ਚ ਸੇਵਾ ਨਿਭਾਅ ਰਹੇ ਆਈ.ਏ.ਐੱਸ. ਅਧਿਕਾਰੀ ਸ. ਬਲਵਿੰਦਰ ਸਿੰਘ ਧਾਲੀਵਾਲ, ਜ਼ਿਲ੍ਹਾ ਕਾਂਗਰਸ ਕਪੂਰਥਲਾ ਪ੍ਰਧਾਨ ਬਲਵੀਰ ਰਾਣੀ ਸੋਢੀ, ਸਾਬਕਾ ਵਿਧਾਇਕ ਤੇ ਕੁਝ ਸਮਾਂ ਪਹਿਲਾਂ ਕਾਂਗਰਸ 'ਚ ਸ਼ਾਮਿਲ ਹੋਏ ਸ੍ਰੀ ਮੋਹਨ ਲਾਲ ਬੰਗਾ ਤੋਂ ਇਲਾਵਾ ਦੁਆਬੇ ਦੇ ਉੱਘੇ ਕਾਂਗਰਸ ਆਗੂ ਸ੍ਰੀ ਮਹਿੰਦਰ ਸਿੰਘ ਕੇ.ਪੀ. ਵੀ ਜ਼ੋਰ ਅਜ਼ਮਾਈ ਕਰਨ 'ਚ ਲੱਗੇ ਹੋਏ ਹਨ। ਇਥੋਂ ਭਾਜਪਾ ਦਾ ਉਮੀਦਵਾਰ ਬਣਨ ਲਈ ਵੀ ਕਾਫ਼ੀ ਆਗੂ ਸਰਗਰਮ ਦੱਸੇ ਜਾਂਦੇ ਹਨ। 'ਆਪ' ਦੇ ਐਮ.ਪੀ. ਰਹੇ ਤੇ ਹੁਣ ਭਾਜਪਾ 'ਚ ਸ਼ਾਮਿਲ ਹੋਏ ਸ. ਹਰਿੰਦਰ ਸਿੰਘ ਖ਼ਾਲਸਾ, ਕੇਂਦਰੀ ਰਾਜ ਮੰਤਰੀ ਸ੍ਰੀ ਸੋਮ ਪ੍ਰਕਾਸ਼ ਦੀ ਸੁਪਤਨੀ ਅਨੀਤਾ ਸੋਮ ਪ੍ਰਕਾਸ਼, ਪੰਜਾਬ ਐੱਸ.ਸੀ. ਕਮਿਸ਼ਨ ਦੇ ਸਾਬਕਾ ਚੇਅਰਮੈਨ ਤੇ ਭਾਜਪਾ ਪੰਜਾਬ ਦੇ ਮੀਤ ਪ੍ਰਧਾਨ ਰਾਕੇਸ਼ ਬਾਘਾ ਤੇ ਸਾਂਪਲਾ ਧੜੇ ਦਾ ਕੌਂਸਲਰ ਓਮ ਪ੍ਰਕਾਸ਼ ਬਿੱਟੂ ਵੀ ਮੈਦਾਨ ਵਿਚ ਦੱਸੇ ਜਾਂਦੇ ਹਨ। ਲੋਕ ਇਨਸਾਫ਼ ਪਾਰਟੀ ਵਲੋਂ ਮੁੜ ਜਰਨੈਲ ਨੰਗਲ ਨੂੰ ਉਮੀਦਵਾਰ ਬਣਾਏ ਜਾਣ ਲਈ ਜ਼ੋਰ-ਸ਼ੋਰ ਨਾਲ ਤਿਆਰੀ ਕੀਤੀ ਜਾ ਰਹੀ ਹੈ।

## ਲਾਹੌਰ 'ਚ 31 ਅਗਸਤ ਨੂੰ ਹੋਵੇਗੀ ਕੌਮਾਂਤਰੀ ਸਿੱਖ ਕਨਵੈਨਸ਼ਨ

ਤੇ ਹੈਰੀਟੇਜ ਕਮੇਟੀ ਦੇ ਸਥਾਈ ਮੈਂਬਰ ਵਜੋਂ ਜ਼ਿੰਮੇਵਾਰੀ ਸੌਂਪੀ ਗਈ। ਇਸ ਮੌਕੇ ਸਿੱਖਿਆ ਤੇ ਸਭਿਆਚਾਰ ਦੇ ਸੰਘੀ ਮੰਤਰੀ ਸ਼ਫ਼ਕਤ ਮਹਿਮੂਦ, ਧਾਰਮਿਕ ਮਾਮਲਿਆਂ ਦੇ ਮੰਤਰੀ ਸੱਯਦ ਸਈਦ-ਉਲ-ਹਸਨ ਸ਼ਾਹ, ਪੰਜਾਬ ਦੇ ਸੈਰ-ਸਪਾਟਾ ਮੰਤਰੀ ਯਾਸੀਰ ਹੁਮਾਯੂ, ਚੇਅਰਮੈਨ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਡਾ. ਆਮਿਰ ਅਹਿਮਦ ਸਮੇਤ ਕਮਿਸ਼ਨਰ ਲਾਹੌਰ ਤੇ ਸ੍ਰੀ ਕਰਤਾਰਪੁਰ ਸਾਹਿਬ ਅਤੇ ਸ੍ਰੀ ਨਨਕਾਣਾ ਸਾਹਿਬ ਵਿਖੇ ਚੱਲ ਰਹੀ ਉਸਾਰੀ ਨਾਲ ਸਬੰਧਿਤ ਅਧਿਕਾਰੀਆਂ ਨੇ ਹਿੱਸਾ ਲਿਆ। ਗਵਰਨਰ ਸਰਵਰ ਦੇ ਜਨ ਸੰਪਰਕ ਅਧਿਕਾਰੀ ਪਵਨ ਸਿੰਘ ਅਰੋੜਾ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਚੌਧਰੀ ਸਰਵਰ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਬੰਧ 'ਚ ਸ੍ਰੀ ਨਨਕਾਣਾ ਸਾਹਿਬ ਤੇ ਸ੍ਰੀ ਕਰਤਾਰਪੁਰ ਸਾਹਿਬ 'ਚ ਚੱਲ ਰਹੀਆਂ ਤਿਆਰੀਆਂ ਨੂੰ ਅੰਤਿਮ ਰੂਪ ਦੇਣ ਬਾਰੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਧਾਰਮਿਕ ਸੈਰ-ਸਪਾਟਾ ਤੇ ਹੈਰੀਟੇਜ ਕਮੇਟੀ ਵਲੋਂ ਪ੍ਰਕਾਸ਼ ਪੁਰਬ ਮੌਕੇ ਰੱਖੇ ਸਮਾਗਮਾਂ 'ਚ ਭਾਰਤ ਸਮੇਤ ਸਮੁੱਚੇ ਸਿੱਖ ਭਾਈਚਾਰੇ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣ ਲਈ ਮੁਹਿੰਮ ਚਲਾਉਣ ਦਾ ਵੀ ਫ਼ੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬੈਠਕ 'ਚ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਕੌਮਾਂਤਰੀ ਸਿੱਖ ਕਨਵੈੱਨਸ਼ਨ ਲਾਹੌਰ ਗਵਰਨਰ ਹਾਊਸ ਵਿਖੇ ਆਯੋਜਿਤ ਕੀਤੀ ਜਾਵੇਗੀ।

## ਸੰਸਦ ਮੈਂਬਰਾਂ 'ਤੇ ਨਸਲੀ ਟਿੱਪਣੀ ਕਰ ਕੇ ਕਸੂਤੇ ਘਿਰੇ ਟਰੰਪ

'ਚ ਹੈ। ਮਤੇ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨਸਲੀ ਟਿੱਪਣੀਆਂ ਦੀ ਕਰੜੇ ਸ਼ਬਦਾਂ 'ਚ ਨਿੰਦਾ ਕੀਤੀ ਗਈ। ਮਤੇ 'ਚ ਕਿਹਾ ਗਿਆ ਕਿ ਇਸ ਟਿੱਪਣੀ ਨੇ ਨਵੇਂ ਅਮਰੀਕੀਆਂ ਤੇ ਅਸ਼ਵੇਤ ਲੋਕਾਂ ਪ੍ਰਤੀ ਡਰ ਤੇ ਨਫਰਤ ਨੂੰ ਹੁਲਾਰਾ ਦਿੱਤਾ ਹੈ। ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਥਾਨਕ ਘੱਟ ਗਿਣਤੀ ਭਾਈਚਾਰੇ ਦੀਆਂ ਡੈਮੋਕ੍ਰੇਟਿਕ ਔਰਤ ਸੰਸਦ ਮੈਂਬਰਾਂ 'ਤੇ ਹਮਲਾ ਕਰਦੇ ਹੋਏ ਕਿਹਾ ਸੀ ਕਿ ਜੋ ਅਮਰੀਕਾ ਨਾਲ ਨਫਰਤ ਕਰਦੇ ਹਨ, ਉਨ੍ਹਾਂ ਨੂੰ ਦੇਸ਼ ਛੱਡ ਦੇਣਾ ਚਾਹੀਦਾ ਹੈ। ਟਰੰਪ ਨੇ ਟਵੀਟ ਕਰ ਕੇ ਕਿਹਾ ਸੀ, "ਸਾਡਾ ਦੇਸ਼ ਆਜ਼ਾਦ, ਖ਼ੂਬਸੂਰਤ ਤੇ ਬਹੁਤ ਕਾਮਯਾਬ ਹੈ। ਜੇਕਰ ਤੁਸੀਂ ਸਾਡੇ ਦੇਸ਼ ਤੋਂ ਨਫਰਤ ਕਰਦੇ ਹੋ ਜਾਂ ਤੁਸੀਂ ਇੱਥੇ ਖ਼ੁਸ਼ ਨਹੀਂ ਤਾਂ ਤੁਸੀਂ ਜਾ ਸਕਦੇ ਹੋ। " ਡੈਮੋਕ੍ਰੇਟਿਕ ਸੰਸਦ ਮੈਂਬਰਾਂ ਨੇ ਪਹਿਲਾਂ ਹੀ ਟਰੰਪ ਦੀ ਟਿੱਪਣੀ ਨੂੰ ਨਸਲੀ ਕਰਾਰ ਦਿੱਤਾ ਸੀ।

## ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

## ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
# Punjabi RADIO USA
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies** of Blue Cross in USA.




COVERED CALIFORNIA

- » GUARANTEED COVERAGE
- » NO ANNUAL LIMITS, NO DENIAL FOR PRE-EXISTING CONDITIONS
- » RATES NOT BASED ON HEALTH STATUS
- » AFFORDABLE COVERAGE – PUBLIC OR PRIVATE
- » REQUIRED FOR INDIVIDUALS

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

# 408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

Property Sub-typeIndustrial
**Price $1,400,000**
1963 E DR MARTIN LUTHER KING JR BLVD,
STOCKTON, CA 95205
Size5.77 AC

2081 E Dr Martin Luther King Jr Blvd
8,000 SF Specialty Building
**Offered at $1,700,000**
5.5% Cap Rate in Stockton, CA

2101 East Martin Luther king
Jr Blvd,,Stockton
Truck Repair Shop
**Price 1,800,000**



Ranjit Singh
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit Singh

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com



SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM